@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily
Qaumi Patrika NO.1
ਦਿੱਲੀ, ਹਿਮਾਚਲ, ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਸੇ ਪ੍ਰਸਾਰਿਤ।
Monday, 24 November 2025
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਸੋਮਵਾਰ 24 ਨਵੰਬਰ 2025, 10 ਮੱਘਰ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 20, qpatrika@gmail.com ਫੋਨ : 9971359517 www.qaumipatrika.org

## ਉਪ ਮੁੱਖ ਮੰਤਰੀ ਦੇ ਅਹੁਦੇ ਦੀ ਮੰਗ ਕਰ ਕੇ 'ਲਾਲਚੀ' ਨਜ਼ਰ ਨਹੀਂ ਆਉਣਾ ਚਾਹੁੰਦਾ : ਚਿਰਾਗ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਪਟਨਾ, 23 ਨਵੰਬਰ। ਕੇਂਦਰੀ ਮੰਤਰੀ ਚਿਰਾਗ ਪਾਸਵਾਨ ਨੇ ਕਿਹਾ ਹੈ ਕਿ ਉਹ ਬਿਹਾਰ ਦੇ ਉਪ ਮੁੱਖ ਮੰਤਰੀ ਦੇ ਅਹੁਦੇ ਦੀ ਮੰਗ ਕਰ ਕੇ 'ਲਾਲਚੀ' ਨਜ਼ਰ ਨਹੀਂ ਆਉਣਾ ਚਾਹੁੰਦੇ। ਉਨ੍ਹਾਂ ਨਵੀਂ ਸੂਬਾ ਸਰਕਾਰ 'ਚ ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) ਦੇ 2 ਵਿਧਾਇਕਾਂ ਨੂੰ ਮੰਤਰੀ ਬਣਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ। ਪਟਨਾ 'ਚ ਪਾਰਟੀ ਦੇ ਸੂਬਾ ਦਫ਼ਤਰ 'ਚ ਆਯੋਜਿਤ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਚਿਰਾਗ ਨੇ ਕਿਹਾ ਕਿ ਰਾਸ਼ਟਰੀ ਜਮਹੂਰੀ ਗੱਠਜੋੜ ਦਾ ਸਹਿਯੋਗੀ ਹੋਣ ਦੇ ਨਾਤੇ ਉਹ ਬਿਹਾਰ ਤੋਂ ਬਾਹਰ ਪਾਰਟੀ ਦਾ ਪਸਾਰ ਕਰਨਾ ਚਾਹੁੰਦੇ ਹਨ। ਪੱਛਮੀ ਬੰਗਾਲ, ਪੰਜਾਬ ਤੇ ਉੱਤਰ ਪ੍ਰਦੇਸ਼ ਵਰਗੇ ਸੂਬਿਆਂ 'ਚ ਸੰਗਠਨ ਨੂੰ ਮਜ਼ਬੂਤ ??ਕਰਨ ਦੀ ਯੋਜਨਾ 'ਤੇ ਗੰਭੀਰਤਾ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਇਨ੍ਹਾਂ ਸੂਬਿਆਂ 'ਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਰਾਜਗ ਦੇ ਸਹਿਯੋਗੀ ਵਜੋਂ ਲੜਾਂਗੇ। 2009 ਪਾਰਟੀ ਲਈ ਸਭ ਤੋਂ ਔਖਾ ਸਮਾਂ ਸੀ ਪਰ ਲੋਜਪਾ ਨੇ 2019 ਤੇ 2024 ਦੀਆਂ ਲੋਕ ਸਭਾ ਚੋਣਾਂ 'ਚ ਵਧੀਆ ਪ੍ਰਦਰਸ਼ਨ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀ ਨੇ ਇਸ ਵਾਰ ਵਿਧਾਨ ਸਭਾ ਦੀਆਂ ਚੋਣਾਂ 'ਚ ਵੀ ਮਜ਼ਬੂਤ ??ਮੌਜੂਦਗੀ ਬਣਾਈ। ਉਹ ਆਪਣੇ ਪਿਤਾ ਰਾਮ ਵਿਲਾਸ ਪਾਸਵਾਨ ਦੀ ਮੌਤ ਤੋਂ ਬਾਅਦ ਵੀ ਇਕੱਲੇ ਚੋਣ ਲੜਨ ਦੇ ਆਪਣੇ ਫੈਸਲੇ 'ਤੇ ਕਾਇਮ ਰਹੇ।

## ਪੰਜਾਬ ਦੀ ਸਿਆਸਤ 'ਚ ਹਲਚਲ ! ਮੁੜ ਸਰਗਰਮ ਹੋਣ ਲੱਗੇ ਨਵਜੋਤ ਸਿੰਘ ਸਿੱਧੂ

ਅੰਮ੍ਰਿਤਸਰ 23 ਨਵੰਬਰ। ਪੰਜਾਬ ਦੀ ਰਾਜਨੀਤੀ 'ਚ ਮੁੜ ਨਵੀਂ ਹਲਚਲ ਨਜ਼ਰ ਆਈ। ਸਾਬਕਾ ਕੈਬਨਿਟ ਮੰਤਰੀ ਅਤੇ ਮਸ਼ਹੂਰ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਬੀਤੇ ਦਿਨ ਪਟਿਆਲਾ 'ਚ ਲੋਕਾਂ ਅਤੇ ਕਾਂਗਰਸੀ ਵਰਕਰਾਂ ਨਾਲ ਮਿਲੇ। ਉਨ੍ਹਾਂ ਦੀ ਇਹ ਮੁਲਾਕਾਤ ਸਿਆਸੀ ਹਲਕਿਆਂ 'ਚ ਵੱਡੀ ਚਰਚਾ ਦਾ ਕਾਰਨ ਬਣ ਗਈ ਹੈ। ਇਸ ਨਾਲ ਸਪੱਸ਼ਟ ਹੈ ਕਿ ਸਿੱਧੂ ਜਲਦੀ ਹੀ ਰਾਜਨੀਤਿਕ ਗਤੀਵਿਧੀਆਂ 'ਚ ਮੁੜ ਤਾਕਤ ਨਾਲ ਵਾਪਸੀ ਕਰ ਸਕਦੇ ਹਨ। ਨਵਜੋਤ ਕੌਰ ਸਿੱਧੂ ਪਹਿਲਾਂ ਹੀ ਰਾਜਨੀਤੀ 'ਚ ਸਰਗਰਮ ਹਨ। ਹੁਣ ਨਵਜੋਤ ਸਿੰਘ ਸਿੱਧੂ ਦੀ ਵਧ ਰਹੀ ਸਰਗਰਮੀ ਨੇ ਕਾਂਗਰਸ ਅੰਦਰ ਇਕ ਨਵੀਂ ਉਮੀਦ ਪੈਦਾ ਕੀਤੀ ਹੈ। ਪਾਰਟੀ ਵਰਕਰਾਂ ਦਾ ਕਹਿਣਾ ਹੈ ਕਿ ਜੇ ਸਿੱਧੂ ਮੁੜ ਮੈਦਾਨ 'ਚ ਉਤਰਦੇ ਹਨ ਤਾਂ ਇਹ ਕਾਂਗਰਸ ਦੇ ਹੱਕ 'ਚ ਵੱਡਾ ਫਾਇਦਾ ਹੋ ਸਕਦਾ ਹੈ। ਲੋਕਾਂ ਦੀ ਰਾਏ ਹੈ ਕਿ ਸਿੱਧੂ ਅੱਜ ਵੀ ਪੰਜਾਬ ਦੀ ਰਾਜਨੀਤੀ 'ਚ ਇਕ ਮਜ਼ਬੂਤ ਅਤੇ ਲੋਕਪ੍ਰਿਯ ਚਿਹਰਾ ਹਨ। ਜਿਥੇ ਵੀ ਜਾਂਦੇ ਹਨ, ਲੋਕਾਂ ਦਾ ਸਮਰਥਨ ਆਪਣੇ ਆਪ ਜੁੜ ਜਾਂਦਾ ਹੈ। ਇਸ ਕਰਕੇ ਕਈਆਂ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਮੁੜ ਐਂਟਰੀ ਨਾਲ ਕਾਂਗਰਸ ਨੂੰ ਆਉਣ ਵਾਲੀਆਂ ਚੋਣਾਂ 'ਚ ਵੱਡੀ ਮਜ਼ਬੂਤੀ ਮਿਲ ਸਕਦੀ ਹੈ।

# ਮਾਨ ਸਰਕਾਰ ਨੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਨਾਲ ਜੁੜੇ 142 ਪਿੰਡਾਂ ਦੇ ਵਿਕਾਸ ਲਈ 71 ਕਰੋੜ ਸੌਂਪੇ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਧੂਰੀ 23 ਨਵੰਬਰ। ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੂਰਬ ਨੂੰ ਸਮਰਪਿਤ ਯਤਨਾਂ ਦੇ ਹਿੱਸੇ ਵਜੋਂ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਭਰ ਦੇ 142 ਪਿੰਡਾਂ ਅਤੇ ਕਸਬਿਆਂ ਦੇ ਵਿਕਾਸ ਲਈ ਕੁੱਲ 71 ਕਰੋੜ ਦੇ ਚੈੱਕ ਵੰਡੇ ਜਿਨ੍ਹਾਂ ਨੂੰ ਗੁਰੂ ਸਾਹਿਬ ਜੀ ਦੇ ਚਰਨਾਂ ਦੀ ਛੂਹ ਮਿਲੀ ਸੀ। ਅੱਜ ਇੱਥੇ ਚੈੱਕ ਵੰਡ ਸਮਾਰੋਹ ਦੌਰਾਨ, ਮੁੱਖ ਮੰਤਰੀ ਨੇ ਇਸ ਨੂੰ ਪੰਜਾਬ ਸਰਕਾਰ ਦਾ ਇਕ ਨਿਮਾਣਾ ਜਿਹਾ ਉਪਰਾਲਾ ਦੱਸਿਆ, ਇਹ ਕਹਿੰਦੇ ਹੋਏ ਕਿ ਭਾਵੇਂ ਇਹ ਯਤਨ ਗੁਰੂ ਸਾਹਿਬ ਜੀ ਦੀ ਸ਼ਹਾਦਤ, ਮਹਾਨ ਜੀਵਨ ਅਤੇ ਫਲਸਫੇ ਦੇ ਮੁਕਾਬਲੇ ਮਾਮੂਲੀ ਹਨ, ਪਰ ਪੰਜਾਬ ਸਰਕਾਰ ਗੁਰੂ ਸਾਹਿਬ ਜੀ ਪ੍ਰਤੀ ਸਤਿਕਾਰ ਅਤੇ ਸਤਿਕਾਰ ਦੇ ਪ੍ਰਤੀਕ ਵਜੋਂ ਆਪਣੀ ਜ਼ਿੰਮੇਵਾਰੀ ਨਿਭਾਅ ਰਹੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਗ੍ਰਾਂਟਾਂ ਦੀ ਵਰਤੋਂ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ, ਸੰਗਤ ਲਈ ਸਹੂਲਤਾਂ, ਪਵਿੱਤਰ ਸਥਾਨਾਂ ਨੂੰ ਜਾਣ ਅਤੇ ਜਾਣ ਵਾਲੇ ਰਸਤਿਆਂ ਦੇ ਸੁੰਦਰੀਕਰਨ ਅਤੇ ਇਨ੍ਹਾਂ ਪਿੰਡਾਂ ਅਤੇ ਕਸਬਿਆਂ ਨੂੰ ਲੈਸ ਕਰਨ ਲਈ ਹੋਰ ਜ਼ਰੂਰੀ ਵਿਕਾਸ ਕਾਰਜਾਂ ਲਈ ਕੀਤੀ ਜਾਵੇਗੀ। ਮਾਨ ਨੇ ਕਿਹਾ ਕਿ ਇਹ ਪਹਿਲ ਗੁਰੂ ਸਾਹਿਬ ਜੀ ਦੇ ਪਵਿੱਤਰ ਸਥਾਨਾਂ ਦੀ ਸੰਗਤ ਲਈ ਰੱਖ-ਰਖਾਅ, ਪ੍ਰਸਾਰ ਅਤੇ ਬਿਹਤਰ



ਸਹੂਲਤਾਂ ਵੱਲ ਇੱਕ ਮਹੱਤਵਪੂਰਨ ਅਤੇ ਇਤਿਹਾਸਕ ਕਦਮ ਹੈ। ਅੱਜ ਦੇ ਸਮਾਗਮ ਵਿਚ, ਮਾਲਵਾ, ਦੋਆਬਾ ਅਤੇ ਮਾਝਾ ਖੇਤਰਾਂ ਦੇ ਪਿੰਡਾਂ ਅਤੇ ਕਸਬਿਆਂ ਦੇ ਸਰਪੰਚਾਂ, ਕੌਂਸਲਰਾਂ ਅਤੇ ਹੋਰ ਚੁਣੇ ਹੋਏ ਜਨਤਕ ਪ੍ਰਤੀਨਿਧੀਆਂ ਨੂੰ ਚੈੱਕ ਸੌਂਪੇ ਗਏ ਉਨ੍ਹਾਂ ਕਿਹਾ ਕਿ ਨੌਵੇਂ ਸਿੱਖ ਗੁਰੂ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਮਨਾਉਣਾ ਸਾਡੇ ਸਾਰਿਆਂ ਲਈ ਇਕ ਇਤਿਹਾਸਕ ਪਲ ਹੈ। ਗੁਰੂ ਜੀ ਨੇ ਮਨੁੱਖਤਾ ਦੀ ਰੱਖਿਆ ਲਈ ਇਕ ਬੇਮਿਸਾਲ ਕੁਰਬਾਨੀ ਦਿੱਤੀ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਆਪਣੇ ਜੀਵਨ ਵਿਚ ਇਨ੍ਹਾਂ ਮਹਾਨ ਸਮਾਗਮਾਂ ਦਾ ਹਿੱਸਾ ਬਣਨ ਲਈ ਭਾਗਸ਼ਾਲੀ ਹਾਂ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਕਾਲ ਪੁਰਖ ਨੇ ਇਸ ਨੇਕ ਕਾਰਜ ਵਿੱਚ ਸੇਵਾ ਕਰਨ ਲਈ ਪੰਜਾਬ ਸਰਕਾਰ 'ਤੇ ਅਪਾਰ ਬਖਸ਼ਿਸ਼ਾਂ ਕੀਤੀਆਂ ਹਨ, ਅਤੇ ਸਰਕਾਰ ਇਸ ਨੇਕ ਯਤਨ ਵਿੱਚ ਕੋਈ ਕਸਰ ਨਹੀਂ ਛੱਡੇਗੀ। ਮੁੱਖ ਮੰਤਰੀ ਨੇ ਲੋਕਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਮਨੁੱਖਤਾ ਲਈ ਦਿਖਾਏ ਮਾਰਗ 'ਤੇ ਚੱਲਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਪਵਿੱਤਰ ਮੌਕੇ ਨੂੰ ਸ਼ਰਧਾ ਨਾਲ ਮਨਾਉਣ ਲਈ ਵਚਨਬੱਧ ਹੈ। ਭਗਵੰਤ ਸਿੰਘ ਮਾਨ ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਜੀ

## ਚੰਡੀਗੜ੍ਹ ਦੇ ਮੁੱਦੇ 'ਤੇ ਗਰਮਾਈ ਪੰਜਾਬ ਦੀ ਸਿਆਸਤ, ਅਕਾਲੀ ਦਲ ਨੇ ਸੱਦ ਲਈ ਐਮਰਜੈਂਸੀ ਬੈਠਕ

ਚੰਡੀਗੜ੍ਹ 23 ਨਵੰਬਰ। ਚੰਡੀਗੜ੍ਹ ਨੂੰ ਲੈ ਕੇ ਸੰਸਦ ਦੇ ਸਰਦ ਰੁੱਤ ਸੈਸ਼ਨ 'ਚ ਕੇਂਦਰ ਵਲੋਂ ਲਿਆਂਦੇ ਜਾ ਰਹੇ ਸੰਵਿਧਾਨ (131ਵੇਂ ਸੋਧ) ਬਿੱਲ ਨੂੰ ਲੈ ਕੇ ਪੂਰੇ ਪੰਜਾਬ ਦੀ ਸਿਆਸਤ ਗਰਮਾ ਗਈ ਹੈ। ਕੇਂਦਰ ਦੇ ਪੰਜਾਬ ਵਿਰੋਧੀ ਇਸ ਕਦਮ ਦੀ ਅਕਾਲੀ ਦਲ ਵਲੋਂ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ ਗਈ ਹੈ। ਇਸ ਦੇ ਮੱਦੇਨਜ਼ਰ ਅਕਾਲੀ ਦਲ ਵਲੋਂ 24 ਨਵੰਬਰ ਦਿਨ ਸੋਮਵਾਰ ਨੂੰ ਦੁਪਹਿਰ 2 ਵਜੇ ਪਾਰਟੀ ਦੇ ਮੁੱਖ ਦਫ਼ਤਰ ਵਿਖੇ ਕੋਰ ਕਮੇਟੀ ਦੀ ਐਮਰਜੈਂਸੀ ਮੀਟਿੰਗ ਸੱਦੀ ਗਈ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਪੰਜਾਬ ਦੇ ਹੱਕਾਂ 'ਤੇ ਸਿੱਧਾ ਹਮਲਾ ਕਰਨ ਵਾਲੇ ਅਤੇ ਚੰਡੀਗੜ੍ਹ 'ਤੇ ਪੰਜਾਬ ਦੇ ਹੱਕ ਨੂੰ ਖ਼ਤਮ ਕਰਨ ਲਈ ਲਿਆਂਦੇ ਜਾ ਰਹੇ ਪੰਜਾਬ ਵਿਰੋਧੀ ਸੰਵਿਧਾਨ (131ਵੇਂ ਸੋਧ) ਬਿੱਲ ਦੇ ਖ਼?ਲਾਫ਼ ਫ਼ੈਸਲਾਕੁੰਨ ਤਿਆਰੀ ਲਈ ਅਕਾਲੀ ਦਲ ਵਲੋਂ ਐਮਰਜੈਂਸੀ ਮੀਟਿੰਗ ਬੁਲਾਈ ਗਈ ਹੈ। ਉਨ੍ਹਾਂ ਕਿਹਾ ਕਿ ਮੈਂ ਪੰਜਾਬ ਦੇ ਲੋਕਾਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਇਹ ਪੰਜਾਬ ਵਿਰੋਧੀ ਸੋਧ ਬਿੱਲ ਅਤੇ ਕੇਂਦਰ ਵਲੋਂ ਫੈਡਰਲ ਢਾਂਚੇ 'ਤੇ ਕੀਤੇ ਜਾ ਰਹੇ ਸਿੱਧੇ ਹਮਲੇ ਦਾ ਸ਼?ਰੋਮਣੀ ਅਕਾਲੀ ਦਲ ਵਲੋਂ ਹਰ ਪੱਧਰ 'ਤੇ ਡੱਟ ਕੇ ਮੁਕਾਬਲਾ ਕੀਤਾ ਜਾਵੇਗਾ

## 'ਨਸ਼ੇ ਤੇ ਅੱਤਵਾਦ ਦੇ ਖਤਰਨਾਕ ਗੱਠਜੋੜ ਖ਼ਿਲਾਫ਼ ਖੜ੍ਹੇ ਹੋਣਾ ਜ਼ਰੂਰੀ': ਪ੍ਰਧਾਨ ਮੰਤਰੀ ਮੋਦੀ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਇੰਟਰਨੈਸ਼ਨਲ ਡੈਸਕ 23 ਨਵੰਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਸਮੇਂ ਦੱਖਣੀ ਅਫਰੀਕਾ ਦੇ ਕੇਪਟਾਊਨ ਪਹੁੰਚੇ ਹੋਏ ਹਨ, ਜਿੱਥੇ ਸ਼ਨੀਵਾਰ ਨੂੰ ਜੀ-20 ਨੇਤਾਵਾਂ ਦੀ ਮੀਟਿੰਗ ਦੇ ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਨਸ਼ੇ ਤੇ ਅੱਤਵਾਦ ਦੇ ਖਤਰਨਾਕ ਗੱਠਜੋੜ ਖ਼?ਲਾਫ਼ ਡਟ ਕੇ ਖੜ੍ਹੇ ਹੋਣਾ ਬੇਹੱਦ ਜ਼ਰੂਰੀ ਹੈ। ਇਸ ਮਗਰੋਂ ਮੋਦੀ ਨੇ ਗਲੋਬਲ ਵਿਕਾਸ ਦੇ ਮੁੱਦੇ 'ਤੇ ਡੂੰਘਾਈ ਨਾਲ ਮੁੜ ਵਿਚਾਰ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਡਰੱਗਜ਼-ਅੱਤਵਾਦ ਗਠਜੋੜ ਦਾ ਮੁਕਾਬਲਾ ਕਰਨ ਲਈ ਜੀ-20 ਪਹਿਲਕਦਮੀ ਤੇ ਗਲੋਬਲ ਹੈਲਥਕੇਅਰ ਰਿਸਪਾਂਸ ਟੀਮ ਬਣਾਉਣ ਦਾ ਪ੍ਰਸਤਾਵ ਰੱਖਿਆ। ਉਨ੍ਹਾਂ ਕਿਹਾ ਕਿ ਹੁਣ ਸਾਡੇ ਲਈ ਆਪਣੇ ਵਿਕਾਸ ਢਾਂਚੇ 'ਤੇ ਮੁੜ ਵਿਚਾਰ ਕਰਨ ਤੇ ਸਮਾਵੇਸ਼ੀ ਤੇ ਟਿਕਾਊ ਵਿਕਾਸ 'ਤੇ ਧਿਆਨ ਕੇਂਦ੍ਰਿਤ ਕਰਨ ਦਾ ਸਹੀ ਸਮਾਂ ਹੈ। ਜੋਹਾਨਸਬਰਗ 'ਚ ਜੀ-20 ਸੰਮੇਲਨ ਦੌਰਾਨ ਇਟਲੀ ਦੀ ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ ਤੇ ਦੁਨੀਆ ਦੇ ਕਈ ਨੇਤਾਵਾਂ ਨਾਲ ਉਨ੍ਹਾਂ ਮੁਲਾਕਾਤ ਕੀਤੀ। ਬ੍ਰਾਜ਼ੀਲ ਦੇ ਰਾਸ਼ਟਰਪਤੀ ਡਾ. ਸਿਲਵਾ ਨੂੰ ਉਨ੍ਹਾਂ ਗਲੇ ਲਾਇਆ। ਉਨ੍ਹਾਂ ਕਿਹਾ ਕਿ ਮੈਂ ਸਰਵਪੱਖੀ ਵਿਕਾਸ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਕੁਝ ਕਾਰਜ ਯੋਜਨਾਵਾਂ ਪੇਸ਼ ਕੀਤੀਆਂ ਹਨ, ਉਨ੍ਹਾਂ 'ਚੋਂ ਪਹਿਲੀ ਹੈ ਜੀ-20 ਕੌਮਾਂਤਰੀ ਰਵਾਇਤੀ ਗਿਆਨ ਦੇ ਦੀ ਸਿਰਜਣਾ। ਇਸ ਸਬੰਧੀ ਭਾਰਤ ਦਾ ਇਕ ਅਮੀਰ ਇਤਿਹਾਸ ਹੈ। ਇਹ ਸਾਨੂੰ ਬਿਹਤਰ ਸਿਹਤ ਤੇ ਤੰਦਰੁਸਤੀ ਲਈ ਸਾਡੇ ਸਮੂਹਿਕ ਗਿਆਨ ਨੂੰ ਅੱਗੇ ਵਧਾਉਣ 'ਚ ਮਦਦ ਕਰੇਗਾ। ਅਮਰੀਕੀ ਰੁਕਾਵਟ ਦੇ ਬਾਵਜੂਦ ਜੀ-20 ਐਲਾਨਨਾਮਾ ਅਪਣਾਇਆ ਗਿਆ ਸੰਮੇਲਨ 'ਚ ਸ਼ਾਮਲ ਹੋਏ ਵੱਖ-ਵੱਖ ਦੇਸ਼ਾਂ ਦੇ ਮੁਖੀਆਂ ਨੇ ਅਮਰੀਕੀ ਰੁਕਾਵਟ ਦੇ ਬਾਵਜੂਦ ਸਰਬਸੰਮਤੀ ਨਾਲ ਇੱਕ ਐਲਾਨਨਾਮਾ ਅਪਣਾਇਆ।




# ਫਗਵਾੜਾ ’ਚ ਵੱਡੀ ਵਾਰਦਾਤ, ਨਿੱਜੀ ਯੂਨੀਵਰਸਿਟੀ ਦੇ ਵਿਦਿਆਰਥੀ ਦਾ ਬੇਰਹਿਮੀ ਨਾਲ ਕਤਲ

ਫਗਵਾੜਾ 23 ਨਵੰਬਰ। ਫਗਵਾੜਾ-ਜਲੰਧਰ ਨੈਸ਼ਨਲ ਹਾਈਵੇਅ ’ਤੇ ਸਥਿਤ ਨਿੱਜੀ ਯੂਨੀਵਰਸਿਟੀ ’ਚ ਪੜ੍ਹਾਈ ਕਰ ਰਹੇ ਸੂਡਾਨ ਦੇ ਇਕ ਵਿਦਿਆਰਥੀ ਦਾ ਕਤਲ ਕਰ ਦਿੱਤਾ ਗਿਆ। ਕਤਲ ਦੀ ਵਾਰਦਾਤ ਨੂੰ ਅੰਜਾਮ ਯੂਨੀਵਰਸਿਟੀ ਵਿਚ ਹੀ ਪੜ੍ਹਾਈ ਕਰ ਰਹੇ ਕੁਝ ਵਿਦਿਆਰਥੀਆਂ ਵੱਲੋਂ ਕਿਸੇ ਗੱਲ ਨੂੰ ਲੈ ਕੇ ਹੋਈ ਤਕਰਾਰ ਮਗਰੋਂ ਤੇਜ਼ਧਾਰ ਹਥਿਆਰਾਂ ਨਾਲ ਵਾਰ ਕਰਕੇ ਦਿੱਤਾ ਗਿਆ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਪੁਲਸ ਨੇ ਕਤਲ ਵਿਚ ਸ਼ਾਮਲ 6 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜ਼ਿਲ੍ਹਾ ਕਪੂਰਥਲਾ ਦੇ ਐੱਸ. ਐੱਸ. ਪੀ. ਗੌਰਵ ਤੂਰਾ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਕਤਲ ਵਿਚ ਸ਼ਾਮਲ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਸਖ਼ਤੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਦੌਰਾਨ ਹਾਲੇ ਤੱਕ ਮਿਲੀ ਜਾਣਕਾਰੀ ਮੁਤਾਬਕ ਇਹ ਵਾਰਦਾਤ ਸਵੇਰੇ 4 ਵਜੇ ਗਰੀਨ ਵੈਲੀ ਇਲਾਕੇ ਪਿੰਡ ਮਹੇੜੂ ਦੇ ਕਰੀਬ ਉਸ ਵੇਲੇ ਵਾਪਰੀ ਜਦੋਂ ਸੂਡਾਨ ਦੇ ਰਹਿਣ ਵਾਲੇ ਵਿਦਿਆਰਥੀ, ਜਿਨ੍ਹਾਂ ਨਾਲ ਦੋ ਸੂਡਾਨ ਦੀਆਂ ਰਹਿਣ ਵਾਲੀਆਂ ਵਿਦਿਆਰਥਨਾ ਸ਼ਾਮਲ ਸਨ। ਸਵੇਰ ਦੀ ਨਮਾਜ਼ ਅਦਾ ਕਰਨ ਤੋਂ ਬਾਅਦ ਵਾਪਸ ਆਪਣੇ ਪੀ. ਜੀ. ਵੱਲ ਆ ਰਹੇ ਸਨ। ਦੱਸਿਆ ਜਾਂਦਾ ਹੈ ਕਿ ਇਲਾਕੇ ਵਿਚ ਮੌਜੂਦ ਯੂਨੀਵਰਸਿਟੀ ਵਿਚ ਹੀ ਪੜ੍ਹਨ ਵਾਲੇ ਕੁਝ ਵਿਦਿਆਰਥੀਆਂ ਨਾਲ ਇਨ੍ਹਾਂ ਦੀ ਤਕਰਾਰ ਹੋ ਗਈ, ਜਿਸ ਤੋਂ ਬਾਅਦ ਇਨ੍ਹਾਂ ਵੱਲੋਂ ਸੂਡਾਨ ਦੀਆਂ ਰਹਿਣ ਵਾਲੀਆਂ ਦੋ ਵਿਦਿਆਰਥਣਾਂ ਨੂੰ ਤੰਗ-ਪਰੇਸ਼ਾਨ ਕਰਕੇ ਇਨ੍ਹਾਂ ਦੇ ਮੋਬਾਇਲ ਫੋਨ ਨੰਬਰ ਮੰਗਣੇ ਸ਼ੁਰੂ ਕਰ ਦਿੱਤੇ। ਸੂਤਰਾਂ ਮੁਤਾਬਕ ਥਾਣਾ ਸਤਨਾਮਪੁਰਾ ਵਿਖੇ ਦਰਜ ਕੀਤੇ ਗਏ ਪੁਲਸ ਕੇਸ ਵਿਚ ਇਸ ਮਾਮਲੇ ਵਿਚ ਜ਼ਖ਼ਮੀ ਹੋਏ ਅਹਿਮਦ ਮੁਹੰਮਦ ਨੂਰ ਅਹਿਮਦ ਹੁਸੈਨ ਨੇ ਦੱਸਿਆ ਹੈ ਕਿ ਉਸ ਦੇ ਦੋਸਤ ਮੁਹੰਮਦ ਵਧਾ ਬਾਲਾ ਯੂਨਸ ਅਹਿਮਦ ਨੇ ਜਦੋਂ ਇਨ੍ਹਾਂ ਦੋਸ਼ੀਆਂ ਨੂੰ ਵਿੱਚ-ਵਿਚਾਲੇ ਹੋ ਕੇ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਇਨ੍ਹਾਂ ਨੇ ਹਥਿਆਰਾਂ ਨਾਲ ਉਨ੍ਹਾਂ ’ਤੇ ਹਮਲਾ ਕਰ ਦਿੱਤਾ, ਜਿਸ ਦੌਰਾਨ ਉਸ ਦੇ ਦੋਸਤ ਮੁਹੰਮਦ ਵਧਾ ਅਤੇ ਉਹ ਗੰਭੀਰ ਰੂਪ ਜ਼ਖ਼ਮੀ ਹੋ ਗਏ। ਇਸ ਤੋਂ ਬਾਅਦ ਜ਼ਖ਼ਮੀ ਹਾਲਤ ਵਿਚ ਜਦੋਂ ਉਨ੍ਹਾਂ ਨੂੰ ਜਲੰਧਰ ਕੈਂਟ ਦੇ ਇਕ ਨਿੱਜੀ ਹਸਪਤਾਲ ਲਿਜਾਇਆ ਗਿਆ ਤਾਂ ਉਥੇ ਉਸ ਦੇ ਦੋਸਤ ਮੁਹੰਮਦ ਵਧਾ ਨੂੰ ਡਾਕਟਰਾਂ ਨੇ ਮ੍ਰਿਤਕ ਐਲਾਨ ਕਰ ਦਿੱਤਾ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਪੁਲਸ ਨੇ ਇਸ ਮਾਮਲੇ ਵਿਚ ਸ਼ਾਮਲ 6 ਦੋਸ਼ੀਆਂ ਦੀ ਪਛਾਣ ਅਬਦੁਲ ਅਹਦ ਵਾਸੀ ਕਰਨਾਟਕਾ, ਕੁਵਰ ਅਮਰ ਪ੍ਰਤਾਪ ਸਿੰਘ, ਅਦਿਤਿਆ ਗਰਗ, ਮੁਹੰਮਦ ਸ਼ੋਇਬ ਸੁਸ਼ਾਂਤ ਉਰਫ਼ ਸ਼ੈਗੀ ਅਤੇ ਯਾਸ਼ਵਰਧਨ ਰਾਜਪੂਤ ਵਾਸੀ ਉੱਤਰ ਪ੍ਰਦੇਸ਼ ਅਤੇ ਬਿਹਾਰ ਵਜੋਂ ਹੋਈ ਹੈ, ਜੋ ਫਗਵਾੜਾ ਦੇ ਹੀ ਇਕ ਪੀ. ਜੀ. ਵਿਚ ਰਹਿ ਰਹੇ ਸਨ। ਇਨ੍ਹਾਂ ਨੂੰ ਕਤਲ ਕਾਂਡ ਤੋਂ ਬਾਅਦ ਚਲਾਏ ਗਏ ਆਪਰੇਸ਼ਨ ਵਿਚ ਹਿਮਾਚਲ ਪ੍ਰਦੇਸ਼ ਦੇ ਮੰਡੀ ਇਲਾਕੇ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਖ਼ਬਰ ਲਿਖੇ ਜਾਣ ਤੱਕ ਪੁਲਸ ਇਸ ਕਤਲ ਕਾਂਡ ਵਿਚ ਸ਼ਾਮਲ ਰਹੇ ਦੋਸ਼ੀਆਂ ਤੋਂ ਸਖ਼ਤੀ ਨਾਲ ਪੁੱਛਗਿੱਛ ਕਰ ਰਹੀ ਹੈ। ਪੁਲਸ ਨੇ ਕਤਲ ਕੀਤੇ ਗਏ ਸੁਡਾਨ ਦੇ ਵਿਦਿਆਰਥੀ ਦੀ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਦੇ ਮੁਰਦਾਘਰ ਭੇਜ ਦਿੱਤਾ ਹੈ ਜਦਕਿ ਇਸ ਕਤਲ ਕਾਂਡ ਵਿਚ ਜ਼ਖ਼ਮੀ ਹੋਏ ਸੂਡਾਨ ਦੇ ਦੂਜੇ ਵਿਦਿਆਰਥੀ ਦਾ ਇਲਾਜ ਜਲੰਧਰ ਵਿਖੇ ਨਿੱਜੀ ਹਸਪਤਾਲ ਵਿਚ ਜਾਰੀ ਹੈ। ਪੁਲਸ ਕਤਲ ਕਾਂਡ ਦੀ ਜਾਂਚ ਕਰ ਰਹੀ ਹੈ।

## ਕਣਕ ਚੋਰੀ ਕਰਨ ਵਾਲੇ ਦੋ ਮੁਲਜ਼ਮ ਕਣਕ ਸਮੇਤ ਪੁਲਸ ਅੜਿਕੇ

ਮੇਹਟੀਆਣਾ 23 ਨਵੰਬਰ। ਥਾਣਾ ਮੇਹਟੀਆਣਾ ਦੀ ਪੁਲਸ ਨੇ ਕਣਕ ਚੋਰੀ ਕਰਨ ਵਾਲੇ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਇਨ੍ਹਾਂ ਦੋਸ਼ੀਆਂ ਪਾਸੋਂ ਦੋ ਕੁਇੰਟਲ 70 ਕਿਲੋ ਕਣਕ ਵੀ ਬਰਾਮਦ ਕੀਤੀ ਹੈ। ਜਾਣਕਾਰੀ ਦਿੰਦੇ ਥਾਣਾ ਮੇਹਟੀਆਣਾ ਦੇ ਮੁਖੀ ਇੰਸਪੈਕਟਰ ਬਲਜੀਤ ਸਿੰਘ ਹੁੰਦਲ ਨੇ ਦੱਸਿਆ ਕਿ ਬੀਤੀ 13 ਮਈ ਨੂੰ ਇਕਬਾਲ ਸਿੰਘ ਪੁੱਤਰ ਦਲਵੀਰ ਸਿੰਘ ਵਾਸੀ ਪਿੰਡ ਹੁੱਕੜਾ, ਥਾਣਾ ਮੇਹਟੀਆਣਾ ਨੇ ਪੁਲਿਸ ਕੋਲ ਬਿਆਨ ਦਰਜ ਕਰਵਾਏ ਸਨ ਕਿ 13 ਮਈ ਨੂੰ ਉਹ ਕਿਸੇ ਨਿੱਜੀ ਕੰਮ ਲਈ ਦਸੂਹਾ ਗਿਆ ਹੋਇਆ ਸੀ। ਉਸ ਦਾ ਡੇਰਾ ਪਿੰਡ ਦੇ ਬਾਹਰਵਾਰ ਖੇਤਾਂ ਵਿੱਚ ਹੈ। ਉਸ ਨੂੰ ਸ਼ਾਮ 5:15 ਦੇ ਕਰੀਬ ਕਿਸੇ ਦਾ ਫੋਨ ਆਇਆ ਜਿਸ ਨੇ ਦੱਸਿਆ ਕਿ ਦੋ ਨੌਜਵਾਨ ਉਸ ਦੇ ਡੇਰੇ ਵਿੱਚੋਂ ਕਣਕ ਦੇ ਬੋਰੇ ਭਰ ਕੇ ਆਪਣੇ ਮੋਟਰਸਾਈਕਲ ਤੇ ਲੱਦ ਕੇ ਲਿਜਾ ਰਹੇ ਹਨ। ਉਸ ਨੇ ਫੋਨ ਕਰਕੇ ਆਪਣੇ ਆਸ ਪਾਸ ਦੇ ਘਰ ਵਾਲਿਆਂ ਅਤੇ ਥਾਣਾ ਮੇਹਟੀਆਣਾ ਦੀ ਪੁਲਿਸ ਨੂੰ ਇਤਲਾਹ ਦਿੱਤੀ, ਜਿਨ੍ਹਾਂ ਨੇ ਕਣਕ ਚੋਰੀ ਕਰਨ ਵਾਲੇ ਦੋਵੇਂ ਚੋਰਾਂ ਨੂੰ ਰੰਗੇ ਹੱਥੀ ਕਾਬੂ ਕਰ ਲਿਆ। ਥਾਣਾ ਮੇਹਟੀਆਣਾ ਦੇ ਏ. ਐੱਸ. ਆਈ. ਗੁਲਸ਼ਨ ਕੁਮਾਰ ਨੇ ਦੋਸ਼ੀਆਂ ਖ਼?ਲਾਫ਼ ਮੁਕੱਦਮਾ ਦਰਜ ਕਰਕੇ ਅਤੇ ਮਾਣਯੋਗ ਅਦਾਲਤ ਵਿੱਚ ਪੇਸ਼ ਕਰਨ ਉਪਰੰਤ ਪੁੱਛਗਿਛ ਵਾਸਤੇ ਰਿਮਾਂਡ ਲੈ ਕੇ ਦੋਸ਼ੀਆਂ ਦੀ ਨਿਸ਼ਾਨਦੇਹੀ ਅਤੇ ਦੋ ਕੁਇੰਟਲ 70 ਕਿਲੋ ਕਣਕ ਬਰਾਮਦ ਕਰ ਲਈ ਹੈ। ਪੁਲਸ ਮੁਤਾਬਕ ਗ੍ਰਿਫ਼ਤਾਰ ਕੀਤੇ ਨੌਜਵਾਨਾਂ ਦੀ ਪਛਾਣ ਬਲਜੀਤ ਸਿੰਘ ਉਰਫ਼ ਸੰਘਾ ਪੁੱਤਰ ਸਤਨਾਮ ਸਿੰਘ ਵਾਸੀ ਰਾਜਪੁਰ ਭਾਈਆਂ ਅਤੇ ਮਨੀ ਕੁਮਾਰ ਪੁੱਤਰ ਰਾਮ ਨਾਥ ਵਾਸੀ ਲਠਾਣੀ, ਜ਼ਿਲ੍ਹਾ ਊਨਾ, ਹਿਮਾਚਲ ਪ੍ਰਦੇਸ਼ ਵਜੋਂ ਹੋਈ ਹੈ।

## ਜ਼ਹਿਰੀਲੀ ਸ਼ਰਾਬ ਕਾਂਡ :ਪੁਲਸ ਦੀ ਕਾਰਵਾਈ ਤੇਜ਼, ਪਿਓ-ਪੁੱਤ ਨੂੰ 5 ਦਿਨਾਂ ਦੇ ਪੁਲਸ ਰਿਮਾਂਡ ’ਤੇ ਭੇਜਿਆ

ਅੰਮ੍ਰਿਤਸਰ 23 ਨਵੰਬਰ। ਮਜੀਠਾ ਜ਼ਹਿਰੀਲੀ ਸ਼ਰਾਬ ਕਾਂਡ ਮਾਮਲੇ ’ਚ ਅੱਜ ਦਿਹਾਤੀ ਪੁਲਸ ਵੱਲੋਂ ਦੋ ਹੋਰ ਮੁਲਜ਼ਮਾਂ ਨੂੰ ਅੰਮ੍ਰਿਤਸਰ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਇਹ ਦੋਵੇਂ ਮੁਲਜ਼ਮ ਜੋ ਕਿ ਪਿਓ-ਪੁੱਤਰ ਹਨ। ਇਨ੍ਹਾਂ ਨੂੰ ਦਿੱਲੀ ਦੇ ਮਾਡਲ ਟਾਊਨ ਇਲਾਕੇ ਤੋਂ ਗ੍ਰਿਫਤਾਰ ਕੀਤੇ ਗਏ ਸਨ। ਪੁਲਸ ਅਨੁਸਾਰ ਇਹ ਦੋਵੇਂ ਮੁਲਜ਼ਮ ਮਜੀਠਾ ਕਾਂਡ ਵਿੱਚ ਵਰਤੀ ਗਈ ਮਿਨਥੋਲ ਦੀ ਸਪਲਾਈ ਕਰਦੇ ਸਨ। ਉਨ੍ਹਾਂ ਨੂੰ ਦਿੱਲੀ ਤੋਂ ਲਿਆ ਕੇ ਅੱਜ ਸਖਤ ਸੁਰੱਖਿਆ ਹੇਠ ਅਦਾਲਤ ’ਚ ਪੇਸ਼ ਕੀਤਾ ਗਿਆ, ਜਿੱਥੇ



ਮਾਨਯੋਗ ਅਦਾਲਤ ਨੇ ਉਨ੍ਹਾਂ ਨੂੰ 5 ਦਿਨਾਂ ਦੇ ਪੁਲਸ ਰਿਮਾਂਡ ’ਤੇ ਭੇਜਣ ਦੇ ਹੁਕਮ ਜਾਰੀ ਕੀਤੇ ਹਨ। ਇਸ ਤੋਂ ਪਹਿਲਾਂ ਕੱਲ੍ਹ ਦਿਹਾਤੀ ਪੁਲਸ ਨੇ 16 ਹੋਰ ਸ਼ੱਕੀ ਮੁਲਜ਼ਮਾਂ ਨੂੰ ਵੀ ਅਦਾਲਤ ਵਿੱਚ ਪੇਸ਼ ਕੀਤਾ ਸੀ, ਜਿਨ੍ਹਾਂ ਨੂੰ 2 ਤੋਂ 3 ਦਿਨਾਂ ਦੇ ਰਿਮਾਂਡ ’ਤੇ ਭੇਜਿਆ ਗਿਆ ਸੀ। ਹੁਣ ਤੱਕ ਜ਼ਹਿਰੀਲੀ ਸ਼ਰਾਬ ਕਾਂਡ ਸਬੰਧੀ ਕੁੱਲ 18 ਦੇ ਕਰੀਬ ਮੁਲਜ਼ਮ ਅਦਾਲਤ ਵਿੱਚ ਪੇਸ਼ ਕੀਤੇ ਜਾ ਚੁੱਕੇ ਹਨ। ਪੁਲਸ ਵੱਲੋਂ ਕਿਹਾ ਗਿਆ ਹੈ ਕਿ ਜਾਂਚ ਜਾਰੀ ਹੈ ਅਤੇ ਹੋਰ ਗ੍ਰਿਫਤਾਰੀਆਂ ਦੀ ਸੰਭਾਵਨਾ ਨਕਾਰ ਨਹੀਂ ਕੀਤੀ ਜਾ ਸਕਦੀ।

## ਸਹਾਇਕ ਟਾਊਨ ਪਲੈਨਰ 30,000 ਰੁਪਏ ਰਿਸ਼ਵਤ ਮੰਗਣ ਦੇ ਦੋਸ਼ ’ਚ ਗ੍ਰਿਫ਼ਤਾਰ

ਜਲੰਧਰ 23 ਨਵੰਬਰ। ਪੰਜਾਬ ਵਿਜੀਲੈਂਸ ਬਿਊਰੋ ਨੇ ਜਲੰਧਰ ਦੇ ਸਹਾਇਕ ਟਾਊਨ ਪਲੈਨਰ ??(ਏ.ਟੀ.ਪੀ.) ਸੁਖਦੇਵ ਵਸ਼ਿਸ਼ਟ ਨੂੰ 30,000 ਰੁਪਏ ਦੀ ਰਿਸ਼ਵਤ ਮੰਗਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਕੰਮ ਕਰਵਾਉਣ ਵਾਲੇ ਲੋਕਾਂ ਤੋਂ ਮਿਲੀਆਂ ਸ਼ਿਕਾਇਤਾਂ ਦੇ ਆਧਾਰ ’ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਸ਼ਿਕਾਇਤਕਰਤਾਵਾਂ ਨੇ ਦੋਸ਼ ਲਗਾਇਆ ਹੈ ਕਿ ਉਕਤ ਦੋਸ਼ੀ ਅਰਜ਼ੀਆਂ ਦੀ ਪ੍ਰਵਾਨਗੀ ਵਿੱਚ ਜਾਣਬੁੱਝ ਕੇ ਦੇਰੀ ਕਰਕੇ ਲੋਕਾਂ ਤੋਂ ਪੈਸੇ ਇਕੱਠੇ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਜਲੰਧਰ ਖੇਤਰ ਵਿੱਚ 70 ਪ੍ਰਤੀਸ਼ਤ ਇਮਾਰਤਾਂ



ਦੇ ਨਕਸ਼ੇ ਨਗਰ ਨਿਗਮ ਵੱਲੋਂ ਪਹਿਲਾਂ ਹੀ ਮਨਜ਼ੂਰ ਕੀਤੇ ਜਾ ਚੁੱਕੇ ਸਨ, ਪਰ ਉਕਤ ਸਹਾਇਕ ਨਗਰ ਯੋਜਨਾਕਾਰ ਸੁਖਦੇਵ ਵਸ਼ਿਸ਼ਟ ਨੇ ਰਿਸ਼ਵਤ ਲੈਣ ਤੱਕ ਕੁਝ ਅਰਜ਼ੀਆਂ ’ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਸ਼ਿਕਾਇਤਕਰਤਾਵਾਂ ਨੇ ਇਹ ਵੀ ਦੋਸ਼ ਲਗਾਇਆ ਕਿ ਉਕਤ ਏਟੀਪੀ ਨੇ ਇੱਕ ਕੇਸ ਦੀ ਪ੍ਰਕਿਰਿਆ ਨੂੰ ਪਾਸ ਕਰਨ ਲਈ ਵਿਅਕਤੀ ਤੋਂ 30,000 ਰੁਪਏ ਦੀ ਰਿਸ਼ਵਤ ਮੰਗੀ ਸੀ। ਸ਼ਿਕਾਇਤਕਰਤਾਵਾਂ ਨੇ ਇਹ ਵੀ ਦੋਸ਼ ਲਗਾਇਆ ਕਿ ਉਕਤ ਦੋਸ਼ੀ ਬਿਨੈਕਾਰਾਂ ਨੂੰ ਡਰਾਉਣ ਲਈ, ਨਿਰੀਖਣ ਦੌਰਾਨ ਇਮਾਰਤਾਂ ਨੂੰ ਸੀਲ ਕਰਨ ਆਦਿ ਦੀਆਂ ਧਮਕੀਆਂ ਦਿੰਦਾ ਸੀ ਅਤੇ ਅਕਸਰ ਕਹਿੰਦਾ ਸੀ ਕਿ ਉਸਨੂੰ ਆਪਣੇ ਤਬਾਦਲੇ ਦੀ ਵੀ ਪਰਵਾਹ ਨਹੀਂ ਹੈ। ਉਨ੍ਹਾਂ ਅੱਗੇ ਕਿਹਾ ਕਿ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ, ਜਲੰਧਰ ਰੇਂਜ ਨੇ ਦੋਸ਼ੀ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕਰਕੇ ਉਸਨੂੰ ਗ੍ਰਿਫ਼ਤਾਰ ਕਰ ਲਿਆ ਹੈ।

## ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਦੀਨਾਨਗਰ ਦੇ ਪਿੰਡ ਡੀਡਾ ਸਾਂਸੀਆਂ ’ਚ ਪੁਲਸ ਦਾ ਵੱਡਾ ਐਕਸ਼ਨ

ਦੀਨਾਨਗਰ 23 ਨਵੰਬਰ। ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਪਿੰਡ ਡੀਡਾ ਸਾਂਸੀਆਂ ਵਿਖੇ ਪੁਲਸ ਵੱਲੋਂ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕਈ ਘਰਾਂ ਵਿੱਚ ਅੱਜ ਬੁਲਡੋਜ਼ਰ ਨਾਲ ਘਰ ਢਾਏ ਜਾ ਰਹੇ ਹਨ। ਇਸ ਮੌਕੇ ਵੱਡੀ ਗਿਣਤੀ ਵਿਚ ਪੁਲਸ ਪ੍ਰਸ਼ਾਸਨ ਅਤੇ ਨਹਿਰੀ ਵਿਭਾਗ ਦੇ ਅਧਿਕਾਰੀ ਵੀ ਹਾਜ਼ਰ ਸਨ, ਜਿਨ੍ਹਾਂ ਵੱਲੋਂ ਮੌਕੇ ’ਤੇ ਪਹੁੰਚ ਕੇ ਕਈ ਨਸ਼ਾ ਸੁਦਾਗਰ ਦੇ ਘਰਾਂ ਨੂੰ ਢੇਰ ਕੀਤਾ ਗਿਆ। ਜਾਣਕਾਰੀ ਅਨੁਸਾਰ ਪਿੰਡ ਡੀਡਾ ਸਾਂਸੀਆਂ ਕਾਫੀ ਲੰਬੇ ਸਮੇਂ ਤੋਂ ਨਸ਼ੇ ਦੇ ਕਾਰੋਬਾਰ ਨਾਲ ਬਦਨਾਮ ਹੈ। ਜਾਣਕਾਰੀ ਅਨੁਸਾਰ 2024 ਵਿਚ ਵੀ ਇਸ ਪਿੰਡ ਦੇ ਨਜ਼ਦੀਕ ਤਿੰਨ ਨੌਜਵਾਨਾਂ ਦੀਆਂ ਲਾਸ਼ਾਂ ਮਿਲੀਆਂ ਸਨ ਜੋ ਕਿ ਨਸ਼ੇ ਨਾਲ ਹੋਈਆਂ ਸਨ, ਜਿਸ ਤੋਂ ਬਾਅਦ ਪੁਲਸ ਪ੍ਰਸ਼ਾਸਨ ਵੱਲੋਂ ਵੱਡੇ ਪੱਧਰ ’ਤੇ ਇਸ ਪਿੰਡ ਅੰਦਰ ਨਸ਼ੇ ਦੇ ਸੌਦਾਗਰਾਂ ਨੂੰ ਨੱਥ ਪਾਈ ਗਈ ਸੀ ਕਿਉਂਕਿ ਇਸ ਪਿੰਡ ਵਿੱਚ ਜੋ ਅੱਜ ਜ਼ਿਆਦਾਤਰ ਘਰ ਢਾਏ ਜਾ ਰਹੇ ਨੇ ਉਹ ਨਹਿਰੀ ਵਿਭਾਗ ਦੀ ਜ਼ਮੀਨ ’ਤੇ ਇਹ ਲੋਕਾਂ ਵੱਲੋਂ ਨਜਾਇਜ਼ ਕਬਜ਼ੇ ਕਰਕੇ ਬਣਾਏ ਹੋਏ ਹਨ। ਇਸ ਸੰਬੰਧ ਵਿੱਚ ਨਹਿਰੀ ਵਿਭਾਗ ਵੱਲੋਂ ਕੁਝ ਮਹੀਨੇ ਪਹਿਲਾਂ ਲੋਕਾਂ ਨੂੰ ਨੋਟਿਸ ਵੀ ਦਿੱਤੇ ਗਏ ਸਨ ਕਿ ਘਰ ਆਪਣੇ ਖਾਲੀ ਕਰ ਦਿੱਤੇ ਜਾਣ ਇਸ ਪਿੰਡ ਵਿੱਚ ਵੱਡੇ ਪੱਧਰ ’ਤੇ ਐਕਸ਼ਨ ਲਿਆ ਗਿਆ ਸੀ ਪਰ ਅੱਜ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ




ਪਰ ਜਦੋਂ ਪੁਲਸ ਵੱਲੋਂ ਨਸ਼ਾ ਸੁਦਾਗਰਾਂ ਖਿਲਾਫ ਸ਼ਿਕੰਜਾ ਕੱਸਿਆ ਗਿਆ ਸੀ ਤਾਂ ਕੁਝ ਲੋਕਾਂ ਵੱਲੋਂ ਆਪਣੇ ਲੰਮੇ ਸਮੇਂ ਤੋਂ ਘਰ ਬੰਦ ਕਰਕੇ ਹੋਰ ਜਗ?ਹਾ ’ਤੇ ਰਹਿ ਰਹੇ ਸਨ ਪਰ ਅੱਜ ਪੁਲਸ ਵੱਲੋਂ ਤਹਿਤ ਪੁਲਸ ਨੇ ਨਸ਼ਾ ਸੌਦਾਗਰਾਂ ਦੇ ਘਰਾਂ ’ਤੇ ਬਲਡੋਜ਼ਰ ਫੇਰ ਕੇ ਢਾਹ ਦਿੱਤੇ ਗਏ ਹਨ। ਇਸ ਮੌਕੇ ਵੱਡੇ ਪੱਧਰ ’ਤੇ ਪੁਲਸ ਪ੍ਰਸ਼ਾਸਨ ਅਤੇ ਪ੍ਰਸ਼ਾਸਨ ਦੇ ਅਧਿਕਾਰੀ ਹਾਜ਼ਰ ਸਨ।

## ਲੜਕੀ ਤੋਂ ਮੋਬਾਈਲ ਫੋਨ ਲੁੱਟਣ ਦੌਰਾਨ ਮੋਟਰਸਾਈਕਲ ਤੋਂ ਡਿੱਗੇ ਲੁਟੇਰੇ, ਪੁਲਸ ਨੇ ਕੀਤੇ ਗ੍ਰਿਫ਼ਤਾਰ

ਫਗਵਾੜਾ 23 ਨਵੰਬਰ। ਫਗਵਾੜਾ ਵਿੱਚ ਸਾਈਕਲ ’ਤੇ ਆਪਣੀ ਮਾਂ ਨਾਲ ਘਰ ਵਾਪਸ ਆ ਰਹੀ ਇੱਕ ਲੜਕੀ ਪਾਸੋਂ ਉਸਦਾ ਮੋਬਾਈਲ ਫੋਨ ਲੁੱਟਣ ਦੀ ਕੋਸ਼ਿਸ਼ ਕਰਦਿਆਂ 3 ਲੁਟੇਰੇ ਮੋਟਰਸਾਈਕਲ ਤੋਂ ਡਿੱਗ ਕੇ ਜ਼ਖਮੀ ਹੋਣ ਅਤੇ ਇਹਨਾਂ ਨੂੰ ਪੁਲਸ ਵੱਲੋਂ ਗ੍ਰਿਫਤਾਰ ਕਰਨ ਦੀ ਸੂਚਨਾ ਮਿਲੀ ਹੈ। ਜਾਣਕਾਰੀ ਮੁਤਾਬਕ ਗੰਗਾ ਦੇਵੀ ਪਤਨੀ ਲੇਟ ਅਰੁਣ ਯਾਦਵ ਵਾਸੀ ਦਰਵੇਸ਼ ਪਿੰਡ ਨੇ ਥਾਣਾ ਸਤਨਾਮਪੁਰਾ ਦੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਹੈ ਕਿ ਉਹ ਆਪਣੀ ਲੜਕੀ ਨਾਲ ਸਾਈਕਲ ’ਤੇ ਘਰ ਵਾਪਸ ਆ ਰਹੀ ਸੀ ਤਾਂ ਇਸੇ ਦੌਰਾਨ ਮੋਟਰਸਾਈਕਲ ’ਤੇ ਸਵਾਰ ਹੋ ਕੇ ਆਏ ਤਿੰਨ ਅਣਪਛਾਤੇ ਲੁਟੇਰਿਆਂ ਨੇ ਉਸਦੀ ਲੜਕੀ ਪਾਸੋਂ ਉਸ ਦਾ ਮੋਬਾਈਲ ਫੋਨ



ਲੁੱਟਣ ਦੀ ਕੋਸ਼ਿਸ਼ ਕੀਤੀ ਪਰ ਇਸੇ ਦੌਰਾਨ ਉਸ ਦੀ ਲੜਕੀ ਨੇ ਬਹਾਦਰੀ ਨਾਲ ਇਕ ਲੁਟੇਰੇ ਨੂੰ ਉਸ ਦੇ ਕੱਪੜਿਆਂ ਤੋਂ ਫੜ ਲਿਆ ਜਿਸ ਤੋਂ ਬਾਅਦ ਮੋਟਰਸਾਈਕਲ ਦੇ ਨਾਲ ਹੀ ਲੁਟੇਰੇ ਉਸ ਦੀ ਲੜਕੀ ਨੂੰ ਘੜੀਸਦੇ ਹੋਏ ਕਾਫੀ ਦੂਰ ਤੱਕ ਲੈ ਗਏ। ਗੰਗਾ ਦੇਵੀ ਮੁਤਾਬਕ ਇਸ ਲੁੱਟ-ਖੋਹ ਦੌਰਾਨ ਉਸ ਦੀ ਲੜਕੀ ਜ਼ਖਮੀ ਹੋ ਗਈ। ਉਸਨੇ ਦੱਸਿਆ ਕਿ ਇਸੇ ਦੌਰਾਨ ਤਿੰਨੋਂ ਲੁਟੇਰੇ ਮੋਟਰਸਾਈਕਲ ਤੋਂ ਡਿੱਗ ਗਏ ਜਿਨ੍ਹਾਂ ਨੂੰ ਪੁਲਸ ਨੇ ਜ਼ਖਮੀ ਹਾਲਤ ਵਿੱਚ ਮੌਕੇ ’ਤੇ ਪੁੱਜ ਕੇ ਗ੍ਰਿਫਤਾਰ ਕਰ ਲਿਆ ਹੈ। ਗ੍ਰਿਫਤਾਰ ਕੀਤੇ ਗਏ ਲੁਟੇਰਿਆਂ ਦੀ ਪਛਾਣ ਦੀਪਕ ਉਰਫ ਦੀਪੂ, ਲਵਪ੍ਰੀਤ ਸਿੰਘ ਉਰਫ ਕਾਕਾ ਦੋਵੇਂ ਵਾਸੀ ਮੁਹੱਲਾ ਭਗਤਪੁਰਾ ਫਗਵਾੜਾ ਅਤੇ ਜਸਪ੍ਰੀਤ ਸਿੰਘ ਉਰਫ ਕਰਨ ਵਾਸੀ ਡਾ. ਅੰਬੇਡਕਰ ਚੌਕ ਹਦੀਆਬਾਦ ਫਗਵਾੜਾ ਵਜੋਂ ਹੋਈ ਹੈ।

## ਜ਼ਹਿਰੀਲੀ ਸ਼ਰਾਬ ਨੇ ਮਜੀਠਾ ਦੇ ਇਕ ਹੋਰ ਵਿਅਕਤੀ ਦੀ ਲਈ ਜਾਨ

ਮਜੀਠਾ 23 ਨਵੰਬਰ। ਹਲਕਾ ਮਜੀਠਾ ਦੇ ਅੰਦਰ ਜ਼ਹਿਰੀਲੀ ਸ਼ਰਾਬ ਨਾਲ ਹੋ ਰਹੀਆਂ ਮੌਤਾਂ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਹਲਕੇ ਦੇ ਵੱਖ-ਵੱਖ ਪਿੰਡਾਂ ਤੋਂ ਸ਼ੁਰੂ ਹੋਇਆ ਮੌਤਾਂ ਦੇ ਸਿਲਸਿਲੇ ਨੇ ਕਸਬਾ ਮਜੀਠਾ ਅੰਦਰ ਵੀ ਦਸਤਕ ਦੇ ਦਿੱਤੀ ਹੈ, ਜਿਸ ਕਰਕੇ ਜ਼ਹਿਰੀਲੀ ਸ਼ਰਾਬ ਨਾਲ ਇਕ ਵਿਅਕਤੀ ਦੀ ਮੌਤ ਹੋਣ ਦਾ ਸਮਾਚਾਰ ਹੈ। ਇਸ ਦੇ ਤਹਿਤ ਮਜੀਠਾ ਵਿਖੇ ਇਕ ਵਿਅਕਤੀ ਦੀ ਮੌਤ ਹੋ ਗਈ, ਜਿਸ ਦੀ ਪਛਾਣ ਤਰਸੇਮ ਮਸੀਹ ਪੁੱਤਰ ਸਦੀਕ ਮਸੀਹ ਵਾਸੀ ਵਾਰਡ ਨੰਬਰ ਇਕ ਰੋੜੀ ਮਜੀਠਾ ਵਜੋਂ ਹੋਈ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਸੀਨੀਅਰ ਅਕਾਲੀ ਆਗੂ ਅਵਤਾਰ ਸਿੰਘ ਗਿੱਲ ਅਤੇ ਸਾਬਕਾ ਸਰਪੰਚ ਸੋਨੂੰ ਨੇ ਦੱਸਿਆ ਕਿ ਉਕਤ ਵਿਅਕਤੀ ਵੀ ਪਿੰਡ ਭੰਗਵਾਂ ਤੋਂ ਸ਼ਰਾਬ ਪੀ ਕੇ ਆਇਆ ਸੀ ਤੇ ਉਸ ਨੇ ਆਪਣੇ ਘਰ ਵਿਚ ਆਪਣੇ ਆਪ ਨੂੰ ਬੰਦ ਕਰ ਰੱਖਿਆ ਸੀ ਆਖਰ ਇਹ ਵਿਅਕਤੀ ਨੂੰ ਵੀ ਜ਼ਹਿਰੀਲੀ ਸ਼ਰਾਬ ਦੇ ਪ੍ਰਭਾਵ ਨੇ ਨਿਗਲ ਲਿਆ। ਇਸ ਸਬੰਧ ਵਿਚ ਉਨ੍ਹਾਂ ਵੱਲੋਂ ਐੱਸ.ਐੱਮ.ਓ ਮਜੀਠਾ ਡਾਕਟਰ ਸਤਨਾਮ ਸਿੰਘ ਦੇ ਧਿਆਨ ਵਿਚ ਲਿਆਂਦਾ ਗਿਆ, ਜਿਸ ਤੇ ਉਨ੍ਹਾਂ ਵੱਲੋਂ ਪੁਲਸ ਨੂੰ ਸੂਚਿਤ ਕਰਨ ’ਤੇ ਪੁਲਸ ਵੱਲੋਂ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ ’ਚ ਲੈ ਕੇ ਅਗਲੇਰੀ ਕਾਰਵਾਈ ਲਈ ਪੋਸਟਮਾਰਟਮ ਲਈ ਅੰਮ੍ਰਿਤਸਰ ਭੇਜ ਦਿੱਤਾ ਹੈ।

## ਗੋਆ ਦੇ ਮਹਿਲਾ ਤੇ ਬਾਲ ਵਿਕਾਸ ਵਿਭਾਗ ਦੀ ਵੈੱਬਸਾਈਟ ਹੈਕ

ਪਣਜੀ 23 ਨਵੰਬਰ। ਗੋਆ ਦੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦੀ ਵੈੱਬਸਾਈਟ ਨੂੰ ਵੀਰਵਾਰ ਨੂੰ ਹੈਕ ਕਰ ਲਿਆ ਗਿਆ ਅਤੇ ਮੁੱਖ ਪੰਨੇ ਦੀ ਸਮੱਗਰੀ ਨੂੰ ਹਟਾ ਕੇ ਉਸ ਦੇ ਉਪਰ ਇਕ ਜੂਆ ਘਰ (ਕੈਸੀਨੋ) ਦਾ ਇਸ਼ਤਿਹਾਰ ਲਾ ਦਿੱਤਾ ਗਿਆ ਹੈ। ਸੂਬੇ ਦੇ ਮੰਤਰੀ ਵਿਸ਼ਵਜੀਤ ਵਲੋਂ ਇਸ ਗੱਲ ਦੀ ਜਾਣਕਾਰੀ ਦਿੱਤੀ ਗਈ ਹੈ। ਸੂਬੇ ਦੇ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਵਿਸ਼ਵਜੀਤ ਰਾਣੇ ਨੇ ਇਕ ਬਿਆਨ ਵਿਚ ਕਿਹਾ ਕਿ ਉਹ ਇਸ ਘਟਨਾ ਤੋਂ ਦੁਖੀ ਹਨ ਅਤੇ ਇਸ ਸੰਬੰਧੀ ਐੱਫ. ਆਈ. ਆਰ. ਦਰਜ ਕਰਵਾਈ ਜਾ ਰਹੀ ਹੈ। ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਵਿਭਾਗ ਨੇ ਇਸ ਮਾਮਲੇ ਨੂੰ ਸੰਬੰਧਤ ਅਧਿਕਾਰੀਆਂ ਦੇ ਸਾਹਮਣੇ ਉਠਾਇਆ ਹੈ। ਰਾਣੇ ਨੇ ਕਿਹਾ ਕਿ ਉਦੋਂ ਤੱਕ ਵੈੱਬਸਾਈਟ ਨੂੰ ਬੰਦ ਕਰ ਦਿੱਤਾ ਗਿਆ ਹੈ। ਇਸ ਦੇ ਖ਼?ਲਾਫ਼ ਐੱਫ. ਆਰ. ਆਈ. ਵੀ



ਦਰਜ ਕੀਤੀ ਜਾ ਰਹੀ ਹੈ। ਮੈਂ ਯਕੀਨੀ ਬਣਾਵਾਂਗਾ ਕਿ ਸਖ਼ਤ ਜਵਾਬਦੇਹੀ ਬਣੀ ਰਹੇ। ਮੈਂ ਗੋਆ ਦੇ ਲੋਕਾਂ ਨੂੰ ਆਸਵੰਦ ਕਰਦਾ ਹਾਂ ਕਿ ਮਹਿਲਾ ਅਤੇ ਬਾਲ ਵਿਕਾਸ ਵੈੱਬਸਾਈਟ ਕੋਲ ਪਾਸ ਜਾਇਜ਼ ਵੈੱਬ ਸੁਰੱਖਿਆ ਆਡਿਟ ਪ੍ਰਮਾਣ-ਪੱਤਰ ਹਨ। ਉਹਨਾਂ ਕਿਹਾ ਕਿ ਸਾਡੀ ਟੀਮ ਸਾਡੇ ਸਿਸਟਮ ਨੂੰ ਮਜ਼ਬੂਤ ਕਰਨ ਅਤੇ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ। ਮੰਤਰੀ ਨੇ ਕਿਹਾ ਕਿ ਇਹ ਘਟਨਾ ਇਕ ਸੂਚੀਬੱਧ ਸਰਕਾਰੀ ਵੈੱਬਸਾਈਟ ਦੇ ਸਰਵਰ ਵਿਚ ਹੋਈ ਉਲੰਘਣਾ ਕਾਰਨ ਵਾਪਰੀ ਹੈ। ਰਾਣੇ ਨੇ ਕਿਹਾ ਕਿ ਇਹ ਧਿਆਨ ਰੱਖਣਾ ਮਹੱਤਵਪੂਰਨ ਹੈ ਕਿ ਇਸ ਉਲੰਘਣਾ ਨਾਲ 62 ਸਰਕਾਰੀ ਵੈੱਬਸਾਈਟਾਂ ਪ੍ਰਭਾਵਿਤ ਹੋਈਆਂ ਪਰ ਫਿਰ ਵੀ ਸਿਰਫ਼ ਮਹਿਲਾ ਅਤੇ ਬਾਲ ਵਿਕਾਸ ਸਾਈਟ ਨੂੰ ਹੀ ਚੋਣਵੇਂ ਰੂਪ ਵਿਚ ਉਜਾਗਰ ਕੀਤਾ ਗਿਆ ਹੈ। ਇਸ ਨਾਲ ਨਾ ਸਿਰਫ਼ ਪੂਰੀ ਤਸਵੀਰ ਵਿਗੜਦੀ ਹੈ, ਸਗੋਂ ਸਾਰੇ ਪਲੇਟਫਾਰਮਾਂ ’ਤੇ ਵੀ ਸਾਈਬਰ ਸੁਰੱਖਿਆ ਦੇ ਵੱਡੇ ਮੁੱਦੇ ਤੋਂ ਧਿਆਨ ਭਟਕਾਉਂਦਾ ਹੈ।

## ਘਰੋਂ ਬਾਹਰ ਪਿਸ਼ਾਬ ਕਰਨ ਆਏ ਨੌਜਵਾਨ ਨੂੰ ਮਾਰ ’ਤੀ ਗੋਲੀ

ਅੰਮ੍ਰਿਤਸਰ 23 ਨਵੰਬਰ। ਅੰਮ੍ਰਿਤਸਰ ਦੇ ਸਰਹੱਦੀ ਪਿੰਡ ਬੋਪਾਰਾਏ ਤੋਂ ਵੱਡਾ ਮਾਮਲਾ ਸਾਹਮਣੇ ਆਇਆ ਹੈ ਜਿਥੇ ਕੁਲਵੰਤ ਸਿੰਘ ਨਾਮਕ ਵਿਅਕਤੀ ਦੇ ਰਾਤ ਪਿਸ਼ਾਬ ਕਰਨ ਮੌਕੇ ਗੋਲੀ ਲੱਗੀ ਹੈ ਅਤੇ ਉਹ ਹਸਪਤਾਲ ’ਚੋਂ ਖ਼ੁਦ ਦੇ ਪੈਸਿਆ ਨਾਲ ਇਲਾਜ ਕਰਵਾ ਘਰ ਪਹੁੰਚਿਆ ਹੈ । ਜਿਸਦੇ ਚਲਦੇ ਪਿੰਡਵਾਸੀਆਂ ਵੱਲੋ ਪੰਜਾਬ ਸਰਕਾਰ ਕੋਲੋਂ ਇਸ ਪੀੜਤ ਪਰਿਵਾਰ ਦੀ ਮਦਦ ਲਈ ਗੁਹਾਰ ਲਗਾਈ ਗਈ ਹੈ। ਇਸ ਸੰਬਧੀ ਪੀੜਤ ਕੁਲਵੰਤ ਸਿੰਘ ਪਿੰਡ ਬੋਪਾਰਾਏ ਨੇ ਦੱਸਿਆ ਕਿ 9 ਮਈ ਨੂੰ ਬਾਰਡਰ ’ਤੇ ਹੋਈ ਫਾਇਰਿੰਗ ਦੇ ਚਲਦੇ ਉਹ ਵਲੋਂ ਘਰ ਦੇ ਵਿਹੜੇ ’ਚੋਂ ਉੱਠ ਕੇ ਅੰਦਰ ਕਮਰੇ ਵਿਚ ਸੌਣ ਚਲੇ ਗਏ ਪਰ ਜਦੋਂ ਰਾਤ ਨੂੰ ਉਹ ਪਿਸ਼ਾਬ ਕਰਨ ਉਠਿਆ ਤਾਂ ਇਕ ਤੀਖੀ ਚੀਜ਼ ਉਸ ਦੀ ਵੱਖੀ ’ਚ ਵੱਜ ਗਈ। ਜਦੋਂ ਉਹ ਹਸਪਤਾਲ ਗਿਆ ਤਾਂ ਇਲਾਜ ਦੌਰਾਨ ਡਾਕਟਰਾਂ ਨੇ ਉਸ ਦੇ ਪੇਟ ’ਚ ਲੱਗੀ ਗੋਲੀ ਕੱਢੀ। ਉਧਰ ਇਸ ਸੰਬਧੀ ਪਿੰਡਵਾਸੀਆਂ ਦਾ ਇਹ ਕਹਿਣਾ ਹੈ ਕਿ ਸਾਡੇ ਪਿੰਡ ਦੇ ਕੁਲਵੰਤ ਸਿੰਘ ਦੇ ਬਾਰਡਰ ’ਤੇ ਹੋ ਰਹੀ ਫਾਇਰਿੰਗ ਦੇ ਚਲਦੇ ਗੋਲੀ ਲਗੀ ਹੈ। 9 ਮਈ ਨੂੰ ਬਾਰਡਰ ਤੇ ਬੀਐੱਸਐੱਫ ਦੀ ਐਕਟੀਵਿਟੀ ਦੇ ਚਲਦੇ ਫਾਇਰਿੰਗ ਦੌਰਾਨ ਇਹ ਹਾਦਸਾ ਵਾਪਰਿਆ ਹੈ ਜਿਸ ਸੰਬਧੀ ਅਸੀਂ ਮੁੱਖ ਮੰਤਰੀ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਇਸ ਪੀੜਤ ਪਿੰਡਵਾਸੀ ਦੀ ਬਣਦੀ ਮਦਦ ਦੀ ਗੁਹਾਰ ਲਗਾਈ ਹੈ ਤਾਂ ਜੋ ਇਹ ਠੀਕ ਹੋ

## ਆਟੋ ਰਿਕਸ਼ਾ ਤੇ ਡੰਪਰ ਦੀ ਜ਼ਬਰਦਸਤ ਟੱਕਰ, ਦਰਦਨਾਕ ਹਾਦਸੇ ’ਚ ਛੇ ਲੋਕਾਂ ਦੀ ਮੌਤ

ਹਰਦੋਈ 23 ਨਵੰਬਰ। ਉੱਤਰ ਪ੍ਰਦੇਸ਼ ਦੇ ਹਰਦੋਈ ਜ਼ਿਲ੍ਹੇ ’ਚ ਵੀਰਵਾਰ ਸਵੇਰੇ ਇੱਕ ਆਟੋ ਤੇ ਟਰੱਕ ਦੀ ਟੱਕਰ ’ਚ ਛੇ ਲੋਕਾਂ ਦੀ ਮੌਤ ਹੋ ਗਈ ਤੇ ਤਿੰਨ ਹੋਰ ਜ਼ਖਮੀ ਹੋ ਗਏ। ਪੁਲਸ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਸਵੇਰੇ 9 ਵਜੇ ਦੇ ਕਰੀਬ ਕਾਸਿਮਪੁਰ ਥਾਣਾ ਖੇਤਰ ਦੇ ਅਧੀਨ ਹਰਦੌਲ ਮਾਉ ਪਿੰਡ ਨੇੜੇ ਵਾਪਰੀ ਜਦੋਂ ਇੱਕ ਆਟੋ ਰਿਕਸ਼ਾ ਇੱਕ ਡੰਪਰ ਟਰੱਕ ਨਾਲ ਟਕਰਾ ਗਿਆ। ਉਨ੍ਹਾਂ ਨੇ ਦੱਸਿਆ ਕਿ ਹਾਦਸੇ ਸਮੇਂ ਆਟੋ ਰਿਕਸ਼ਾ ਬੰਗਾਰਮਾਊ ਤੋਂ ਸੰਦੀਲਾ ਜਾ ਰਿਹਾ ਸੀ। ਇੱਕ ਪੁਲਸ ਅਧਿਕਾਰੀ ਨੇ ਪੁਸ਼ਟੀ ਕੀਤੀ ਕਿ ਹਾਦਸੇ ਤੋਂ ਬਾਅਦ, ਸਾਰੇ ਜ਼ਖ਼ਮੀਆਂ ਨੂੰ ਸੰਦਿਆਲਾ ਦੇ ਕਮਿਊਨਿਟੀ ਹੈਲਥ ਸੈਂਟਰ ਲਿਜਾਇਆ ਗਿਆ, ਜਿੱਥੇ ਛੇ ਲੋਕਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਤੇ ਤਿੰਨ ਨੂੰ ਉੱਨਤ ਇਲਾਜ ਲਈ ਲਖਨਊ ਦੇ ਟਰਾਮਾ ਸੈਂਟਰ ਰੈਫਰ ਕਰ ਦਿੱਤਾ ਗਿਆ। ਪੁਲਸ ਦੇ ਅਨੁਸਾਰ, ਮ੍ਰਿਤਕਾਂ ਦੀ ਪਛਾਣ




ਆਟੋ-ਰਿਕਸ਼ਾ ਚਾਲਕ ਰਣਜੀਤ, ਯਾਤਰੀਆਂ ਅੰਕਿਤ ਕੁਮਾਰ, ਅਰਵਿੰਦ, ਫੂਲ ਜਹਾਂ (ਔਰਤ), ਨਿਸਾਰ ਅਤੇ ਇੱਕ ਹੋਰ ਅਣਪਛਾਤੀ ਔਰਤ ਵਜੋਂ ਹੋਈ ਹੈ। ਪੁਲਸ ਸੁਪਰਡੈਂਟ ਨੀਰਜ ਕੁਮਾਰ ਜਾਦੌਣ ਨੇ ਕਿਹਾ ਕਿ ਇਹ ਹਾਦਸਾ ਸਵੇਰੇ 9:45 ਵਜੇ ਦੇ ਕਰੀਬ ਬੰਗਾਰਮਾਊ-ਸੰਡੀਲਾ ਸੜਕ ’ਤੇ ਵਾਪਰਿਆ, ਜਿਸ ’ਚ ਆਟੋ ਰਿਕਸ਼ਾ ’ਚ ਸਵਾਰ ਚਾਰ ਪੁਰਸ਼ਾਂ ਤੇ ਦੋ ਔਰਤਾਂ ਦੀ ਮੌਤ ਹੋ ਗਈ। ਟਰੱਕ ਡਰਾਈਵਰ ਮੌਕੇ ਤੋਂ ਵਾਹਨ ਸਮੇਤ ਫਰਾਰ ਹੋ ਗਿਆ ਤੇ ਉਸਦੀ ਭਾਲ ਲਈ ਕੋਸ਼ਿਸ਼ਾਂ ਜਾਰੀ ਹਨ। ਜਾਦੌਨ ਨੇ ਅੱਗੇ ਕਿਹਾ ਕਿ ਜ਼ਖਮੀਆਂ ’ਚ ਇੱਕ ਛੋਟਾ ਬੱਚਾ ਵੀ ਸ਼ਾਮਲ ਹੈ ਜਿਸਦੀ ਹਾਲਤ ਨਾਜ਼ੁਕ ਬਣੀ ਹੋਈ ਹੈ।

## ਪੰਜਾਬ ’ਚ ਰੂਹ ਕੰਬਾਊ ਵਾਰਦਾਤ, ਖੇਤਾਂ ’ਚ ਵਿਅਕਤੀ ਦਾ ਕਤਲ, ਟਰੈਕਟਰ ਨਾਲ ਦੂਰ ਤੱਕ ਘੜੀਸਿਆ

ਦਸੂਹਾ 23 ਨਵੰਬਰ। ਥਾਣਾ ਦਸੂਹਾ ਦੇ ਪਿੰਡ ਸ਼ਾਹਪੁਰ ਵਿਖੇ ਅੱਜ ਇਕ ਜਿਮੀਦਾਰ ਵੱਲੋਂ ਪਿੰਡ ਦੇ ਹੀ ਇਕ ਵਿਅਕਤੀ ਦਾ ਟਰੈਕਟਰ ਨਾਲ ਘੜੀਸ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਜੋਗਿੰਦਰ ਸਿੰਘ ਵਜੋਂ ਹੋਈ ਹੈ। ਸੂਚਨਾ ਮਿਲਣ ਮਗਰੋਂ ਥਾਣਾ ਮੁਖੀ ਦਸੂਹਾ ਰਜਿੰਦਰ ਸਿੰਘ ਮਿਨਹਾਸ, ਏ. ਐੱਸ. ਆਈ. ਜਰਨੈਲ ਸਿੰਘ ਅਤੇ ਹੋਰ ਪੁਲਸ ਮੁਲਾਜ਼ਮ



ਪਹੁੰਚੇ। ਕਤਲ ਕੀਤੇ ਵਿਅਕਤੀ ਦੀ ਲਾਸ਼ ਨੂੰ ਕਬਜ਼ੇ ’ਚ ਲੈ ਕੇ ਦਸੂਹਾ ਦੇ ਸਿਵਲ ਹਸਪਤਾਲ ਦੀ ਮੁਰਦਾਘਰ ਵਿੱਚ ਰੱਖਵਾ ਦਿੱਤਾ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਜ਼ਮੀਨ ਦੇ ਝਗੜੇ ਦੇ ਸਬੰਧ ਵਿੱਚ ਦੋਹਾਂ ਧਿਰਾਂ ਦਾ ਕੋਈ ਕੇਸ ਚੱਲਦਾ ਸੀ। ਟਰੈਕਟਰ ਮਾਲਕ ਜੋਗਿੰਦਰ ਸਿੰਘ ਨੂੰ ਖੇਤਾਂ ਵਿੱਚ ਲਗਭਗ 30 ਫੁੱਟ ਦੂਰ ਤੱਕ ਘੜੀਸਦਾ ਲੈ ਗਿਆ। ਇਸ ਦੌਰਾਨ ਉਸ ਦੀ ਮੌਤ ਹੋ ਗਈ। ਦਸੂਹਾ ਪੁਲਸ ਨੇ ਇਸ ਸਬੰਧੀ ਮ੍ਰਿਤਕ ਦੇ ਲੜਕੇ ਦੇ ਬਿਆਨ ਦੇ ਆਧਾਰ ’ਤੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

## 1350 ਲੀਟਰ ਲਾਹਣ ਅਤੇ 43 ਬੋਤਲਾਂ ਨਜਾਇਜ਼ ਸ਼ਰਾਬ ਸਮੇਤ 3 ਕਾਬੂ , 5 ਫਰਾਰ

ਲਹਿਰਾਗਾਗਾ 23 ਨਵੰਬਰ। ਪਿਛਲੇ ਦਿਨੀ ਮਜੀਠਾ ਵਿਖੇ ਵਾਪਰੇ ਜ਼ਹਿਰੀਲੀ ਸ਼ਰਾਬ ਕਾਂਡ ਅਤੇ ਸਰਕਾਰ ਦੇ ਯੁੱਧ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਦੇ ਤਹਿਤ ਜ਼ਿਲਾ ਪੁਲਸ ਮੁਖੀ ਸਤਿੰਦਰ ਸਿੰਘ ਚਾਹਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਲਹਿਰਾਗਾਗਾ ਪੁਲਸ ਅਤੇ ਐਕਸਾਈਜ਼ ਵਿਭਾਗ ਵੱਲੋਂ ਸਾਂਝੇ ਅਪਰੇਸ਼ਨ ਦੇ ਤਹਿਤ ਵੱਡੀ ਮਾਤਰਾ ਵਿੱਚ ਲਾਹਣ ਅਤੇ ਨਜਾਇਜ਼ ਸ਼ਰਾਬ ਫੜਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਐਸਪੀ ਦਪਿੰਦਰਪਾਲ ਸਿੰਘ ਜੇਜੀ ਨੇ ਦੱਸਿਆ ਕਿ ਥਾਣਾ ਮੁਖੀ ਇੰਸਪੈਕਟਰ ਰਣਵੀਰ ਸਿੰਘ ਦੀ ਯੋਗ ਅਗਵਾਈ ਹੇਠ ਥਾਣਾ ਲਹਿਰਾ ਦੀ ਪੁਲਸ ਤੇ ਐਕਸਾਈਜ਼ ਵਿਭਾਗ ਵੱਲੋਂ ਪਿੰਡ ਜਲੂਰ ਵਿਖੇ ਮੁੱਖਬਰਾਂ ਦੀ ਇਤਲਾਹ ਤੇ ਚਲਾਏ ਗਏ ਸਰਚ ਆਪਰੇਸ਼ਨ ਦੌਰਾਨ 1150 ਲੀਟਰ ਲਾਹਣ ਅਤੇ 43 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਦੋ ਔਰਤਾਂ ਸਮੇਤ ਤਿੰਨ ਵਿਅਕਤੀਆਂ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ ਅਤੇ ਪੰਜ ਦੋਸ਼ੀ ਫਰਾਰ ਹਨ, ਉਨ੍ਹਾਂ ਦੱਸਿਆ ਕਿ ਥਾਣਾ ਲਹਿਰਾਗਾਗਾ ਦੇ ਸਹਾਇਕ ਥਾਣੇਦਾਰ ਰਮੇਸ਼ਵਰ ਦਾਸ, ਸੁੱਖਾ ਸਿੰਘ, ਸੁਰੇਸ਼ ਕੁਮਾਰ ਅਤੇ ਸਤਪਾਲ ਸਿੰਘ ਪਿੰਡ ਜਲੂਰ ਵਿਖੇ ਵੱਖ ਵੱਖ ਸਮੇਂ ਤੇ ਮੁਖਬਰਾਂ ਦੀ ਇਤਲਾਹ ਮਿਲਣ ਤੇ ਇੱਕ ਘਰ ਵਿੱਚ ਰੇਡ ਕਰਨ ਤੇ ਕਸ਼ਮੀਰਾ ਸਿੰਘ ਦੀ ਪਤਨੀ ਨਾਨਕੀ, ਬੇਟੀ ਲੱਛਾ ਰਾਣੀ ਨੂੰ ਕਾਬੂ ਕਰਕੇ 28 ਬੋਤਲਾਂ ਨਜਾਇਜ਼ ਸ਼ਰਾਬ ਅਤੇ 50 ਲੀਟਰ ਲਾਹਣ ਬਰਾਮਦ ਕੀਤੀ ਗਈ ਜਦੋਂ ਕਿ ਕਸ਼ਮੀਰਾ ਸਿੰਘ ਫਰਾਰ ਹੈ। ਮੰਗੂ ਸਿੰਘ ਪੁੱਤਰ



ਰਤਨਾ ਸਿੰਘ ਦੇ ਘਰ ਰੇਡ ਕਰਨ ਤੇ ਉਸ ਨੂੰ 300 ਲੀਟਰ ਲਾਹਣ ਸਮੇਤ ਕਾਬੂ ਕੀਤਾ ਗਿਆ ਹੈ, ਕਾਕੂ ਸਿੰਘ ਪੁੱਤਰ ਕਸ਼ਮੀਰਾ ਸਿੰਘ, ਜਸਵੰਤ ਸਿੰਘ ਪੁੱਤਰ ਰਘਵੀਰ ਸਿੰਘ, ਗੁੱਡੀ ਪਤਨੀ ਰਘਵੀਰ ਸਿੰਘ ਦੇ ਘਰ ਰੇਡ ਕਰਨ ਤੇ ਉਨਾ ਦੇ ਘਰੋ 15 ਬੋਤਲਾਂ ਨਜਾਇਜ਼ ਸ਼ਰਾਬ ਅਤੇ 400 ਲੀਟਰ ਲਾਹਣ ਬਰਾਮਦ ਕੀਤੀ ਗਈ ਹੈ ਜਦੋਂ ਕਿ ਦੋਸ਼ੀ ਫਰਾਰ ਹਨ, ਜਸਪਾਲ ਸਿੰਘ ਪੁੱਤਰ ਹਜ਼ਾਰਾ ਸਿੰਘ ਦੇ ਘਰ ਰੇਡ ਕਰਨ ਤੇ ਉਸ ਦੇ ਘਰੋਂ 400 ਲੀਟਰ ਲਾਹਣ ਬਰਾਮਦ ਕੀਤੀ ਗਈ ਹੈ ਦੋਸ਼ੀ ਫਰਾਰ ਹੈ, ਉਨ੍ਹਾਂ ਕਿਹਾ ਕਿ ਉਕਤ ਮੁਹਿਮ ਵਿੱਚ ਪਿੰਡ ਦੀ ਪੰਚਾਇਤ ਅਤੇ ਲੋਕਾਂ ਵੱਲੋਂ ਦਿੱਤਾ ਗਿਆ ਸਹਿਯੋਗ ਵੀ ਪ੍ਰਸ਼ੰਸਾਯੋਗ ਹੈ।ਇਸੇ ਤਰ੍ਹਾਂ ਪਿੰਡ ਬਖੋਰਾ ਵਿਖੇ ਪੁਲਸ ਨੇ 200 ਲੀਟਰ ਲਾਹਣ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਪੁਲਸ ਦੀ ਉਕਤ ਮੁਹਿੰਮ ਇਸੇ ਤਰ੍ਹਾਂ ਜਾਰੀ ਰਹੇਗੀ, ਕਿਸੇ ਨੂੰ ਵੀ ਇਲਾਕੇ ਅੰਦਰ ਨਜਾਇਜ਼ ਸ਼ਰਾਬ ਦਾ ਧੰਦਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ੇ ਸਮਗਲਰਾਂ ਦੀ ਜਾਣਕਾਰੀ ਪੁਲਸ ਨੂੰ ਦਿੱਤੀ ਜਾਵੇ, ਜਾਣਕਾਰੀ ਦੇਣ ਵਾਲੇ ਦਾ ਨਾਮ ਪਤਾ ਗੁਪਤ ਰੱਖਿਆ ਜਾਵੇਗਾ। ਦੂਜੇ ਪਾਸੇ ਐਕਸਾਇਜ ਵਿਭਾਗ ਦੇ ਇੰਸਪੈਕਟਰ ਗੋਵਰਧਨ ਨੇ ਕਿਹਾ ਕਿ ਇਲਾਕੇ ਅੰਦਰ ਨਜਾਇਜ਼ ਸ਼ਰਾਬ ਦਾ ਧੰਦਾ ਕਰਨ ਵਾਲਿਆਂ ਉੱਤੇ ਵਿਭਾਗ ਵੱਲੋਂ ਪੈਨੀ ਨਜ਼ਰ ਰੱਖੀ ਜਾ ਰਹੀ ਹੈ। ਕਿਸੇ ਨੂੰ ਵੀ ਨਜਾਇਜ਼ ਸ਼ਰਾਬ ਕਰਨ ਦਾ ਧੰਦਾ ਕਰਨ ਦਾ ਕਰਨ ਦੀ ਇਜਾਜ਼ਤ ਨੀਤੀ ਨਹੀਂ ਦਿੱਤੀ ਜਾਵੇਗੀ ਕਿਸੇ ਵੀ ਦੋਸ਼ੀ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਕ੍ਰਿਸ਼ੀ ਵਿਗਿਆਨ ਕੇਂਦਰ, ਨੇ ਭਾਈ ਗੁਰਦਾਸ ਕਾਲਜ ਦੇ ਵਿਦਿਆਰਥੀਆਂ ਨੂੰ ਪਰਾਲੀ ਪ੍ਰਬੰਧਨ ਦੀ ਮਹੱਤਤਾ ਬਾਰੇ ਕੀਤਾ ਜਾਗਰੂਕ

**ਕੌਮੀ ਪਤ੍ਰਿਕਾ**

ਸੰਗਰੂਰ,23 ਨਵੰਬਰ: ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਵੱਲੋਂ ਡਾਇਰੈਕਟਰ ਪਸਾਰ ਸਿੱਖਿਆ, ਪੀ.ਏ.ਯੂ, ਲੁਧਿਆਣਾ ਅਤੇ ਡਾਇਰੈਕਟਰ, ਆਈ.ਸੀ.ਏ.ਆਰ. - ਅਟਾਰੀ, ਜ਼ੋਨ 1, ਲੁਧਿਆਣਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਝੋਨੇ ਦੀ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਕਾਲਜ ਦੇ ਵਿਦਿਆਰਥੀਆਂ ਲਈ ਇੱਕ ਜਾਗਰੂਕਤਾ ਸੈਮੀਨਾਰ ਭਾਈ ਗੁਰਦਾਸ ਗਰੁੱਪ ਆਫ ਇੰਸਟੀਚਿਊਸ਼ਨਜ਼, ਜ਼ਿਲਾ ਸੰਗਰੂਰ ਵਿਖੇ ਆਯੋਜਿਤ ਕੀਤਾ ਗਿਆ। ਇਸ ਮੌਕੇ ਕਾਲਜ ਵਿਦਿਆਰਥੀਆਂ ਲਈ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਹੋਣ ਵਾਲੇ ਦੁਰਪ੍ਰਭਾਵਾਂ ਬਾਰੇ ਸਲੋਗਨ ਲਿਖਣ, ਰੰਗੋਲੀ ਅਤੇ ਪੋਸਟਰ ਬਣਾਉਣ ਦੇ ਮੁਕਾਬਲੇ ਕਰਵਾਏ ਗਏ। ਇਸ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਨੁੱਕੜ ਨਾਟਕ ਅਤੇ ਕਵਿਤਾਵਾਂ ਦੁਆਰਾ ਪਰਾਲੀ ਨਾ ਸਾੜਨ ਦਾ ਸੁਨੇਹਾ ਦਿੱਤਾ ਗਿਆ। ਸੈਮੀਨਾਰ ਦੌਰਾਨ ਆਪਣੇ ਸੰਬੋਧਨ ਦੌਰਾਨ ਡਾ. ਮਨਦੀਪ ਸਿੰਘ, ਇੰਚਾਰਜ, ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਨੇ ਵਿਦਿਆਰਥੀਆਂ ਨੂੰ ਪਰਾਲੀ ਨੂੰ ਸਾੜਨ ਨਾਲ ਮਨੁੱਖੀ ਸਿਹਤ ਅਤੇ ਵਾਤਾਵਰਣ ਨੂੰ ਹੋਣ ਵਾਲੇ ਨੁਕਸਾਨਾਂ ਅਤੇ ਪਰਾਲੀ ਨੂੰ ਖੇਤ ਵਿੱਚ ਹੀ ਸਾਂਭਣ ਦੀਆਂ ਤਕਨੀਕਾਂ ਅਤੇ ਫਾਇਦਿਆਂ ਬਾਰੇ ਵਿਸਤਾਰ ਵਿੱਚ ਜਾਣਕਾਰੀ ਦਿੱਤੀ ਗਈ। ਉਹਨਾਂ ਵੱਲੋਂ ਵਿਦਿਆਰਥੀਆਂ ਨੂੰ ਪਰਾਲੀ ਨੂੰ ਨਾ ਸਾੜਨ ਦਾ ਸੁਨੇਹਾ ਆਪਣੇ ਮਾਪਿਆਂ ਨਾਲ ਸਾਂਝਾ ਕਰਨ ਅਤੇ ਪਰਾਲੀ ਨੂੰ ਸਾਂਭਣ ਦੀਆਂ ਤਕਨੀਕਾਂ ਬਾਰੇ ਜਾਣਕਾਰੀ ਲੈਣ ਲਈ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਨਾਲ ਸੰਪਰਕ ਲਈ ਵੀ ਆਖਿਆ ਗਿਆ। ਪ੍ਰੋਫੈਸਰ ਡਾ. ਤਨੂਜਾ ਸ਼੍ਰੀਵਾਸਤਵ, ਕੈਂਪਸ ਡਾਇਰੈਕਟਰ, ਭਾਈ ਗੁਰਦਾਸ ਗਰੁੱਪ ਆਫ ਇੰਸਟੀਚਿਊਸ਼ਨਜ਼ ਨੇ ਪਰਾਲੀ ਸਾੜਨ ਨਾਲ ਪੈਦਾ ਹੋਣ ਵਾਲੇ ਗੰਭੀਰ ਵਾਤਾਵਰਣਕ ਖ਼ਤਰਿਆਂ 'ਤੇ ਚਾਨਣਾ ਪਾਇਆ 9 ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ, ਉਨ੍ਹਾਂ ਨੇ ਵਾਤਾਵਰਣ ਸੰਭਾਲ ਦੀ ਮਹੱਤਤਾ 'ਤੇ ਜ਼ੋਰ ਦਿੱਤਾ 9 ਡਾ. ਰੇਣੂ ਬਾਲਾਕ੍ਰਿਸ਼ਨਨ, ਵਿਗਿਆਨੀ, ਸੈਂਟਰਲ ਇੰਸਟੀਚਿਊਟ ਫਾਰ ਪੋਸਟ ਹਾਰਵੈਸਟ ਇੰਜੀਨੀਅਰਿੰਗ ਐਂਡ ਟੈਕਨੋਲੋਜੀ, ਲੁਧਿਆਣਾ ਨੇ ਵਿਦਿਆਰਥੀਆਂ ਨੂੰ ਟਿਕਾਊ ਖੇਤੀਬਾੜੀ ਦੀ ਮਹੱਤਤਾ ਅਤੇ ਲੋੜ ਸਬੰਧੀ ਜਾਣੂ ਕਰਵਾਇਆ।ਭਾਈ ਗੁਰਦਾਸ ਇੰਸੀਚਿਊਟ ਦੇ ਖੇਤੀਬਾੜੀ ਵਿਭਾਗ ਦੇ ਮੁਖੀ ਸ਼੍ਰੀ ਗੁਰਪ੍ਰੀਤ ਸਿੰਘ, ਕੇ.ਵੀ.ਕੇ., ਸੰਗਰੂਰ ਦੇ ਸਹਾਇਕ ਪ੍ਰੋਫੈਸਰ (ਗ੍ਰਹਿ ਵਿਗਿਆਨ) ਡਾ ਵਿਤਸਤਾ ਅਤੇ ਕਾਲਜ ਦੇ ਹੋਰ ਸਟਾਫ਼ ਮੈਂਬਰਾਂ ਦੁਆਰਾ ਵਿਦਿਆਰਥੀਆਂ ਦੇ ਮੁਕਾਬਲਿਆਂ ਦੀ ਇੱਕ ਲੜੀ ਦਾ ਆਯੋਜਨ ਕੀਤਾ ਗਿਆ, ਜਿਸ ਰਾਹੀਂ ਭਾਗੀਦਾਰਾਂ ਨੇ ਝੋਨੇ ਦੀ ਰਹਿੰਦ-ਖੂੰਹਦ ਨੂੰ ਸਾੜਨ ਦੇ ਦੁਰਪ੍ਰਭਾਵਾਂ ਨੂੰ ਉਜਾਗਰ ਕੀਤਾ ਅਤੇ ਮੁਕਾਬਲਿਆਂ ਦੇ ਜੇਤੂਆਂ ਨੂੰ ਕੇ.ਵੀ.ਕੇ., ਸੰਗਰੂਰ ਵੱਲੋਂ ਸਨਮਾਨਿਤ ਕੀਤਾ ਗਿਆ9 ਇਸ ਸੈਮੀਨਾਰ ਦੌਰਾਨ ਡਾ ਰਵਿੰਦਰ ਕੌਰ, ਸਹਾਇਕ ਪ੍ਰੋਫੈਸਰ (ਬਾਗਬਾਨੀ) ਅਤੇ ਡਾ ਰਵੀ ਪ੍ਰਕਾਸ਼ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਅਖੀਰ ਵਿੱਚ ਕੇ.ਵੀ.ਕੇ., ਵੱਲੋਂ ਕਾਲਜ ਦੇ ਕੈਂਪਸ ਡਾਇਰੈਕਟਰ ਨੂੰ ਸਨਮਾਨ ਚਿੰਨ ਵੀ ਭੇਂਟ ਕੀਤਾ ਗਿਆ।

## ਪੰਜਾਬ ਪੁਲਸ ਦੇ ਮੁਲਾਜ਼ਮ ਦੀ ਵੀਡੀਓ ਵਾਇਰਲ !

ਲੁਧਿਆਣਾ 23 ਨਵੰਬਰ। ਪੁਲਸ ਦੀ ਗ੍ਰਿਫ਼ਤ ਵਿਚੋਂ ਕੈਦੀਆਂ ਦੇ ਭੱਜਣ ਦੀਆਂ ਘਟਨਾਵਾਂ ਕਈ ਵਾਰ ਚਰਚਾ ਦਾ ਵਿਸ਼ਾ ਬਣੀਆਂ ਹਨ। ਇਸ ਵਿਚਾਲੇ ਫਿਰੋਜ਼ਪੁਰ ਰੋਡ ਕਚਹਿਰੀ ਵੱਲ ਸਕੂਟਰ 'ਤੇ ਬੈਠੇ ਇਕ ਪੁਲਸ ਮੁਲਾਜ਼ਮ ਅਤੇ ਕੈਦੀ ਦੀ ਵੀਡੀਓ ਤੇਜ਼ੀ ਨਾਲ ਵਾਇਰਲ ਹੋਈ ਹੈ। ਇਸ ਵੀਡੀਓ ਵਿਚ ਕੈਦੀ ਨੂੰ ਹੱਥਕੜੀ ਲੱਗੀ ਹੋਈ ਹੈ, ਅਤੇ ਪੁਲਸ ਮੁਲਾਜ਼ਮ ਨੇ ਕੈਦੀ ਦੀ ਹੱਥਕੜੀ ਨੂੰ ਹੱਥ ਵਿਚ ਫੜਿਆ ਹੋਇਆ ਹੈ ਅਤੇ ਉਹ ਸਕੂਟਰ ਚਲਾ ਰਿਹਾ ਹੈ। ਤੇਜ਼ ਰਫ਼ਤਾਰ ਨਾਲ ਜਾ ਰਹੇ ਸਕੂਟਰ 'ਤੇ ਕੈਦੀ ਨੇ ਖ਼ੁਦ ਨੂੰ ਕੱਸ ਕੇ ਜਕੜ ਰੱਖਿਆ ਹੈ। ਇਹ ਵੀਡੀਓ ਸੋਸ਼ਲ ਮੀਡੀਆ 'ਤੇ ਬੜੀ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਉੱਥੇ ਹੀ ਲੋਕਾਂ ਦੇ ਤਰ੍ਹਾਂ-ਤਰ੍ਹਾਂ ਦੇ ਕਮੈਂਟਸ ਵੀ ਪੜ੍ਹਨ ਨੂੰ ਮਿਲੇ ਹਨ। ਜਿਨ੍ਹਾਂ ਵਿਚ ਇਹ ਸਵਾਲ ਵੀ ਸ਼ਾਮਲ ਸੀ ਕਿ ਸਕੂਟਰ 'ਤੇ ਹਾਈ ਸਕਿਓਰਿਟੀ ਨੰਬਰ ਪਲੇਟਨਾ ਹੋਣ ਕਾਰਨ ਪੁਲਸ ਦਾ ਚਾਲਾਨ ਕੌਣ ਕੱਟੇਗਾ? ਹੋਰ ਟਿੱਪਣੀਆਂ ਵਿਚ ਕਿਹਾ ਗਿਆ ਕਿ ਕੈਦੀ 'ਸ਼ਰੀਫ' (ਨੇਕ) ਹੈ, ਕਿਉਂਕਿ ਜੇਕਰ ਕੈਦੀ ਬਦਮਾਸ਼ ਹੁੰਦਾ ਤਾਂ ਉਹ ਆਸਾਨੀ ਨਾਲ ਭੱਜ ਸਕਦਾ ਸੀ। ਇਹ ਚਿੰਤਾ ਵੀ ਜ਼ਾਹਰ ਕੀਤੀ ਗਈ ਕਿ ਜੇਕਰ ਕੈਦੀ ਭੱਜੇ ਤਾਂ ਪੁਲਸ ਮੁਲਾਜ਼ਮ ਵੀ ਜ਼ਖ਼ਮੀ ਹੋ ਸਕਦਾ ਹੈ। ਕਈ ਲੋਕਾਂ ਨੇ ਪੁਲਿਸ ਦੀ ਨਫ਼ਰੀ (ਮੈਨਪਾਵਰ) ਨੂੰ ਲੈ ਕੇ ਵੀ ਸਵਾਲ ਚੁੱਕੇ ਹਨ।

## ਹੈਰੋਇਨ ਅਤੇ ਨਜਾਇਜ਼ ਅਸਲੇ ਸਮੇਤ ਮੋਟਰਸਾਈਕਲ ਸਵਾਰ ਕਾਬੂ

ਮਲੋਟ 22 ਨਵੰਬਰ। ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਅੰਦਰ ਪੁਲਸ ਨੇ ਚਲਾਈ ਨਸ਼ਿਆਂ ਅਤੇ ਗੈਰ ਸਮਾਜੀ ਅਨਸਰਾਂ ਵਿਰੁੱਧ ਮੁਹਿੰਮ ਤਹਿਤ ਸੀ.ਆਈ.ਏ.ਸਟਾਫ ਦੀ ਟੀਮ ਨੂੰ ਉਸ ਵੇਲੇ ਸਫਲਤਾ ਮਿਲੀ ਜਦੋਂ ਇਕ ਮੋਟਰਸਾਈਕਲ ਸਵਾਰ ਵਿਅਕਤੀ ਨੂੰ ਭਾਰੀ ਮਾਤਰਾ ਵਿਚ ਹੈਰੋਇਨ ਅਤੇ ਨਜਾਇਜ਼ ਅਸਲੇ ਸਮੇਤ ਕਾਬੂ ਕੀਤਾ। ਸੀ.ਆਈ.ਏ.ਸਟਾਫ਼ ਦੇ ਏ. ਐੱਸ. ਆਈ. ਬਲਜਿੰਦਰ ਸਿੰਘ ਸਮੇਤ ਟੀਮ ਨੇ ਪਿੰਡ ਪੰਨੀਵਾਲਾ ਨੇੜੇ ਇਕ ਵਿਅਕਤੀ ਨੂੰ ਹੀਰੋ ਸਪਲੈਂਡਰ ਮੋਟਰਸਾਈਕਲ ਨੰਬਰ ਪੀ. ਬੀ. 10 ਸੀ ਕੇ 8512 ਤੇ ਬੈਠੇ ਨੂੰ ਸ਼ੱਕੀ ਹਾਲਤ ਵਿਚ ਵੇਖਿਆ। ਇਸ ਦੌਰਾਨ ਜਦੋਂ ਉਸ ਨਾਮ ਪਤਾ ਪੁੱਛਿਆ ਤਾਂ ਉਸਦੀ ਸ਼ਨਾਖਤ ਹਰਵਿੰਦਰ ਸਿੰਘ ਉਰਫ ਵਿੰਦਾ ਪੁੱਤਰ ਗੁਰਮੀਤ ਸਿੰਘ ਪਿੰਡ ਤਰੋਬੜੀ ਜ਼ਿਲ੍ਹਾ ਫਾਜ਼ਿਲਕਾ ਵਜੋਂ ਹੋਈ। ਪੁਲਸ ਨੇ ਉਸਦੀ ਤਲਾਸ਼ੀ ਕੀਤੀ ਤਾਂ ਉਸ ਪਾਸੋਂ 100ਗ੍ਰਾਮ ਹੈਰੋਇਨ ਇਕ ਨਜਾਇਜ ਰਿਵਾਲਵਰ 32ਬੋਰ ਅਤੇ 8 ਜਿੰਦਾ ਕਾਰਤੂਸ ਬਰਾਮਦ ਹੋਏ। ਪੁਲਸ ਨੇ ਉਕਤ ਵਿਅਕਤੀ ਨੂੰ ਕਾਬੂ ਕਰਕੇ ਉਸਦੇ ਵਿਰੁੱਧ ਥਾਣਾ ਕਬਰਵਾਲਾ ਵਿਖੇ ਐਨ.ਡੀ.ਪੀ.ਐਸ.ਅਤੇ ਅਸਲਾ ਐਕਟ ਤਹਿਤ ਮਾਮਲਾ ਦਰਜ ਕਰ ਲਿਆ।

## ਯੁੱਧ ਨਸ਼ਿਆਂ ਵਿਰੁੱਧ: ਸੰਗਰੂਰ ਪੁਲਸ ਵੱਲੋਂ 41 ਮੁਕੱਦਮੇ ਦਰਜ

ਸੰਗਰੂਰ 23 ਨਵੰਬਰ। ਸਰਤਾਜ ਸਿੰਘ ਚਾਹਲ, ਐਸ.ਐਸ.ਪੀ., ਸੰਗਰੂਰ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਸੰਗਰੂਰ ਵੱਲੋਂ "ਯੁੱਧ ਨਸ਼ਿਆਂ ਵਿਰੁੱਧ"ਚਲਾਈ ਗਈ ਮੁਹਿੰਮ ਦੌਰਾਨ ਕਾਰਵਾਈ ਕਰਦੇ ਹੋਏ ਮਿਤੀ 15.11.2025 ਤੋਂ 21.11.2025 ਤਕ ਡਰੱਗ ਦੇ 32 ਮੁਕੱਦਮੇ ਦਰਜ ਕਰ ਕੇ 50 ਕਥਿਤ ਦੋਸ਼ੀਆਂ ਨੂੰ ਕਾਬੂ ਕਰ ਕੇ 301 ਗ੍ਰਾਮ ਹੈਰੋਇਨ, 08 ਨਸ਼ੀਲੇ ਟੀਕੇ ਅਤੇ 220 ਨਸ਼ੀਲੀਆਂ ਗੋਲੀਆਂ ਬ੍ਰਾਮਦ ਕਰਵਾਈਆਂ ਗਈਆਂ। ਸ਼ਰਾਬ ਦਾ ਧੰਦਾ ਕਰਨ ਵਾਲਿਆਂ ਖਿਲਾਫ 09 ਮੁਕੱਦਮੇ ਦਰਜ ਕਰ ਕੇ 10 ਕਥਿਤ ਦੋਸ਼ੀਆਂ ਨੂੰ ਕਾਬੂ ਕਰ ਕੇ 150 ਲੀਟਰ ਸ਼ਰਾਬ ਠੇਕਾ ਦੇਸੀ, 18 ਲੀਟਰ ਸ਼ਰਾਬ ਨਜਾਇਜ਼ ਅਤੇ 300 ਲੀਟਰ ਲਾਹਣ ਬ੍ਰਾਮਦ ਕਰਵਾਈ ਗਈ। ਮਿਤੀ 18.11.2025 ਨੂੰ ਥਾਣਾ ਲਹਿਰਾ ਦੇ ਏਰੀਆ ਵਿੱਚ ਚੋਰੀਆਂ ਕਰਨ ਵਾਲੇ 01 ਕਥਿਤ ਦੋਸ਼ੀ ਨੂੰ ਗ੍ਰਿਫਤਾਰ ਕਰ ਕੇ 01 ਮੋਟਰਸਾਇਕਲ ਅਤੇ 5000/- ਰੁਪਏ ਬ੍ਰਾਮਦ ਕਰਵਾਏ ਗਏ। ਮਿਤੀ 20.11.2025 ਨੂੰ ਥਾਣਾ ਭਵਾਨੀਗੜ੍ਹ ਵੱਲੋਂ 02 ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਕੇ, ਉਹਨਾਂ ਪਾਸੋਂ ਚੋਰੀਸ਼ੁਦਾ 01 ਰਾਈਫਲ 315 ਬੋਰ, 02 ਰੌਂਦ ਅਤੇ 02 ਮੋਟਰਸਾਈਕਲ ਬ੍ਰਾਮਦ ਕਰਵਾਏ ਗਏ। ਲੋਕਾਂ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਅਪੀਲ ਕੀਤੀ ਗਈ। ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ/ਸਪੋਰਟਸ ਕਲੱਬਾਂ/ਮੋਹਤਵਰਾਂ ਨਾਲ ਮੀਟਿੰਗਾਂ ਕਰ ਕੇ ਆਮ ਪਬਲਿਕ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਅਰਸੇ ਦੌਰਾਨ ਵੱਖ ਵੱਖ ਗਜ਼ਟਿਡ ਅਫਸਰਾਂ ਵੱਲੋਂ 38 ਪਿੰਡਾਂ/ਸ਼ਹਿਰਾਂ ਵਿੱਚ ਆਮ ਪਬਲਿਕ ਨਾਲ ਮੀਟਿੰਗਾਂ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਤੇ ਆਮ ਪਬਲਿਕ ਨੂੰ ਨਸ਼ੇ ਦਾ ਧੰਦਾਂ ਕਰਨ ਵਾਲੇ ਸਮੱਗਲਰਾਂ ਸਬੰਧੀ ਪੁਲਿਸ ਨੂੰ ਇਤਲਾਹਾਂ ਦੇਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਨਸ਼ੇ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.



**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.
**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.



**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.



**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose



**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.



**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.



**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

ਕੌਮੀ ਪਤ੍ਰਿਕਾ

ਮਿੰਨੀ ਕਹਾਣੀ

# ਵਧਾਈ



ਵਿਆਹ ਦੇ ਕਈ ਸਾਲਾਂ ਪਿੱਛੋਂ ਮੇਰੇ ਘਰ ਪੁੱਤਰ ਨੇ ਜਨਮ ਲਿਆ ਸੀ। ਮੇਰੇ ਗੁਆਂਢੀ ਤੇ ਪਿੰਡ ਦੇ ਹੋਰ ਲੋਕ ਮੇਰੇ ਘਰ ਪੁੱਤਰ ਦੇ ਜਨਮ ਦੀਆਂ ਵਧਾਈਆਂ ਦੇਣ ਆ ਰਹੇ ਸਨ। ਪਰ ਮੇਰਾ ਗੁਆਂਢੀ ਪਰਮਜੀਤ, ਜਿਸ ਦੇ ਘਰ ਦਾ ਗੇਟ ਮੇਰੇ ਘਰ ਦੇ ਗੇਟ ਬਿਲਕੁਲ ਸਾਮ੍ਹਣੇ ਹੈ, ਵਧਾਈ ਦੇਣ ਨਾ ਆਇਆ। ਇਕ ਦਿਨ ਜਦੋਂ ਮੈਂ ਸਕੂਲ ਜਾਣ ਲਈ ਆਪਣੇ ਘਰ ਦੇ ਗੇਟ ਤੋਂ ਬਾਹਰ ਨਿਕਲਣ ਲੱਗਾ ਤਾਂ ਮੇਰੀ ਨਜ਼ਰ ਪਰਮਜੀਤ ’ਤੇ ਪੈ ਗਈ, ਜੋ ਆਪਣੇ ਘਰ ਤੋਂ ਬਾਹਰ ਖੜ੍ਹਾ ਸੀ।

‘ਪਰਮਜੀਤ ਕੀ ਹਾਲ ਆ? ਤੂੰ ਮੈਨੂੰ ਵਧਾਈ ਦੇਣ ਵੀ ਨਹੀਂ ਆਇਆ, ਕੀ ਗੱਲ ਆ? ਮੈਂ ਉਸ ਨੂੰ ਇੱਕੋ ਸਾਹੇ ਕਈ ਸਵਾਲ ਕਰ ਦਿੱਤੇ।

ਆਪਣੇ ਅੰਦਰ ਦੱਬੇ ਲਾਵੇ ਨੂੰ ਬਾਹਰ ਕੱਢਦਾ ਹੋਇਆ ਉਹ ਬੋਲਿਆ, ‘ਮਾਸਟਰ ਜੀ, ਮੇਰਾ ਵੱਡਾ ਪੁੱਤ ਪਿੰਡ ਦੇ ਸਰਕਾਰੀ ਹਾਈ ਸਕੂਲ ਵਿਚ ਦਸਵੀਂ ’ਚ ਪੜ੍ਹਦਾ ਸੀ। ਮਾੜੇ ਮੁੰਡਿਆਂ ਦੀ ਸ਼ਹਿ ਤੇ ਉਹ ਇੱਥੋਂ ਲਾਗਲੇ ਪਿੰਡ ਦੇ ਸਕੂਲ ਵਿਚ ਪੜ੍ਹਨ ਲਈ ਸਰਟੀਫਿਕੇਟ ਲੈ ਗਿਆ ਪਰ ਉਹ ਉੱਥੇ ਵੀ ਨਾ ਪੜ੍ਹਿਆ। ਮਾੜੇ ਮੁੰਡਿਆਂ ਦੀ ਸੰਗਤ ਵਿਚ ਪੈ ਕੇ ਉਹ ਨਸ਼ੇ ਕਰਨ ਕਰਨ ਲੱਗ ਪਿਆ ਆ। ਘਰ ਦੀ ਜੋ ਚੀਜ਼ ਉਸ ਨੂੰ ਦਿਸਦੀ ਆ, ਵੇਚਣ ਤੁਰ ਪੈਂਦਾ ਆ। ਕਿਸੇ ਨਾ ਕਿਸੇ ਬਹਾਨੇ ਨਸ਼ਾ ਕਰਨ ਲਈ ਪੈਸੇ ਮੰਗਦਾ ਰਹਿੰਦਾ। ਮੈਨੂੰ ਰੱਜ ਕੇ ਗਾਲ੍ਹਾਂ ਕੱਢਦਾ। ਮੋਟਰਸਾਈਕਲ ਲੈ ਕੇ ਪਤਾ ਨਹੀਂ ਕਿੱਥੇ ਕਿੱਥੇ ਘੁੰਮਦਾ ਰਹਿੰਦਾ। ਉਹਦਾ ਕਰਕੇ ਮੈਂ ਫ਼ੌਜ ਦੀ ਨੌਕਰੀ ਵੀ ਛੱਡ ਕੇ ਆ ਗਿਆਂ। ਮੈਂ ਤਾਂ ਉਹਦੇ ਵੱਲੋਂ ਬੜਾ ਤੰਗ ਆਂ।

ਹਰ ਵੇਲੇ ਪਰੇਸ਼ਾਨ ਰਹਿੰਦਾਂ। ਹਰ ਵੇਲੇ ਡਰ ਲੱਗਾ ਰਹਿੰਦਾ ਕਿ ਕਿਤੇ ਕੁਝ ਕਰ ਕੇ ਨਾ ਆ ਜਾਵੇ। ਇਸੇ ਕਰਕੇ ਮੈਂ ਤੁਹਾਨੂੰ ਵਧਾਈ ਦੇਣ ਨਹੀਂ ਆਇਆ। ਰੱਬ ਇਹੋ ਜਹੇ ਪੁੱਤ ਨਾ ਕਿਸੇ ਨੂੰ ਦੇਵੇ। ਰੱਬ ਨੇ ਤਹਾਨੂੰ ਪੁੱਤਰ ਦੀ ਦਾਤ ਬਖਸ਼ੀ ਆ, ਬਹੁਤ ਖ਼ੁਸ਼ੀ ਦੀ ਗੱਲ ਆ।

ਇਹ ਵੱਡਾ ਹੋ ਕੇ ਚੰਗੇ ਕੰਮ ਕਰੇ, ਮਾੜੀ ਸੰਗਤ ਤੋਂ ਬਚ ਕੇ ਰਹੇ, ਮੇਰੀ ਰੱਬ ਅੱਗੇ ਇਹੋ ਦੁਆ ਆ। ਮੈਂ ਉਸ ਦੀਆਂ ਗੱਲਾਂ ਸੁਣ ਕੇ ਆਪਣੇ ਪੁੱਤਰ ਦੇ ਭਵਿੱਖ ਨੂੰ ਲੈ ਕੇ ਗਭੀਰ ਚਿੰਤਾ ਵਿਚ ਡੁੱਬ ਗਿਆ।

• ਮਹਿੰਦਰ ਸਿੰਘ ਮਾਨ
ਮੋਬਾਈਲ : 99158-03554

## ਗ਼ਜ਼ਲ

ਚੋਣਾਂ ਦਾ ਅੱਜ ਫੇਰ ਨਜ਼ਾਰਾ ਵੇਖਾਂਗੇ।
ਅੱਜ ਦੰਗਲ ਸਾਰੇ ਦਾ ਸਾਰਾ ਵੇਖਾਂਗੇ।

ਵੋਟ ਦੇ ਵਣਜ ’ਚ ਕਿਹੜਾ ਖੱਟੀ ਖਟਦਾ ਹੈ?
ਕਿਸ ਨੂੰ ਪੈਂਦੈ ਵੋਟ-ਕਸਾਰਾ ਵੇਖਾਂਗੇ।

ਇਸ ਵਿਚ ਅਸਲੀ ਨਾਗ, ਅਸਲ ਵਿਚ ਹੈ ਕਿ ਨਹੀਂ,
ਐ ਜੋਗੀ, ਅੱਜ ਤੇਰਾ ਪਟਾਰਾ ਵੇਖਾਂਗੇ।

ਝੀਲ ਵੀ ਸਾਗਰ ਵਾਂਗੂ ਬਿਫ਼ਰੀ ਫਿਰਦੀ ਹੈ,
ਇਸ ਵਿਚ ਤਰਦੈ ਕਿਦ੍ਹਾਂ ਸ਼ਿਕਾਰਾ, ਵੇਖਾਂਗੇ?

ਤੇਰੀ ਡਾਂਗ ’ਚ ਹੁਣ ਕਿੰਨਾਂ ਕੁ ਦਮ ਬਚਿਐ,
ਤੇਰੀ ਸਰਦਾਰੀ, ਸਰਦਾਰਾ ਵੇਖਾਂਗੇ।

ਵਿੱਸ ਘੋਲਦੈ ਸੱਪ, ਜੋ ਮਰਿਆ ਨਈਂ ਹਾਲੀ,
ਉਸ ਦਾ ਵੀ ਅੱਜ ਫਿਰ ਫੁੰਕਾਰਾ ਵੇਖਾਂਗੇ।

ਪਿੱਠ ’ਤੇ ਪਈਆਂ ਡਾਂਗਾਂ ਯਾਦ ਨੇ, ਜਾਂ ਭੁੱਲ ਗਏ?
ਚੇਤਾ ਲੋਕਾਂ ਦਾ ਵੀ ਸਾਰਾ ਵੇਖਾਂਗੇ।

ਅੱਜ ‘ਆਪ ਜੀ’ ਨੇ ਵੀ ਪਿੜ ਵਿਚ ਆਉਣਾ ਹੈ,
ਆਪ ਕਰੋਗੇ ਕਿਹੜਾ ਕਾਰਾ, ਵੇਖਾਂਗੇ?

ਡੰਗਰਾਂ, ਕੁੱਤਿਆਂ, ਚੋਰਾਂ ਤੋਂ ਤੰਗ ਹਨ ਕਿ ਨਹੀ?
ਇਸ ਬਾਰੇ ਲੋਕਾਂ ਦਾ ਇਸ਼ਾਰਾ ਵੇਖਾਂਗੇ।

ਜਾਂ ਤਾਂ ਰਾਤ ਨੂੰ ਡਿੱਗ ਪਵਾਂਗੇ ਮਰਿਆਂ ਵਾਂਗ,
ਜਾਂ ਫਿਰ ਕਰ ਕੇ ‘ਚਿੱਤ ਕਰਾਰਾ’ ਵੇਖਾਂਗੇ।

ਅੱਜ ‘ਸੰਧੂ’ ਨੇ ਤਾਂ ਦਿਲ ਹੌਲ਼ਾ ਕਰ ਹੀ ਲਿਐ,
ਅੱਜ ਕਿਸਦੈ ਦਿਲ ਭਾਰਾ-ਭਾਰਾ, ਵੇਖਾਂਗੇ?



• ਅਮਰਜੀਤ ਸਿੰਘ ਸੰਧੂ, ਮੋਬਾਈਲ : 94636-13528

# ਲੋਕ-ਦਿਲਾਂ ’ਚ ਵੱਸਣ ਵਾਲਾ
# ਧਿਆਨ ਸਿੰਘ ਸ਼ਾਹ ਸਿਕੰਦਰ



ਪ੍ਰੀਤਮ ਲੁਧਿਆਣਵੀ
ਮੋਬਾਈਲ : 98764-28641

*ਧਿਆਨ ਸਿੰਘ ਕੋਲ ਕਲਮ ਰੂਪੀ ਅਸਲਾ ਹੈ, ਜਿਸ ਨਾਲ ਉਹ ਲੋਕ-ਦਿਲਾਂ ਨੂੰ ਜਿੱਤਦੇ ਹੋਏ ਉਨ੍ਹਾਂ ਨੂੰ ਕਹਿਰਾਂ ਦੀ ਠੰਡਕ, ਤਾਜ਼ਗੀ ਤੇ ਗਿਆਨ ਵਰਤਾਉਂਦੇ, ਪੰਜਾਬੀ-ਮਾਂ ਬੋਲੀ ਨੂੰ ਸ਼ਿੰਗਾਰਦੇ, ਪਿੱਛਲੇ ਕਈ ਦਹਾਕਿਆਂ ਤੋਂ ਸ਼ੋਹਰਤ ਖੱਟਦੇ ਚਲੇ ਆ ਰਹੇ ਹਨ...*

ਇਸ ਮਾਤ-ਲੋਕ ਵਿਚ ਉਹ ਸਿਰਜਣਹਾਰ ਤਰ੍ਹਾਂ-ਤਰ੍ਹਾਂ ਦੀਆਂ ਰੂਹਾਂ ਨੂੰ ਅੱਡੋ-ਅੱਡਰੀਆਂ ਡਿਊਟੀਆਂ ਲਾ ਕੇ ਭੇਜਦਾ ਹੈ। ਇਨ੍ਹਾਂ ਵਿਚ ਕੁਝ ਇਕ ਰੂਹਾਂ ਐਸੀਆਂ ਵੇਖਣ ਨੂੰ ਮਿਲਦੀਆਂ ਹਨ, ਜਿਹੜੀਆਂ ਕਿ ਆਪਣਾ ਸਾਰਾ ਜੀਵਨ ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਵਿਚ ਹੀ ਲਗਾ ਦਿੰਦੀਆਂ ਹਨ। ਕਲਾ ਅਤੇ ਪੰਜਾਬੀ ਮਾਂ-ਬੋਲੀ ਨੂੰ ਸਮਰਪਿਤ ਇਨ੍ਹਾਂ ਵਿਰਲੀਆਂ ਸ਼ਖ਼ਸੀਅਤਾਂ ਵਿਚ ਹੀ ਅਦਬ-ਸਤਿਕਾਰ ਨਾਲ ਲਿਆ ਜਾਣ ਵਾਲਾ ਇਕ ਨਾਂ ਹੈ, ਧਿਆਨ ਸਿੰਘ ਸ਼ਾਹ ਸਿਕੰਦਰ। ਸਾਹਿਤਕ ਹਲਕਿਆਂ ਦੇ ਸ਼ਾਹ ਧਿਆਨ ਸਿੰਘ ਸ਼ਾਹ ਸਿਕੰਦਰ ਦਾ ਜਨਮ 1936 ਵਿਚ ਹੋਇਆ। ਪਿਤਾ ਮੁਨਸ਼ਾ ਸਿੰਘ ਅਤੇ ਮਾਤਾ ਸਵਰਨ ਕੌਰ ਦੇ ਲਾਡਲੇ ਧਿਆਨ ਸਿੰਘ ਨੂੰ ਪੜ੍ਹਾਈ ਦੀ ਸਮਾਪਤੀ ਉਪਰੰਤ ਸਿੱਖਿਆ ਵਿਭਾਗ ਵਿਚ ਅਧਿਆਪਕ ਦੀ ਸਰਕਾਰੀ ਨੌਕਰੀ ਮਿਲ ਗਈ, ਜਿਸ ਵਿੱਚੋਂ ਉਹ ਸੇਵਾ ਪੂਰੀ ਕਰਨ ਉਪਰੰਤ ਬੜੀ ਸ਼ਾਨੋ-ਸ਼ੌਕਤ ਨਾਲ ਲੈਕਚਰਰ ਪੰਜਾਬੀ ਦੇ ਅਹੁੱਦੇ ਤੋਂ ਸੇਵਾ-ਮੁਕਤ ਹੋਏ।

ਸ਼ਾਹ ਸਿਕੰਦਰ ਦਾ ਪੰਜਾਬੀ ਮਾਂ-ਬੋਲੀ ਪ੍ਰਤੀ ਠਾਠਾਂ ਮਾਰਦਾ ਇਹ ਗਹਿਰਾ ਲਗਾਓ ਹੀ ਸੀ, ਜਿਸ ਨੇ ਉਨ੍ਹਾਂ ਨੂੰ ‘ਰੂਪਾਂਤਰ’ ਨਾਂ ਦਾ ਮੈਗਜ਼ੀਨ ਚਲਾਉਣ ਲਈ ਮਜਬੂਰ ਕੀਤਾ। ਪਿਛਲੇ ਲਗਪਗ ਢਾਈ ਦਹਾਕਿਆਂ ਤੋਂ ਸ਼ੁਰੂ ਕੀਤਾ ਇਹ ਮੈਗਜ਼ੀਨ ਨਵੀਆਂ-ਪੁਰਾਣੀਆਂ ਕਲਮਾਂ, ਸੁਰਾਂ, ਆਵਾਜ਼ਾਂ ਅਤੇ ਹੋਰ ਤਰ੍ਹਾਂ-ਤਰ੍ਹਾਂ ਦੀ ਧਾਰਮਿਕ, ਸੱਭਿਆਚਾਰਕ ਅਤੇ ਸਮਾਜਿਕ ਸਮੱਗਰੀ ਨਾਲ ਦਸਤਕ ਦਿੰਦਾ ਲਗਾਤਾਰ ਪਾਠਕਾਂ ਦੇ ਹੱਥਾਂ ਤਕ ਪਹੁੰਚ ਰਿਹਾ ਹੈ। ਸ਼ਾਹ ਸਿਕੰਦਰ ਦੀਆਂ ਮੌਲਿਕ ਕਿਰਤਾਂ ਵੱਲ ਵੇਖੀਏ ਤਾਂ ਉਹ ਜਿੱਥੇ, ‘ਜਿੰਦ’ ਕਾਵਿ-ਸੰਗ੍ਰਹਿ (ਦੋ ਐਡੀਸ਼ਨ), ‘ਕਾਵਿ-ਰੂਪ ਦੋਹੜਾ’ (ਇਕ ਖੋਜ, ਤਿੰਨ ਐਡੀਸ਼ਨ), ‘ਰੋਸ਼ਨੀਆਂ ਦਾ ਦੇਸ਼’ (ਵਲੈਤ ਫੇਰੀ), ‘ਤਾਈ ਮਤਾਬੀ ਤੇ ਹੋਰ ਕਹਾਣੀਆਂ’ (ਕਹਾਣੀ ਸੰਗ੍ਰਹਿ) ਅਤੇ ‘ਤਾ ਕਿ ਸਨਦ ਰਹੇ’ (ਰੂਪਾਂਤਰ ਦੇ ਸੰਪਾਦਕੀਆਂ ਦਾ ਸੰਗ੍ਰਹਿ) ਆਦਿ ਆਪਣੀਆਂ ਮੌਲਿਕ ਕਿਰਤਾਂ ਨਾਲ ਪੰਜਾਬੀ ਮਾਂ-ਬੋਲੀ ਦੀ ਝੋਲੀ ਮਾਲੋ-ਮਾਲ ਕਰਨ ਵਿਚ ਯੋਗਦਾਨ ਪਾ ਚੁੱਕੇ ਹਨ।

ਉਨ੍ਹਾਂ ਦੇ ਸੰਪਾਦਨ ਕਾਰਜ ਵਿਚ ‘ਦੋਹੜੇ ਰਾਹੀ ਦੇ’, ‘ਫ਼ੱਕਰਨਾਮਾ’, ‘ਬੀਰ ਤੇ ਉਹਦੀਆਂ ਕਹਾਣੀਆ’ ਅਤੇ ‘ਪ੍ਰਲੋਕ ਦਾ ਭਰਮ ਮੰਥਨ’ ਵਿਸ਼ੇਸ਼ ਵਰਣਨ ਯੋਗ ਹਨ। ਜਿਵੇਂ ਯੋਧੇ ‘ਸਿਕੰਦਰ ਮਹਾਨ’ ਨੇ ਸੂਰਬੀਰ, ਬਹਾਦਰ, ਦਲੇਰ ਅਤੇ ਨਿੱਡਰ ਯੋਧਾ ਹੋਣ ਦਾ ਵਿਸ਼ਵ-ਜੇਤੂ ਰਿਕਾਰਡ ਕਾਇਮ ਕਰ ਵਿਖਾਇਆ ਸੀ, ਬਿਲਕੁਲ ਉਵੇਂ ਹੀ ਸਾਹਿਤਕ ਹਲਕਿਆਂ ਵਿਚ ਧਾਕ ਜਮਾਈ ਹੈ ਧਿਆਨ ਸਿੰਘ ਸ਼ਾਹ ਸਿਕੰਦਰ ਨੇ। ਫ਼ਰਕ ਸਿਰਫ਼ ਇੰਨਾ ਹੀ ਹੈ ਕਿ ‘ਸਿਕੰਦਰ ਮਹਾਨ’ ਕੋਲ ਫ਼ੌਜੀ ਤਾਕਤ ਅਤੇ ਜੰਗ ਦਾ ਸਾਰਾ ਅਸਲਾ ਸੀ, ਉਹ ਆਪਣੇ ਜ਼ੋਰ ਦੇ ਬਲ-ਬੂਤੇ ਸ਼ਹਿਰਾਂ, ਸੂਬਿਆਂ ਅਤੇ ਦੇਸ਼ਾਂ ਨੂੰ ਜਿੱਤਦਾ ਸੀ।

ਸਿਕੰਦਰ ਦੇਸ਼ਾਂ ਨੂੰ ਜਿੱਤਦਾ ਵਿਸ਼ਵ-ਪ੍ਰਸਿੱਧੀ ਤਾਂ ਜ਼ਰੂਰ ਖੱਟ ਗਿਆ ਪਰ ਮਨੁੱਖਤਾ ਦਾ ਘਾਣ ਕਰਦਿਆਂ ਦੁਖਿਆਰੀ ਜਨਤਾਂ ਤੋਂ ਬਦ-ਅਸੀਸਾਂ ਖੱਟਦਾ ਗਿਆ, ਜਦ ਕਿ ਦੂਜੇ ਪਾਸੇ ਧਿਆਨ ਸਿੰਘ ਕੋਲ ਕਲਮ ਰੂਪੀ ਅਸਲਾ ਹੈ, ਜਿਸ ਨਾਲ ਉਹ ਲੋਕ-ਦਿਲਾਂ ਨੂੰ ਜਿੱਤਦੇ ਹੋਏ ਉਨ੍ਹਾਂ ਨੂੰ ਕਹਿਰਾਂ ਦੀ ਠੰਡਕ, ਤਾਜ਼ਗੀ ਅਤੇ ਗਿਆਨ ਵਰਤਾਉਂਦੇ, ਪੰਜਾਬੀ-ਮਾਂ ਬੋਲੀ ਨੂੰ ਸ਼ਿੰਗਾਰਦੇ, ਪਿੱਛਲੇ ਕਈ ਦਹਾਕਿਆਂ ਤੋਂ ਸ਼ੁਹਰਤਾਂ ਖੱਟਦੇ ਚਲੇ ਆ ਰਹੇ ਹਨ। ਧਿਆਨ ਸਿੰਘ ਸ਼ਾਹ ਸਿਕੰਦਰ ਨੂੰ ਮਿਲੇ ਮਾਣ-ਸਨਮਾਨਾਂ ਦੀ ਗੱਲ ਕਰੀਏ ਤਾਂ ਉਹ ਇਕ ਲੰਬੀ ਸੂਚੀ ਵੇਖਣ ਨੂੰ ਮਿਲਦੀ ਹੈ, ਜਿਸ ਵਿਚ ਵਿਸ਼ੇਸ਼ ਵਰਣਨ ਯੋਗ ਹਨ, 2005 ਤੇ 2008 ਵਿਚ ਇੰਟਰਨੈਸ਼ਨਲ ਪੰਜਾਬੀ ਸਾਹਿਤ ਸਭਾ, ਈਸਟ ਲੰਡਨ (ਯੂਕੇ) ਤੋਂ ਮਿਲਿਆ ਸਨਮਾਨ, ‘ਪ੍ਰੋ. ਮੋਹਣ ਸਿੰਘ ਯਾਦਗਾਰੀ ਪੁਰਸਕਾਰ-2010, ਗੁਰਬਖਸ਼ ਸਿੰਘ ਪ੍ਰੀਤ ਲੜੀ ਪੁਰਸਕਾਰ-2012 ਅਤੇ ਪੰਜਾਬੀ ਸੱਥ ਲਾਂਬੜਾ ਵੱਲੋ ਮਿਲਿਆ ਪੁਰਸਕਾਰ ਆਦਿ ਸ਼ਾਮਲ ਹਨ।



ਇੰਟਰਨੈਸ਼ਨਲ ਪੰਜਾਬੀ ਸਾਹਿਤ ਸਭਾ, ਦੀਨਾਨਗਰ (ਗੁਰਦਾਸਪੁਰ) ਵੱਲੋਂ ਧਿਆਨ ਸਿੰਘ ਸ਼ਾਹ ਸਿਕੰਦਰ ਦੇ ਜਨਮ-ਦਿਹਾੜੇ ਨੂੰ ਹਰ ਸਾਲ, ‘ਮੇਲਾ ਕਵੀਆਂ ਦਾ’ ਦੇ ਨਾਂ ਹੇਠ ਮਨਾਇਆ ਜਾਣਾ, ਜਿੱਥੇ ਸਾਹਿਤਕਾਰਾਂ, ਕਵੀਆਂ, ਗਾਇਕਾਂ ਅਤੇ ਪੰਜਾਬੀ ਮਾਂ-ਬੋਲੀ ਦੇ ਪ੍ਰੇਮੀਆਂ ਦੀ ਉਨ੍ਹਾਂ ਪ੍ਰਤੀ ਸਤਿਕਾਰਤ ਭਾਵਨਾਵਾਂ ਦਾ ਇਕ ਮੂੰਹ ਬੋਲਦਾ ਸਬੂਤ ਹੈ, ਉੱਥੇ ਇਸ ਮਾਣ-ਮੱਤੀ ਕਲਮ ਵਲੋਂ ‘ਸਾਹਿਤਕ ਖੇਤਰ ਦਾ ਸ਼ਾਹ ਸਿਕੰਦਰ’ ਹੋਣ ਦਾ ਵੀ ਇਕ ਬਹੁਤ ਵੱਡਾ ਪ੍ਰਮਾਣ ਹੈ।

ਇਸ ਸਮਾਗਮ ’ਚ ਨਾ ਸਿਰਫ਼ ਪੰਜਾਬ ਵਿੱਚੋਂ ਹੀ ਬਲਕਿ ਪੰਜਾਬ ਤੋਂ ਬਾਹਰ ਵਸਦੇ ਵੀ ਕਵੀ, ਗੀਤਕਾਰ, ਸੰਗੀਤਕਾਰ, ਪੱਤਰਕਾਰ ਅਤੇ ਸ਼ਾਹ ਸਿਕੰਦਰ ਦੇ ਪ੍ਰਸ਼ੰਸਕ ਹੁੰਮ-ਹੁੰਮਾਕੇ ਹਿੱਸਾ ਲੈਣ ਲਈ ਪੁੱਜਦੇ ਹਨ। ਹਾਜ਼ਰ ਕਵੀ ਆਪੋ-ਆਪਣੀਆਂ ਕਵਿਤਾਵਾਂ, ਗ਼ਜ਼ਲਾਂ ਅਤੇ ਗੀਤਾਂ ਨਾਲ ਐਸਾ ਰੰਗ ਬੰਨਦੇ ਹਨ ਕਿ ਇਕ ਵਾਰ ਤਾਂ ਦੇਖਣ ਵਾਲਾ ਹੀ ਹੁੰਦਾ ਹੈ ਇਹ ਖ਼ੂਬਸੂਰਤ ਨਜ਼ਾਰਾ। ਇਸ ਮੇਲੇ ਵਿਚ ਆਏ ਕਵੀਆਂ ਨੂੰ ਪੂਰਾ ਆਦਰ-ਮਾਣ, ਸਤਿਕਾਰ ਅਤੇ ਸਨਮਾਨ ਦਿੱਤਾ ਜਾਂਦਾ ਹੈ।

ਧਿਆਨ ਸਿੰਘ ਸਾਹ ਸਿਕੰਦਰ ਆਪਣੀ ਖ਼ੁਸ਼ਹਾਲ ਹਯਾਤੀ ਦੇ ਅੱਠ ਦਹਾਕਿਆਂ ਦਾ ਸਫ਼ਰ ਤਹਿ ਕਰ ਚੁੱਕਾ ਹੈ। ਸ਼ਾਲਾ! ਆਪਣੀ ਕਲਮ ਦੇ ਬੱਲਬੂਤੇ ਲੋਕ-ਦਿਲਾਂ ’ਤੇ ਰਾਜ ਕਰਨ ਵਾਲਾ ਸ਼ਾਹ ਸਿਕੰਦਰ ਆਪਣੀ ਕਲਮ ਰਾਹੀਂ ਵਿਸ਼ਵ ਨੂੰ ਆਪਣੇ ਕਲਮੀ-ਕਲਾਵੇ ਵਿਚ ਲੈਂਦਾ ਸ਼ੁਹਰਤਾਂ ਖੱਟਦਾ, ਯੁੱਗਾਂ ਜਿੰਨੀ ਉਮਰ ਦਾ ਹਾਣੀ ਬਣੇ। •

## ਕਵਿਤਾਵਾਂ

### ਹਾਲਾਤ ਬੜੇ ਗੰਭੀਰ

ਕੋਈ ਬੋਲੇ ਅੱਲ੍ਹਾ ਅੱਲ੍ਹਾ, ਕੋਈ ਬੋਲੇ ਰਾਮ।
ਕੋਈ ਕਹਿੰਦਾ ਵਾਹਿਗੁਰੂ ਤੇ ਕੋਈ ਕਹਿੰਦਾ ਹੈ ਸ਼ਾਮ।

ਆਲਮ ਫਾਜ਼ਲ ਫਿੱਕੇ ਪੈ ਗਏ, ਤਾਲਿਬਾਨਾਂ ਦੇ ਅੱਗੇ
ਕੋਈ ਕਹੇ ਈਸਾਈਅਤ ਵੱਡੀ, ਕੋਈ ਕਹੇ ਇਸਲਾਮ।

ਸ਼ੈਤਾਨਾਂ ਦੀ ਆਂਤ ਦੇ ਵਾਂਗੂੰ ਵਧਦਾ ਜਾਏ ਹਨੇਰਾ
ਚੌਵੀ ਘੰਟੇ ਇਹੀ ਸੋਚੀਦਾ, ਕਦ ਲੱਗੂ ਵਿਸ਼ਰਾਮ।

ਖ਼ਤਰੇ ਵਿਚ ਸੁਹਾਗਣਾਂ, ਹਾਲਾਤ ਬੜੇ ਗੰਭੀਰ
ਮੁੜ ਕੇ ਲੱਗ ਗਈ ਫੇਰ ਹੈ ਅੱਜ ਬਸਰੇ ਦੀ ਲਾਮ।

ਬਸਰਾ ਇੱਥੇ ਬਣ ਗਿਆ ਕੋਈ ਨਾ ਸੁਣਦਾ ਚੀਕ
ਗਲੀਆਂ ਦੇ ਵਿਚ ਵਿਲਕਦਾ ਅੱਜ ਆਦਮੀ ਆਮ।

• ਹਰਜਿੰਦਰ ਗੁੱਲਪੁਰ, ਮੋਬਾਈਲ : 98722-38981

### ਨਿੰਮ ਦੀ ਘੁੱਟ

ਦੋ ਵਕਤ ਦੀ ਰੋਟੀ ਤੋਂ ਖੁੰਝੇ
ਨੰਗੇ ਪੈਰੀਂ ਚੱਲਣ ਲਈ ਮਜ਼ਬੂਰ
ਮਸ਼ੀਨਾਂ ਵਾਂਗ ਬਿਨਾਂ ਕੁਝ ਪੁੱਛੇ
ਕੰਮ ਕਰਨ ਵਾਲੇ
ਸਿਰ ਝੁਕਾਈ ਨਰਕ ਢੋਅ ਰਹੇ
ਲੁੱਟ ਦੀਆਂ ਲਾਸ਼ਾਂ ਦੇ ਪਿੰਡੇ ’ਤੇ
ਨਿਸ਼ਾਨ।
ਝੂਠੇ ਲਾਰਿਆਂ ਦੀ ਦਲਦਲ ’ਚ
ਡਿਗਰੀ ਨਾਲ ਬੇਰੁਜ਼ਗਾਰੀ ਦਾ
ਤਗਮਾ
ਪੈਸੇ ਦੀ ਬੋਲੀ ਨਿਆਂ ਦੇ ਬੋਲ
ਦਫ਼ਤਰੀ ਬਾਬੂ ਦਾ ਰੋਅਬ
ਸਿਸਟਮ ਦਾ ਲੀਹੋਂ ਲੱਥ ਜਾਣਾ
ਨਾ-ਬਰਾਬਰੀ ਦੀ ਪੀੜਾ
ਰਿਸਦੇ ਜ਼ਖ਼ਮਾਂ ’ਤੇ ਪੱਟੀ ਦੀ ਥਾਂ
ਮਿੱਟੀ ਲਾਉਣ ਵਾਲਿਆਂ ਦੀ
ਜ਼ਮੀਰ ਨੂੰ ਹਲੂਣਦੀ
ਬੀਅ ਬੀਜ ਦਿੰਦੀ ਹੈ
ਜੁੱਤੀ ਥੱਲੇ ਦੱਬੇ ਹੋਇਆਂ ’ਚ
ਆਜ਼ਾਦੀ ਦਾ
ਇਨਕਲਾਬ ਦਾ
ਜ਼ੁਲਮ ਦੀ ਕੁੱਖ ਚੋਂ,
ਇਨਕਲਾਬ ਫੁੱਟਦਾ ਹੈ
ਤੇ ਰੱਜੇ ਹੋਏ ਢਿੱਡ,
ਇਨਕਲਾਬ ਦੀ ਗੱਲ ਨਹੀਂ ਕਰਦੇ
ਤੇ ਨਾਂਹ ਹੀ ਸਿਰਫ਼ ਪੀਲੀਆਂ
ਪੱਗਾਂ ਬੰਨ ਕੇ,
ਇਨਕਲਾਬ ਆਉਂਦਾ ਹੈ
ਤੇਲ ਦੀ ਥਾਂ,
ਲਹੂ ਨਚੋੜਣਾ ਪੈਂਦਾ ਹੈ
ਇਨਕਲਾਬ ਦੀ ਮਸ਼ਾਲ ਲਈ
ਉਹ ਲਹੂ
ਆਪਣਾ ਵੀ ਹੋ ਸਕਦਾ ਹੈ
ਜਾਂ ਕਿਸੇ ਹੋਰ ਦਾ ਵੀ।
ਇਨਕਲਾਬ
ਨਿੰਮ ਦੀ ਜਾਤ ’ਚੋਂ ਹੈ
ਤੇ ਨਿੰਮ ਦਾ ਘੁੱਟ
ਅਕਸਰ ਕੌੜਾ ਹੁੰਦਾ ਹੈ!

• ਗੋਬਿੰਦਰ ਸਿੰਘ ਢੀਂਡਸਾ, ਮੋਬਾਈਲ : 92560-66000

ਸ਼ਬਦੋ ਵਣਜਾਰਿਓ

# ਟਕਾ

*ਅੰਗਰੇਜ਼ੀ ਰਾਜ ਸਮੇਂ ਭਾਰਤ ’ਚ ਦੋ ਪੈਸੇ ਦੇ ਸਿੱਕੇ ਨੂੰ ਟਕਾ ਕਿਹਾ ਜਾਂਦਾ ਸੀ। ਅੱਧੇ ਛਟਾਂਕ ਦਾ ਤੋਲ ਵੀ ਟਕਾ ਅਖਵਾਉਂਦਾ ਸੀ। ਪੁਰਾਣੇ ਸਮਿਆਂ ’ਚ ਜਦੋਂ ਸਿੱਕਿਆਂ ਦੀ ਢਲਾਈ ਸ਼ੁਰੂ ਨਹੀਂ ਸੀ ਹੋਈ, ਉਦੋਂ ਧਾਤ ਦੇ ਟੁਕੜਿਆਂ ’ਤੇ ਸਰਕਾਰੀ ਚਿੰਨ੍ਹ ਖੁਣੇ ਜਾਂਦੇ ਸਨ...*



ਪਰਮਜੀਤ ਢੀਂਗਰਾ
ਮੋਬਾਈਲ : 94173-58120

ਪੰਜਾਬੀ ਕੋਸ਼ ਅਨੁਸਾਰ ਪੁਰਾਣੇ ਦੋ ਪੈਸੇ ਦੇ ਸਿੱਕੇ ਨੂੰ ਟਕਾ ਕਿਹਾ ਜਾਂਦਾ ਹੈ, ਦੋ ਪੈਸੇ ਦੇ ਮੁੱਲ ਦਾ ਸਿੱਕਾ ਜੋ ਤਾਂਬੇ, ਨਿਕਲ ਆਦਿ ਦਾ ਹੁੰਦਾ ਸੀ, ਚਾਂਦੀ ਦਾ ਇਕ ਪੁਰਾਣਾ ਸਿੱਕਾ, ਧਨ ਦੌਲਤ, ਸਵਾ ਸੇਰ ਦੇ ਬਰਾਬਰ ਇਕ ਤੋਲ ਜੋ ਗੜ੍ਹਵਾਲ ਵਿਚ ਪ੍ਰਚਲਤ ਹੈ। ਇਸ ਨੂੰ ਹਿੰਦੀ ਵਿਚ ਟੱਕਾ, ਪ੍ਰਕਿਰਤ ਵਿਚ ਟੇਕ, ਸੰਸਕ੍ਰਿਤ ਵਿਚ ਟਙਕ, ਸਿੰਧੀ ਵਿਚ ਟਕੋ, ਗੁਜਰਾਤੀ ਵਿਚ ਟਕੋ, ਮਰਾਠੀ ਵਿਚ ਟਕਾ, ਬੰਗਾਲੀ ਵਿਚ ਟਾਕਾ, ਅਸਾਮੀ ਵਿਚ ਟਕਾ, ਨੇਪਾਲੀ ਵਿਚ ਟਕੋ ਆਦਿ ਕਿਹਾ ਜਾਂਦਾ ਹੈ। ਸੰਸਕ੍ਰਿਤ ਟਙਕ ਦਾ ਅਰਥ ਹੈ- ਬੰਨ੍ਹਣਾ, ਛਿਲਣਾ, ਜੋੜਨਾ, ਕੁਰੇਦਣਾ, ਤਰਾਸ਼ਣਾ, ਆਦਿ। ਅਸਲ ਵਿਚ ਟਕੇ ਦਾ ਅਰਥ ਹੈ ਚਾਰ ਮਾਸੇ ਦਾ ਇਕ ਤੋਲ ਜਾਂ ਏਸੇ ਵਜ਼ਨ ਦਾ ਚਾਂਦੀ ਦਾ ਸਿੱਕਾ।

ਅੰਗਰੇਜ਼ੀ ਰਾਜ ਸਮੇਂ ਭਾਰਤ ਵਿਚ ਦੋ ਪੈਸੇ ਦੇ ਸਿੱਕੇ ਨੂੰ ਟਕਾ ਕਿਹਾ ਜਾਂਦਾ ਸੀ। ਅੱਧੇ ਛਟਾਂਕ ਦਾ ਤੋਲ ਵੀ ਟਕਾ ਅਖਵਾਂਦਾ ਸੀ। ਪੁਰਾਣੇ ਸਮਿਆਂ ਵਿਚ ਜਦੋਂ ਸਿੱਕਿਆਂ ਦੀ ਢਲਾਈ ਅਜੇ ਸ਼ੁਰੂ ਨਹੀਂ ਸੀ ਹੋਈ, ਉਦੋਂ ਧਾਤ ਦੇ ਟੁਕੜਿਆਂ ’ਤੇ ਸਰਕਾਰੀ ਚਿੰਨ੍ਹ ਖੁਣੇ ਜਾਂਦੇ ਸਨ। ਸਿੱਕੇ ਦੀ ਢਲਾਈ ਸਭ ਤੋਂ ਪਹਿਲਾਂ ਲੀਡੀਆ ਦੇ ਮਸ਼ਹੂਰ ਬਾਦਸ਼ਾਹ ਕਾਰੂੰ ਨੇ ਈਪੂ ਛੇਵੀਂ ਸਦੀ ਵਿਚ ਸ਼ੁਰੂ ਕੀਤੀ। ਬੰਗਲਾ ਦੇਸ਼ ਵਿਚ ਟਕੇ ਦਾ ਪ੍ਰਚਲਨ ਅੱਜ ਵੀ ਹੈ। ਬੰਗਲਾ ਦੇਸ਼ ਤੋਂ ਇਲਾਵਾ ਵੀ ਕਈ ਦੇਸ਼ਾਂ ਵਿਚ ਤੰਕਾ, ਤੇਂਗੇ ਜਾਂ ਤੰਗ ਦੇ ਨਾਂ ’ਤੇ ਟਕਾ, ਤਾਜ਼ਿਕਸਤਾਨ, ਕਜ਼ਾਕਿਸਤਾਨ, ਤੁਰਕਮੇਨਿਸਤਾਨ, ਉਜ਼ਬੇਕਿਸਤਾਨ, ਤਿੱਬਤ ਅਤੇ ਮੰਗੋਲੀਆ ਵਿਚ ਚਲ ਰਿਹਾ ਹੈ। ਹਾਲਾਂਕਿ ਇਸ ਸ਼ਬਦ ਦੀ ਵਿਓਂਤਪਤੀ ਚੀਨੀ ਸ਼ਬਦ ‘ਤੇਂਗਸੇ’ ਤੋਂ ਮੰਨੀ ਜਾਂਦੀ ਹੈ। ਜਿਸ ਦਾ ਅਰਥ ਸਿੱਕਾ ਜਾਂ ਇਕ ਪ੍ਰਕਾਰ ਦਾ ਮਾਪ ਹੀ ਹੈ। ਅਰਥ ਦੀ ਸਮਾਨਤਾ ਜ਼ਾਹਿਰ ਕਰਦੀ ਹੈ ਕਿ ਤੇਂਗਸੇ ਸ਼ਬਦ ਵੀ ਟਙਕ ਦਾ ਹੀ ਰੂਪ ਹੈ।

ਟਕੇ ਤੋਂ ਹੀ ਪ੍ਰਚਲਤ ਹੋਇਆ ਟਕਸਾਲ, ਜਿੱਥੇ ਸਿੱਕਿਆਂ ਦੀ ਢਲਾਈ ਕੀਤੀ ਜਾਂਦੀ ਹੈ। ਟਙਕ ਦੇ ਇਕ ਹੋਰ ਅਰਥ ਹੈ, ਲੱਤ ਜਾਂ ਪੈਰ ਇਸ ਦਾ ਇਕ ਅਰਥ ਜੋੜ ਵੀ ਹੈ। ਏਸੇ ਕਰਕੇ ਕਪੜੇ ਦੇ ਫਟੇ ਹੋਣ ’ਤੇ ਟਾਂਕਾ ਲਾਇਆ ਜਾਂਦਾ ਹੈ ਜੋ ਇਸ ਤੋਂ ਬਣਿਆ ਹੈ। ਟਙਕ ਦਾ ਅਰਥ ਬੰਨ੍ਹਣਾ ਜਾਂ ਜੋੜਨਾ ਵੀ ਏਸੇ ਸੰਦਰਭ ਵਿਚ ਹੈ।

ਟਕੇ ਨਾਲ ਸਬੰਧਤ ਕਈ ਮੁਹਾਵਰੇ, ਅਖਾਣ ਪੰਜਾਬੀ ਵਿਚ ਪ੍ਰਚਲਤ ਹਨ- ਟਕੇ ਦਾ ਦੁਆਲ ਨਾ ਹੋਣਾ (ਬਹੁਤ ਕੰਜੂਸ), ਟਕਾ ਨਾ ਖਰਚਣਾ (ਬਹੁਤ ਕੰਜੂਸ ਹੋਣਾ), ਟਕਾ ਪੱਲੇ ਨਾ ਹੋਣਾ (ਕੰਗਾਲ, ਗ਼ਰੀਬ ਹੋਣਾ), ਟਕਾ ਭਰ (ਥੋੜ੍ਹਾ ਜਿੰਨਾ), ਟਕੇ ਸਿਟਣਾ (ਸੋਟ ਕਰਨੀ), ਟਕੇ ਸੇਰ (ਬਹੁਤ ਸਸਤਾ), ਟਕਾ, ਕਟੋਰੀ, ਠੋਹਣੀ, ਸੂਈ, ਕਰਦ, ਕਮਾਨ, ਇਹ ਵਸਤੂ ਨਾ ਛੋੜੀਏ ਜਬ ਲਗ ਘਟ ਮੇਂ ਪਰਾਣ, ਟਕੇ ਕੋਹ ਤੁਰਨਾ (ਭਾੜੇ ਦਾ ਟੱਟੂ), ਟਕੇ ਖਰੇ ਕਰਨਾ (ਕੀਮਤ ਵਸੂਲਣੀ), ਟਕੇ ਚਾਲ ਚਲਨਾ (ਹੌਲੀ-ਹੌਲੀ ਤੁਰਨਾ ਜਾਂ ਕੰਮ ਕਰਨਾ), ਟਕੇ ਚੁਗਣਾ, ਟਕੇ ਜਿਹਾ (ਕੋਰਾ ਜਵਾਬ), ਟਕੇ-ਟਕੇ ਦਾ ਮੁਥਾਜ ਹੋਣਾ, ਟਕੇ-ਟਕੇ ਦੀਆਂ ਗੱਲਾਂ ਕਰਨਾ, ਟਕੇ-ਟਕੇ ਵਿਕਣਾ (ਬਹੁਤ ਬੇਕਦਰੀ ਹੋਣਾ), ਟਕੇ ਟਿੰਡ ਵਿਕਣਾ (ਬਹੁਤ ਹੋਣਾ), ਟਕੇ ਸੇਰ (ਬਹੁਤ ਸਸਤਾ), ਟਕੇ ਧਰਾਉਣਾ (ਕੀਮਤ ਵਸੂਲਣੀ), ਟਕੇ ਭਰਨਾ (ਚੁੰਗੀ ਦੇਣਾ), ਟਕੇ ਲੱਗਣਾ (ਖ਼ਰਚ ਹੋਣਾ), ਟਕੇ ਦੀ ਹਾਂਡੀ ਗਈ ਕੁੱਤੇ ਦੀ ਜਾਤ ਪਛਾਣੀ ਗਈ, ਟਕੇ ਦਾ ਭਾਈਵਾਲ ਨਾ ਹੋਣਾ, ਟਕੇ ਦਾ ਹਾਥੀ ਮਹਿੰਗਾ ਸੌ ਦਾ ਸਸਤਾ, ਟਕੇ ਜੇ ਹੋਣ ਪਲੇ ਤਾਂ ਮੇਲਾ ਵੀ ਪਿੜ ਮੱਲੇ, ਟਕੇ ਸੇਰ ਭਾਜੀ ਟਕੇ ਸੇਰ ਖਾਜਾ, ਦੋ ਟਕੇ ਦਾ ਬੰਦਾ, ਧੇਲੇ ਦੀ ਬੁੱਢੀ ਟਕਾ ਸਿਰ ਮੁਨਾਈ, ਟਕੇ ਦੀ ਜ਼ਬਾਨ ਹਿਲਾ ਦੇਣਾ। •

ਮਿੰਨੀ ਕਹਾਣੀਆਂ

# ਥੈਂਕਯੂ ਬੇਟੇ

• ਕੁਲਵਿੰਦਰ ਕੌਸ਼ਲ, ਮੋਬਾਈਲ 94176-36255



ਸਵੇਰੇ ਛੱਤ ਉਪਰ ਬੈਠਾ ਕੋਸੀ ਕੋਸੀ ਧੁੱਪ ’ਚ ਛੁੱਟੀ ਦਾ ਆਨੰਦ ਮਾਣਦਾ ਹੋਇਆ ਮੈਂ ਆਪਣੀ ਨਵੀਂ ਮਿੰਨੀ ਕਹਾਣੀ ਦੇ ਵੱਖ-ਵੱਖ ਪਹਿਲੂਆਂ ਬਾਰੇ ਸੋਚ ਰਿਹਾ ਸੀ।

ਕੋਲ ਹੀ ਮੇਰਾ ਬੇਟਾ ਅਤੇ ਉਸ ਦੇ ਦੋਸਤ ਖੇਡ ਰਹੇ ਸਨ ਜਿਨ੍ਹਾਂ ਦੇ ਰੌਲੇ ਕਾਰਣ ਕਦੇ-ਕਦੇ ਮੈਂ ਉਨ੍ਹਾਂ ਨੂੰ ਮਿੱਠੀ ਝਿੜਕ ਵੀ ਦੇ ਦਿੰਦਾ ਅਤੇ ਫਿਰ ਆਪਣੀਆਂ ਸੋਚਾਂ ’ਚ ਗਵਾਚ ਜਾਂਦਾ।

‘ਪਾਪਾ, ਸੈਮੀ ਮੈਨੂੰ ਥੈਂਕਯੂ ਨਹੀਂ ਕਹਿੰਦਾ’। ਬੇਟਾ ਆਪਣੇ ਦੋਸਤ ਦੀ ਸ਼ਿਕਾਇਤ ਲੈ ਕੇ ਮੇਰੇ ਕੋਲ ਆਇਆ।

‘ਇਹ ਥੈਂਕਯੂ ਕਿਉਂ ਕਹੇ ਬਈ ਤੈਨੂੰ’? ‘ਪਾਪਾ, ਮੈਮ ਨੇ ਕਿਹਾ ਸੀ ਜਦੋਂ ਕੋਈ ਤੁਹਾਡੀ ਹੈਲਪ ਕਰਦਾ, ਉਸ ਨੂੰ ਥੈਂਕਯੂ ਕਹੋ, ਮੈਂ ਹੁਣ ਗੇਮ ’ਚ ਇਸ ਦੀ ਹੈਲਪ ਕੀਤੀ ਆ’। ਇਸ ਤੋਂ ਪਹਿਲਾਂ ਕਿ ਮੈਂ ਕੁਝ ਕਹਿੰਦਾ, ਗੁਰਦੁਆਰੇ ’ਚੋਂ ਅਨਾਊਂਸਮੈਂਟ ਹੋਣ ਲੱਗੀ। ਮੈਂ ਬੇਟੇ ਨੂੰ ਚੁੱਪ ਰਹਿਣ ਲਈ ਕਿਹਾ। ਉਹ ਕੁਝ ਦੇਰ ਖੜ੍ਹਾ ਰਿਹਾ, ਫਿਰ ਖੇਡ ’ਚ ਮਗਨ ਹੋ ਗਿਆ। ਅਨਾਊਂਸਮੈਂਟ ਪਿੰਡ ਦੇ ਇਕ ਨੌਜਵਾਨ ਦੀ ਮੌਤ ਬਾਰੇ ਸੀ ਜਿਸ ਦਾ ਸਸਕਾਰ ਦੁਪਹਿਰ ਤੋਂ ਬਾਅਦ ਹੋਣਾ ਸੀ। ਇਕ ਹੋਰ ਕਹਿਰ ਦੀ ਮੌਤ! ਇਹ ਵੀ ਨਸ਼ੇ ਦੀ ਜ਼ਿਆਦਾ ਡੋਜ਼ ਲੈਣ ਕਾਰਨ ਸੁੱਤਾ ਈ ਰਹਿ ਗਿਆ ਹੋਣਾ, ਮੈਂ ਸੋਚਿਆ।

ਪਿਛਲੇ ਛੇ ਮਹੀਨਿਆਂ ’ਚ ਇਹ ਤੀਜੀ ਕਹਿਰ ਦੀ ਮੌਤ ਸੀ। ਇਸ ਨੌਜਵਾਨ ਨੂੰ ਤਾਂ ਅਸੀਂ ਪਿਛਲੇ ਸਾਲ ਨਸ਼ਾ ਛੁਡਾਊ ਕੇਂਦਰ ’ਚ ਛੱਡ ਕੇ ਵੀ ਆਏ ਸੀ। ਉੱਥੋਂ ਆ ਕੇ ਕੁਝ ਸਮਾਂ ਤਾਂ ਠੀਕ ਰਿਹਾ ਪਰ ਫਿਰ ਉਨ੍ਹਾਂ ਰਾਹਾਂ ਦਾ ਰਾਹੀ ਬਣ ਗਿਆ।

ਮੈਨੂੰ ਖ਼ੁਦ ’ਤੇ ਖਿਝ ਆਈ ਕਿ ਕੀ ਫ਼ਾਇਦਾ ਸਾਡੇ ਲਿਖਣ ਦਾ, ਕੀ ਫ਼ਾਇਦਾ ਨਸ਼ਿਆਂ ਵਿਰੁੱਧ ਸੈਮੀਨਾਰ ਕਰਵਾਉਣ ਦਾ? ਮੈਂ ਗੁੱਸੇ ਨਾਲ ਹੱਥ ’ਚ ਫੜਿਆ ਪੈੱਨ ਇਕ ਪਾਸੇ ਸੁੱਟ ਦਿੱਤਾ। ਅਜੀਬ ਜਿਹੀ ਬੈਚੇਨੀ ਹੋਣ ਲੱਗੀ ਮੈਂ ਖ਼ੁਦ ਨੂੰ ਮੰਜੇ ਉੱਪਰ ਸੁੱਟ ਲਿਆ ਅਤੇ ਦਿਨੋਂ ਦਿਨ ਫੈਲ ਰਹੇ ਇਸ ਮੱਕੜ ਜਾਲ ਬਾਰੇ ਸੋਚਣ ਲੱਗਾ, ਜੋ ਹਰ ਇਕ ਨੂੰ ਆਪਣੇ ’ਚ ਜਕੜਦਾ ਜਾ ਰਿਹਾ ਸੀ। ‘ਪਾਪਾ, ਆਹ ਕਾਰ ਖ਼ਰਾਬ ਹੋ ਗਈ’। ਬੇਟਾ ਰੋਂਦੂ ਜਿਹਾ ਮੂੰਹ ਬਣਾਈ ਫਿਰ ਮੇਰੇ ਸਰ੍ਹਾਣੇ ਖੜ੍ਹਾ ਸੀ।

ਅਣਮੰਨੇ ਜਿਹੇ ਮਨ ਨਾਲ ਉੱਠ ਕੇ ਬੈਠਦੇ ਹੋਏ ਮੈਂ ਉਸ ਤੋਂ ਕਾਰ ਫੜ ਲਈ ਅਤੇ ਉਲਟ-ਪਲਟ ਕੇ ਕਾਰ ਨੂੰ ਦੇਖਣ ਲੱਗਾ। ਮੇਰਾ ਧਿਆਨ ਵਾਰ-ਵਾਰ ਮਰ ਗਏ ਮੁੰਡੇ ਦੇ ਪਰਿਵਾਰ ਵੱਲ ਜਾ ਰਿਹਾ ਸੀ। ਦਿਨੋਂ ਦਿਨ ਖੁਰ ਰਹੀ ਨੌਜਵਾਨ ਪੀੜ੍ਹੀ ਵੱਲ ਜਾ ਰਿਹਾ ਸੀ, ਆਪਣੀਆਂ ਲਿਖਤਾਂ ਉੱਪਰ ਜਾ ਰਿਹਾ ਸੀ ਜੋ ਹੁਣ ਮੈਨੂੰ ਬੇਮਾਨੀ ਲੱਗ ਰਹੀਆਂ ਸਨ। ਬੇਟਾ ਆਪਣੇ ਇਕ ਹੱਥ ਉੱਪਰ ਠੋਡੀ ਟਿਕਾਈ ਉਤਸੁਕਤਾ ਨਾਲ ਮੇਰੇ ਵੱਲ ਦੇਖ ਰਿਹਾ ਸੀ। ਕਾਫੀ ਜੱਦੋ-ਜਹਿਦ ਬਾਅਦ ਵੀ ਜਦੋਂ ਕਾਰ ਠੀਕ ਨਾ ਹੋਈ ਤਾਂ ਮੈਂ ਬੇਟੇ ਨੂੰ ਕਾਰ ਵਾਪਸ ਕਰਦੇ ਕਿਹਾ, ‘ਸੌਰੀ ਬੇਟੇ, ਇਹਦਾ ਅੰਦਰੋਂ ਢਾਂਚਾ ਖ਼ਰਾਬ ਹੋ ਗਿਆ’।

ਬੇਟੇ ਨੇ ਮਸੋਸੇ ਜਿਹੇ ਮਨ ਨਾਲ ਉਸ ਨੂੰ ਫੜਿਆ ਅਤੇ ਤੁਰ ਪਿਆ। ਫਿਰ ਪਿੱਛੇ ਮੁੜ ਮੇਰੇ ਵੱਲ ਦੇਖਦਾ ਕਹਿਣ ਲੱਗਾ, ‘ਥੈਂਕਯੂ ਪਾਪਾ’।

‘ਥੈਂਕਯੂ ਕਿਸ ਲਈ ਬੇਟੇ? ਕਾਰ ਮੈਥੋਂ ਠੀਕ ਤਾਂ ਹੋਈ ਨਹੀਂ’। ਮੈਂ ਥੋੜ੍ਹਾ ਮੁਸਕਰਾਉਂਦਿਆਂ ਕਿਹਾ। ‘ਤੁਸੀਂ ਠੀਕ ਕਰਨ ਦੀ ਟਰਾਈ ਤਾਂ ਬਹੁਤ ਕੀਤੀ, ਇਸ ਲਈ’। ਕਹਿੰਦਾ ਹੋਇਆ ਉਹ ਦੋਸਤਾਂ ਨਾਲ ਫਿਰ ਖੇਡ ’ਚ ਲੱਗ ਗਿਆ।

‘ਟਰਾਈ ਤਾਂ ਕੀਤੀ..’! ਦਿਮਾਗ਼ ’ਚ ਕਈ ਧਮਾਕੇ ਹੋਏ, ‘ਟਰਾਈ ਤਾਂ ਕੀਤੀ, ਕੋਸ਼ਿਸ਼ ਤਾਂ ਕੀਤੀ, ਮੈਂ ਕੋਸ਼ਿਸ਼ ਕਰਦਾ ਰਹਾਂਗਾ, ਮੇਰੀ ਕੋਸ਼ਿਸ਼ ਨਾਲ ਜੇ ਇਕ ਵੀ ਮੁੰਡਾ ਬਚ ਗਿਆ ਤਾਂ ਵੀ ਸਫ਼ਲ ਆਂ। ਬੁੜਬੁੜਾਉਂਦੇ ਦੇ ਮੂੰਹੋਂ ਅੱਬੜਵਾਹੇ ਨਿਕਲ ਗਿਆ, ‘ਥੈਂਕਯੂ ਬੇਟੇ’! ਮੈਂ ਇਕ ਝਟਕੇ ਨਾਲ ਉੱਠਿਆ ਤੇ ਆਪਣਾ ਪੈੱਨ ਚੁੱਕ ਲਿਆ। •

# ਵੋਟਾਂ

ਰਾਮ ਸਿੰਘ ਮਾਸਟਰ ਬੀਐੱਲਓ ਦੀ ਡਿਊਟੀ ਨਿਭਾ ਰਿਹਾ ਸੀ। ਗਲੀਆਂ ਦੇ ਚਿੱਕੜ ਮਿੱਧਦਾ। ਘਰਾਂ ਅੱਗੇ ਦੁਹਾਈਆਂ ਦਿੰਦਾ। ਮੈਬਰਾਂ ਦੇ ਨਾਂ ਨੋਟ ਕਰਦੇ ਨੂੰ ਪੂਰਾ ਮਹੀਨਾ ਹੋ ਗਿਆ ਸੀ। ਕੁਝ ਲੋਕ ਘਰ ਮਿਲਦੇ ਤੇ ਕੁਝ ਕਹਿ ਦਿੰਦੇ ਬਾਈ ਸਾਡੇ ਇਹ ਗਵਾਂਢੀ ਦਿਨ ਚੜ੍ਹਦੇ ਹੀ ਦਿਹਾੜੀ ਤੁਰ ਜਾਂਦੇ ਆ। ਕਈ ਘਰਾਂ ਵਿਚ ਰਾਮ ਸਿੰਘ ਚਿੱਕੜ ਵਿਚ ਰੱਖੀਆਂ ਇੱਟਾਂ ਉੱਪਰੋਂ ਟੱਪ ਕੇ ਵੋਟਾਂ ਲਿਖਦਾ। ਵਿਕਾਸ ਤੱਕ ਕੇ ਅਤੇ ਅਨਪੜ੍ਹਤਾ ਵੇਖ ਕੇ ਉਸ ਨੂੰ ਆਜ਼ਾਦੀ ਦੇ 70 ਵਰ੍ਹਿਆਂ ਤੇ ਯਕੀਨ ਨਾ ਆਉਂਦਾ। ਬੇਰੁਜ਼ਗਾਰੀ, ਅਨਪੜ੍ਹਤਾ, ਕੁਰੀਤੀਆਂ ਵੇਖ ਕੇ ਉਹਦਾ ਮਨ ਪਸੀਜ ਜਾਂਦਾ। ਉਹ ਲੋਕਾਂ ਕੋਲੋ ਈ-ਮੇਲ ਤਕ ਮੰਗਦਾ ਪਰ ਉਨ੍ਹਾਂ ਲੋਕਾਂ ਕੋਲ ਮੋਬਾਈਲ ਤਕ ਨਾ ਹੁੰਦਾ। ਜੇ ਹੁੰਦਾ ਤਾਂ ਉਨ੍ਹਾਂ ਨੂੰ ਨੰਬਰ ਯਾਦ ਨਾ ਹੁੰਦਾ।

ਅੱਜ ਇਕ ਅਜੀਬ ਕਿਸਮ ਦਾ ਵੋਟਰ ਮਿਲਿਆ। ਇਹ ਬੀਬੀ ਸੀ 70 ਕੁ ਸਾਲ ਦੀ। ਉਹ ਕਹਿੰਦਾ ਬੇਬੇ ਵੋਟਾਂ ਲਿਖਾ। ਬੇਬੇ ਕਹਿੰਦੀ ਪੁੱਤ ਨਿਆਣੇ ਵਿਚ ਪਾ ਕੇ ਦੱਸਾਂ। ਰਾਮ ਸਿੰਘ ਨੇ ਕਿਹਾ ਨਹੀਂ ਜੀ ਜਿਹੜੀਆਂ ਵੋਟਾਂ ਪੈਂਦੀਆਂ। ਬੇਬੇ ਕਹਿੰਦੀ ਪੁੱਤ ਸਾਨੂੰ ਕਿਹੜੀਆਂ ਪਾਉਣੀਆਂ ਆਉਂਦੀਆਂ, ਅਸੀਂ ਤਾਂ ਨਾਲ ਜਾਂਦੇ ਹਾਂ। ਬਟਨ ਤਾਂ ਪੁੱਤ ਕੋਈ ਹੋਰ ਹੀ ਦੱਬਦਾ ਆ ਮਸ਼ੀਨ ਦਾ। ਰਾਮ ਸਿੰਘ ਕਹਿੰਦਾ, ‘ਜੋ ਵੀ ਹੈ ਤੁਸੀਂ ਇਕ ਨੰਬਰ ਦਿਉ’।

ਬੇਬੇ ਕਹਿੰਦੀ, ‘ਪੁੱਤ ਉਹ ਕੀ ਹੁੰਦੀ, ਚਿਪ ਜਿਹੀ ਉਹ ਬੰਦ ਆ’। ਉਹ ਕਿਵੇਂ ਪੁੱਤ, ‘ਤੈਨੂੰ ਕੀ ਦੱਸਾਂ ਕੰਧਾਂ ਦੇ ਵੀ ਕੰਨ ਹੁੰਦੇ ਆ’।

ਉਹ ਮਬੈਲ ਜਿਹੀ ਜੈ ਖਾਣੀ ਦੀ ਸਾਡੀ ਲੈਟਰੀਨ ਵਿਚ ਡਿੱਗ ਪਈ ਸੀ। ਰਾਮ ਸਿੰਘ ਨੇ ਕਿਹਾ, ‘ਤੁਸੀਂ ਹੋਰ ਲੈ ਲੋ ਮਾਤਾ ਜੀ’। ਇੰਨੇ ਪੈਸੇ ਕਿੱਥੇ ਪੁੱਤ। ਹੁਣ ਤਾਂ ਸਰਕਾਰ ਕੋਈ ਸਕੀਮ ਲੜਾਏ। ਨਵੀਆਂ ਲੈਟਰੀਨ ਦੀਆਂ ਸਕੀਮਾਂ ਆਉਣ। ਪੁਰਾਣੀਆਂ ਪੁੱਟੀਆਂ ਜਾਣ ਤਾਂ ਸ਼ੈਦ ਪੁੱਤ ਉਹ ਜੈ ਖਾਣੀ ਲੱਭ ਹੀ ਜਾਏ। ਰਾਮ ਸਿੰਘ ਖੜ੍ਹਾ ਰਿਹਾ। ਉਸ ਦਾ ਮਨ ਪਸੀਜ ਗਿਆ। ਅਸੀਂ ਅਜੇ ਕਿਹੜੀ ਸਦੀ ਵਿਚ ਖੜ੍ਹੇ ਹਾਂ। ਕੁਝ ਵੋਟਾਂ ਬਣਾ ਲਈਆਂ ਕੁਝ ਢਾ ਲਈਆਂ।

• ਵਿਜੈ ਗਰਗ

## ਕਹਾਣੀ

# ਇਹ ਕੇਹੀ ਮੁਹੱਬਤ



ਸਤਨਾਮ ਚੌਹਾਨ
ਮੋਬਾਈਲ : 98886-15531

*ਚੰਨੀ ਦੇ ਘਰਦਿਆਂ ਨੂੰ ਇਹ ਗਵਾਰਾ ਨਹੀਂ ਸੀ ਕਿ ਵੱਡੇ ਭੈਣ- ਭਰਾਵਾਂ ਨੂੰ ਛੱਡ ਕੇ ਚੰਨੀ ਦਾ ਵਿਆਹ ਕੀਤਾ ਜਾਵੇ। ਉਸ ਦੀ ਮਾਂ ਨੇ ਕਿਹਾ ‘ਪੁੱਤ ਕੋਈ ਸ਼ਰਮ ਕਰ, ਤੈਨੂੰ ਕਿਆ ਨਵੀਂ ਜਵਾਨੀ ਆਈ, ਤੇਰੇ ਬੜੇ ਭੈਣ-ਭਾਈ ਵਿਹਾਣੇ ਖ਼ਾਤਿਰ ਬੈਠੇ ਘਰ, ਤੂੰ ਉਸ ਸਭ ’ਤੇ ਪਹਿਲੇ ਹੰਗਾਮਾ ਕਰ ਰੱਖਿਆ’...*



ਨੀਮ ਪਹਾੜੀ ਇਲਾਕਾ ਸ਼ਿਵਾਲਕ ਦੀਆਂ ਪਹਾੜੀਆਂ ਕਿਤੇ ਹਰਿਆਵਲ ਤੇ ਕਿਤੇ ਪਥਰੀਲੀਆਂ ਦਿਸ ਰਹੀਆਂ ਸਨ। ਪਹਾੜੀ ਇਲਾਕਾ ਹੋਣ ਕਰਕੇ ਬਾਜਰਾ, ਮੱਕੀ, ਚਰ੍ਹੀ ਆਦਿ ਫ਼ਸਲਾਂ ਹੀ ਹੁੰਦੀਆਂ ਨੇ ਇੱਥੇ ਪਰ ਸਵੇਰ ਦਾ ਮੌਸਮ ਬਹੁਤ ਹੀ ਸੁਹਾਵਣਾ ਤੇ ਮਨਮੋਹਣਾ ਹੁੰਦਾ। ਪੰਛੀਆਂ ਦੀਆਂ ਆਵਾਜ਼ਾਂ, ਠੰਡੀ ਰੁਮਕਦੀ ਹਵਾ ਦੇ ਬੁੱਲੇ। ਕਿਤੇ-ਕਿਤੇ ਤਿੱਤਰ-ਖੰਭੀਆਂ ਬੱਦਲੀਆਂ ਮੁਕਾਬਲੇ ਵਿਚ ਭੱਜ ਰਹੀਆਂ ਲੱਗਦੀਆਂ। ਅਜਿਹੇ ਮੌਸਮਾਂ ਵਿੱਚੋਂ ਨਿੰਦਰ ਨੂੰ ਆਪਣਾ-ਆਪ ਉੱਡਦਾ-ਉੱਡਦਾ ਪ੍ਰਤੀਤ ਹੁੰਦਾ।

ਨਿੰਦਰ ਸੋਹਣੇ ਨੈਣ-ਨਕਸ਼ਾਂ ਵਾਲੀ ਸਾਫ਼ ਦਿਲ ਕੁੜੀ, ਨੇੜਲੇ ਪਿੰਡ ਪੀਟੀ ਅਧਿਆਪਕਾ ਸੀ। ਛੋਟੀ ਉਮਰ ਵਿਚ ਸਰਕਾਰੀ ਨੌਕਰੀ ਮਿਲੀ ਹੋਣ ਕਰਕੇ ਉਹ ਵਿਚ ਕੰਮ ਕਰਨ ਦਾ ਉਤਸ਼ਾਹ ਬਹੁਤ ਸੀ। ਉਹ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਸਹਿਯੋਗ ਦਿੰਦੀ, ਉਨ੍ਹਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਦੀ। ਵੱਖ-ਵੱਖ ਖੇਡਾਂ ਦੀਆਂ ਟੀਮਾਂ ਉਹ ਖਿਡਾਉਣ ਲੈ ਕੇ ਜਾਂਦੀ। ਕਦੇ ਜ਼ਿਲ੍ਹਾ ਪੱਧਰ ’ਤੇ, ਕਦੇ ਇੰਡੀਆ। ਇਸ ਸਫ਼ਰ ਦੌਰਾਨ ਉਸ ਨੂੰ ਕੋਈ ਮਿਲਿਆ ਹਵਾ ਦੇ ਠੰਡੇ ਝੋਕੇ ਵਰਗਾ। ਉਹ ਵੀ ਇਸੇ ਖੇਤਰ ’ਚ ਸੀ। ਦੋਵੇਂ ਆਪਣੇ-ਆਪਣੇ ਸਕੂਲਾਂ ਦੀਆਂ ਟੀਮਾਂ ਖਿਡਾਉਣ ਲੈ ਕੇ ਜਾਂਦੇ... ਦੂਰ-ਦੁਰਾਡੇ ਨਿੰਦਰ ਨੂੰ ਚੰਨੀ ਦਾ ਬੜਾ ਸਹਾਰਾ ਲੱਗਦਾ... ਕਿਉਂਕਿ ਮੁੰਡੇ ਜ਼ਿਆਦਾਤਰ ਸ਼ਰਾਰਤੀ ਹੁੰਦੇ ਹਨ, ਉਨ੍ਹਾਂ ਨੂੰ ਕੰਟਰੋਲ ਕਰਨਾ ਔਖਾ ਹੁੰਦਾ, ਅੱਲੜ੍ਹ ਉਮਰ ਕੁੜੀਆਂ ਵੀ ਕਈ ਵਾਰ ਬਹੁਤ ਤੰਗ ਕਰਦੀਆਂ।

ਇਨ੍ਹਾਂ ਟੀਮਾਂ ਵਿਚ ਖਿਡਾਰੀ ਮੁੰਡੇ-ਕੁੜੀਆਂ ਕਈ ਵਾਰ ਇਸ਼ਕ-ਮੁਸ਼ਕ ਵੀ ਕਰ ਬੈਠਦੇ। ਖ਼ੈਰ...!

ਨਿੰਦਰ ਤੇ ਚੰਨੀ ਵੀ ਇਸ਼ਕ ਕਰ ਬੈਠੇ। ਸਮਾਜ ਵਿਚ ਅਜਿਹਾ ਵਰਜਿਤ ਇਸ਼ਕ ਕਿਸੇ ਨੂੰ ਪਸੰਦ ਨਹੀਂ ਸੀ ਪਰ ਉਹ ਤਾਂ ਦੋਵੇਂ ਜ਼ਿੰਦਗੀ ਇਕੱਠਿਆਂ ਬਿਤਾਉਣ ਦੀਆਂ ਕਸਮਾਂ ਖਾ ਚੁੱਕੇ ਸਨ, ਚੰਨੀ ਘਰ ਵਿੱਚੋਂ ਸਭ ਤੋਂ ਛੋਟਾ ਸੀ ਤੇ ਨਿੰਦਰ ਘਰ ਵਿੱਚੋਂ ਵੱਡੀ।

ਨਿੰਦਰ ਦੀ ਮਾਂ ਨੂੰ ਜਦੋਂ ਪਤਾ ਲੱਗਿਆ ਤਾਂ ਉਸ ਦੇ ਹੋਸ਼ ਉੱਡ ਗਏ। ਉਨ੍ਹਾਂ ਦਿਨਾਂ ’ਚ ਇਹ ਗੱਲਾਂ ਵਰਜਿਤ ਫਲ ਦੀ ਤਰ੍ਹਾਂ ਸਨ। ਸਮਾਜ, ਜਾਤ ਬਿਰਾਦਰੀ ਬੜਾ ਕੁਝ ਹੋਰ। ਨਿੰਦਰ ਦੇ ਮਾਂ-ਪਿਉ ਨੇ ਨਿੰਦਰ ਦੀ ਮੰਗਣੀ ਕਿਤੇ ਹੋਰ ਕਰ ਦਿੱਤੀ ਬਿਨਾਂ ਕਿਸੇ ਰੌਲੇ-ਰੱਪੇ ਤੋਂ ਤਾਂ ਜੋ ਪਿੰਡ ਵਿਚ ਇੱਜ਼ਤ ਖ਼ਰਾਬ ਨਾ ਹੋਵੇ। ਨਿੰਦਰ ਦੀ ਭੂਆ ਨੇ ਆਪਣੇ ਦਿਉਰ ਦਾ ਰਿਸ਼ਤਾ ਲੈ ਆਂਦਾ-ਨਿੰਦਰ ਲਈ ਪਰ ਨਿੰਦਰ ਤੇ ਚੰਨੀ ਨੇ ਮਰਨ ਜਿਊਣ ਦੀਆਂ ਕਸਮਾਂ ਖਾਧੀਆਂ ਹੋਈਆਂ ਸਨ। ਦੋਵੇਂ ਨੌਕਰੀ ਕਰਦੇ, ਆਪਣਾ ਭਲਾ-ਬੁਰਾ ਵਿਚਾਰਨ ਵਾਲੇ ਸਿਆਣੇ ਅਧਿਆਪਕ ਸਨ।

ਚੰਨੀ ਦੇ ਘਰਦਿਆਂ ਨੂੰ ਵੀ ਇਹ ਗਵਾਰਾ ਨਹੀਂ ਸੀ ਕਿ ਵੱਡੇ ਭੈਣ ਭਰਾਵਾਂ ਨੂੰ ਛੱਡ ਕੇ ਚੰਨੀ ਦਾ ਵਿਆਹ ਕੀਤਾ ਜਾਵੇ। ਉਸ ਦੀ ਮਾਂ ਨੇ ਕਿਹਾ ‘ਪੁੱਤ ਕੋਈ ਸ਼ਰਮ ਕਰ, ਤੈਨੂੰ ਕਿਆ ਨਮੀਂ ਜਵਾਨੀ ਆਈ’ ਤੇਰੇ ਬੜੇ ਭੈਣ-ਭਾਈ ਵਿਹਾਣੇ ਖ਼ਾਤਿਰ ਬੈਠੇ ਘਰ, ਤੂੰ ਉਸ ਸਭ ’ਤੇ ਪਹਿਲੇ ਹੰਗਾਮਾ ਕਰ ਰੱਖਿਆ’। ਉਸ ਦੀ ਮਾਂ ਨੇ ਪੁਆਧੀ ਬੋਲੀ ਵਿਚ ਉਸ ਨੂੰ ਕਿਹਾ ਪਰ ਚੰਨੀ ਕਿੱਥੇ ਮੰਨਣ ਵਾਲਾ ਸੀ। ਉੱਧਰ ਨਿੰਦਰ ਦੀ ਭੂਆ ਵਿਆਹ ਲਈ ਜ਼ੋਰ ਪਾ ਰਹੀ ਸੀ। ਪਰ ਨਿੰਦਰ ਨਹੀਂ ਮੰਨ ਰਹੀ ਸੀ। ਦੋਹਾਂ ਘਰਾਂ ’ਚ ਕਲੇਸ਼ ਪਿਆ ਹੋਇਆ ਸੀ। ਸਕੂਲ ਦੇ ਇਕ ਟੀਚਰ ਨੇ ਵਿਚੋਲਗਿਰੀ ਕਰ ਕੇ ਦੋਹਾਂ ਦੇ ਮਾਪਿਆਂ ਨੂੰ ਵਿਆਹ ਲਈ ਮਨਾ ਹੀ ਲਿਆ।

ਬਿਲਕੁਲ ਸਾਦੇ ਢੰਗ ਨਾਲ ਸ਼ਾਦੀ ਹੋਈ ਜੋ ਹੈ ਤਾਂ ਚੰਗਾ ਸੁਨੇਹਾ ਸੀ ਸਮਾਜ ਲਈ ਪਰ ਨਿੰਦਰ ਦੀ ਭੂਆ ਬਹੁਤ ਨਰਾਜ਼ ਹੋਈ, ਉਸ ਨੇ ਮੁੜ ਨਿੰਦਰ ਦੇ ਮੱਥੇ ਨਾ ਲੱਗਣ ਦੀ ਕਸਮ ਖਾ ਲਈ। ਉਸ ਦੀ ਵੀ ਸਹੁਰੇ ਘਰ ਹੇਠੀ ਹੋਈ ਸੀ। ਨਿੰਦਰ ਦੇ ਮਾਪਿਆਂ ਨੂੰ ਵੀ ਬੜੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਭੂਆ ਵੀ ਉਸੇ ਘਰ ਦੀ ਧੀ ਸੀ।

ਖ਼ੈਰ ਵਿਆਹ ਹੋ ਗਿਆ। ਨਿੰਦਰ ਦੇ ਤਿੰਨ ਬੇਟੀਆਂ ਹੋਈਆਂ। ਦੋਹਾਂ ਦੀ ਪੋਸਟਿੰਗ ਨੇੜੇ ਦੇ ਪਿੰਡਾਂ ’ਚ ਸੀ। ਜ਼ਿੰਦਗੀ ਬੜੀ ਹੁਸੀਨ ਸੀ। ਸਭ ਕੁਝ ਖਿੜਿਆ-ਖਿੜਿਆ ਹੀ ਨਜ਼ਰ ਆਉਂਦਾ। ਉਨ੍ਹਾਂ ਦੇ ਭਾਵੇਂ ਤਿੰਨ ਬੇਟੀਆਂ ਸਨ ਪਰ ਮੁਹੱਬਤ ਵਿਚ ਕੋਈ ਕਮੀ ਨਹੀਂ ਸੀ ਆਈ।

ਚੰਨੀ ਦੇ ਮਾਂ ਪਿਉ ਤੇ ਭੈਣ-ਭਰਾ ਪਿੰਡ ਹੀ ਰਹਿੰਦੇ ਸਨ। ਕਦੇ-ਕਦੇ ਕੋਈ ਸਲਾਹ ਮਸ਼ਵਰਾ ਕਰਨਾ ਹੁੰਦਾ ਤਾਂ ਚੰਨੀ ਦਾ ਬਾਪੂ ਉਸ ਨੂੰ ਪਿੰਡ ਆਉਣ ਲਈ ਸੁਨੇਹਾ ਭੇਜ ਦਿੰਦਾ। ਘਰਾਂ ਦੇ ਸੌ ਮਸਲੇ ਹੁੰਦੇ, ਸੌ ਮੁਸੀਬਤਾਂ। ਇਕ ਦਿਨ ਨਿੰਦਰ ਦੇ ਸਹੁਰੇ ਘਰੋਂ ਚੰਨੀ ਨੂੰ ਘਰ ਆਉਣ ਦਾ ਸੁਨੇਹਾ ਆਇਆ। ਚੰਨੀ ਸਕੂਲੋਂ ਆਉਣ ਤੋਂ ਬਾਅਦ ਪਿੰਡ ਨੂੰ ਚਲਾ ਗਿਆ। ਉਸ ਨੂੰ ਗੱਲਾਂ ਕਰਦਿਆਂ ਤੇ ਰੋਟੀ-ਪਾਣੀ ਖਾਂਦਿਆਂ ਕਾਫ਼ੀ ਹਨੇਰਾ ਹੋ ਗਿਆ। ਚੰਨੀ ਜਦੋਂ ਸੜਕ ’ਤੇ ਆਇਆ ਤਾਂ ਕਿਸ ਚੀਜ਼ ਨੇ ਉਸ ਦੇ ਸਕੂਟਰ ਨੂੰ ਟੱਕਰ ਮਾਰੀ। ਡਿੱਗਦੇ ਹੀ ਚੰਨੀ ਦੇ ਸਿਰ ’ਚ ਸੱਟ ਲੱਗੀ ਤੇ ਉਹ ਡਿੱਗਿਆ ਹੀ ਰਹਿ ਗਿਆ।

ਜਦੋਂ ਚੰਨੀ ਦੀ ਜਾਨ ਨਿਕਲੀ ਤਾਂ ਘਰ ਨਿੰਦਰ ਨੂੰ ਇਕ ਹੌਲ ਜਿਹਾ ਪਿਆ। ਉਹ ਰੋਟੀ ਹਮੇਸ਼ਾ ਚੰਨੀ ਨਾਲ ਹੀ ਖਾਂਦੀ ਸੀ। ਉਡੀਕਦੀ ਰਹੀ ਪਰ ਚੰਨੀ ਨਹੀਂ ਆਇਆ। ਉਨ੍ਹਾਂ ਦਿਨਾਂ ’ਚ ਮੋਬਾਈਲ ਫੋਨ ਨਹੀਂ ਹੁੰਦੇ ਸਨ ਤੇ ਉਸ ਦਾ ਪਿੰਡ ਵੀ ਪੱਛੜਿਆ ਜਿਹਾ, ਟੈਲੀਫੂਨ ਵੀ ਨਹੀਂ ਸੀ ਉੱਥੇ ਕੋਈ। ਖ਼ੈਰ ਨਿੰਦਰ ਸਾਰੀ ਰਾਤ ਉਡੀਕਦੀ ਰਹੀ, ਫੇਰ ਇਹ ਸੋਚ ਕੇ ਸੌਂ ਗਈ ਕਿ ਸ਼ਾਇਦ ਭਾਪਾ ਜੀ ਹੁਰਾਂ ਨੇ ਆਉਣ ਨਾ ਦਿੱਤਾ ਹੋਵੇ।

ਦਿਨ ਚੜ੍ਹ ਆਇਆ ਸਾਰੀ ਰਾਤ ਨਿੰਦਰ ਨੂੰ ਸੁਪਨੇ ਆਉਂਦੇ ਰਹੇ ਜਿਵੇਂ ਚੰਨੀ ਚਿੱਟਾ ਬੱਦਲ ਬਣ ਅਸਮਾਨ ਵਿਚ ਉੱਡ ਰਿਹਾ ਹੋਵੇ। ਕਦੀ ਉਸ ਨੂੰ ਲੱਗਦਾ ਉਹ ਇਕ ਦਰਿਆ ਬਣ ਵਗ ਰਿਹਾ ਹੈ। ਸਵੇਰੇ ਮੂੰਹ-ਹਨੇਰੇ ਕਿਸੇ ਨੇ ਦਰਵਾਜ਼ਾ ਖੜਕਾਇਆ। ਸਾਹਮਣੇ ਇਕ ਵਿਦਿਆਰਥੀ ਖੜ੍ਹਾ ਸੀ, ਉਸ ਨੇ ਇੰਨਾ ਹੀ ਪੁੱਛਿਆ ‘ਮੈਡਮ ਸਰ ਕਿੱਥੇ ਨੇ?’

ਨਿੰਦਰ ਨੇ ਦੱਸਿਆ ਕਿ ਉਹ ਪਿੰਡ ਗਏ ਹੋਏ ਹਨ ਤੇ ਮੁੰਡਾ ਵਾਪਸ ਚਲਾ ਗਿਆ। ਮੁੰਡਾ ਅਸਲ ’ਚ ਸੜਕ ’ਤੇ ਪਿਆ ਚੰਨੀ ਦਾ ਸਕੂਟਰ ਵੇਖ ਕੇ ਆਇਆ ਸੀ। ਨਿੰਦਰ ਵੀ ਹੈਰਾਨ ਸੀ ਕਿ ਚੰਨੀ ਨੇ ਹੱਦ ਹੀ ਕਰ ਦਿੱਤੀ। ਸਕੂਲ ਜਾਣ ਦਾ ਟਾਇਮ ਹੋ ਗਿਆ ਪਰ ਉਹ ਅਜੇ ਤਕ ਵਾਪਸ ਨਹੀਂ ਆਇਆ। ਅਚਾਨਕ ਉਸਦੇ ਪਿੰਡੋਂ ਕੋਈ ਘਰ ਆ ਗਿਆ ਤੇ ਨਿੰਦਰ ਨੂੰ ਕਿਹਾ! ਚੱਲ ਨਿੰਦਰ! ਆਪਾਂ ਪਿੰਡ ਜਾਣਾ ਹੈ, ਹੁਣੇ। ਚੰਨੀ ਦਾ ਐਕਸੀਡੈਂਟ ਹੋ ਗਿਆ ਓਦਾਂ ਉਹ ਠੀਕ ਹੈ, ਸੱਟਾਂ ਲੱਗੀਆਂ ਹਨ।

ਨਿੰਦਰ ਉਸ ਦੇ ਦੇ ਨਾਲ ਪਿੰਡ ਚਲੀ ਗਈ। ਪਿੰਡ ਵੜਦਿਆਂ ਸਾਰ ਨਿੰਦਰ ਨੂੰ ਲੱਗ ਰਿਹਾ ਸੀ ਕਿ ਕੋਈ ਅਣਹੋਣੀ ਹੋਈ ਹੈ ਕਿਉਂਕਿ ਘਰ ਦੇ ਵਿਹੜੇ ’ਚ ਲੋਕਾਂ ਦਾ ਇੱਕਠ ਤੇ ਰੋਣਾ-ਪਿੱਟਣਾ ਸੀ। ਨਿੰਦਰ ਭੀੜ ਨੂੰ ਚੀਰਦੀ ਹੋਈ ਅੱਗੇ ਵਧਦੀ ਤੇ ਦੇਖਦੀ ਹੈ ਕਿ ਇਕ ਮ੍ਰਿਤਕ ਦੇਹ ਪਈ ਹੈ। ਉਸ ਨੇ ਕੱਪੜਾ ਚੁੱਕ ਕੇ ਦੇਖਿਆ ਇਹ ਤਾਂ ਚੰਨੀ ਸੀ। ਨਿੰਦਰ ਦੇਖਦੇ ਹੀ ਬੇਹੋਸ਼ ਹੋ ਗਈ ਤੇ ਧੜਾਮ ਡਿੱਗ ਪਈ।

ਨਿੰਦਰ ਨੂੰ ਦਵਾਈਆਂ ਦੇ ਕੇ ਡਾਕਟਰਾਂ ਨੇ ਹੋਸ਼ ’ਚ ਲਿਆਂਦਾ। ਹੁਣ ਨਿੰਦਰ ਦੇ ਬਿਖੜੇ ਪੈਂਡੇ ਸ਼ੁਰੂ ਹੋ ਰਹੇ ਸਨ। ਉਸ ਦੀਆਂ ਰੰਗਲੀਆਂ ਰਾਤਾਂ ਹਨੇਰਿਆਂ ਤੇ ਝੱਖੜਾਂ ’ਚ ਬਦਲ ਗਈਆਂ। ਇਕੱਲੀ ਔਰਤ ’ਤੇ ਜ਼ਿੰਮੇਵਾਰੀ ਦਾ ਪਹਾੜ ਆ ਡਿੱਗਾ ਉਸ ਦੇ ਸਿਰ ’ਤੇ। ਕੁਦਰਤ ਵੀ ਕਈ ਵਾਰ ਅਨਹੋਣੀਆਂ ਕਰ ਜਾਂਦੀ।

ਨਿੰਦਰ ਨੇ ਹੌਸਲਾ ਕੀਤਾ ਆਪਣੇ ਆਪ ਨੂੰ ਸੰਭਾਲਿਆ। ਤਿੰਨੋ ਬੇਟੀਆਂ ਵੱਲ ਵੇਖਿਆ, ਮਮਤਾ ਨੇ ਆਵਾਜ਼ ਦਿੱਤੀ ਫੇਰ ਇਕ ਦਿਨ ਚੰਨੀ ਉਸ ਦੇ ਸੁਪਨੇ ਆਇਆ ਤੇ ਕਹਿੰਦਾ ਨਿੰਦਰ ਤੂੰ ਚਿੱਟੀ ਚੁੰਨੀ ਨਹੀਂ ਲੈਣੀ ਮੈਂ ਹਰ ਵੇਲੇ ਤੇਰੇ ਨਾਲ ਹਾਂ, ਮੈਂ ਕਿਤੇ ਨਹੀਂ ਗਿਆ। ਉਸ ਦਿਨ ਤੋਂ ਬਾਅਦ ਉਸ ਨੇ ਕਦੇ ਚਿੱਟੀ ਚੁੰਨੀ ਨਾ ਲਈ। ਉਹ ਸਕੂਲ ਜਿਵੇਂ ਪਹਿਲਾਂ ਜਾਂਦੀ ਸੀ ਉਵੇਂ ਹੀ ਜਾਣ ਲੱਗੀ। ਸਮਾਂ ਆਪਣੀ ਤੋਰ ਤੁਰਦਾ ਰਿਹਾ, ਦੁੱਖ ਅੱਜ ਹੋਰ ਕੱਲ੍ਹ ਹੋਰ ਘਟਦਾ ਗਿਆ। ਜ਼ਖ਼ਮਾਂ ’ਤੇ ਸਮੇਂ ਦੀ ਮਲ੍ਹਮ ਨਾਲ ਮੋੜਾ ਪੈਣਾ ਸ਼ੁਰੂ ਹੋ ਗਿਆ ਸੀ। ਵੱਡੀ ਬੇਟੀ ਲਈ ਰਿਸ਼ਤਾ ਆ ਗਿਆ। ਰਿਸ਼ਤਾ ਮੁੰਡੇ ਵਾਲਿਆਂ ਮੰਗ ਕੇ ਲਿਆ।

ਨਿੰਦਰ ਨੇ ਹਾਂ ਕਰ ਦਿੱਤੀ। ਔਖੇ ਵੇਲੇ ਰਿਸ਼ਤੇਦਾਰ ਵੀ ਬਦਲ ਜਾਂਦੇ ਹਨ। ਪਿੰਡ ਚੰਨੀ ਨੂੰ ਜ਼ਮੀਨ ਹਿੱਸੇ ਆਉਂਦੀ ਸੀ। ਬੇਟੀ ਦੇ ਵਿਆਹ ’ਤੇ ਪੈਸੇ ਦੀ ਲੋੜ ਸੀ, ਨਿੰਦਰ ਨੇ ਸਹੁਰੇ ਪਰਿਵਾਰ ਨਾਲ ਗੱਲ ਕੀਤੀ। ਉਸ ਦੇ ਸਹੁਰੇ ਘਰੋਂ ਕੋਈ ਆਇਆ ਤੇ 2 ਲੱਖ ਦੇ ਕੇ ਜ਼ਮੀਨ ਲਿਖਵਾ ਕੇ ਲੈ ਗਿਆ। ਇਸ ਗੱਲ ਦਾ ਨਿੰਦਰ ਨੂੰ ਬੜੀ ਦੇਰ ਬਾਅਦ ਪਤਾ ਲੱਗਾ। ਉਹ ਦੁੱਖੀ ਹੋਈ ਪਰ ਹੁਣ ਕੀ ਕੀਤਾ ਜਾ ਸਕਦਾ ਸੀ, ਉਸ ਨੇ ਸਬਰ ਕਰ ਲਿਆ।

ਦੂਜੀ ਬੇਟੀ ਕੈਨੇਡਾ ਤੇ ਤੀਜੀ ਬੇਟੀ ਦੁਬਈ ਵਿਆਹੀ ਗਈ। ਨਿੰਦਰ ਦੀ ਕੁਦਰਤ ਨੇ ਆਪ ਸਹਾਇਤਾ ਕੀਤੀ। ਉਸ ਨੂੰ ਇੰਦਾਂ ਲੱਗਦਾ ਕਿ ਚੰਨੀ ਉਸ ਦੇ ਨਾਲ ਨਾਲ ਹੀ ਚਲਦਾ, ਉਸ ਦੀਆਂ ਮੁਸ਼ਕਿਲਾਂ ਦਾ ਹੱਲ ਵੀ ਕੁਦਰਤ ਆਪ ਹੀ ਕੱਢਦੀ। ਕਦੇ-ਕਦੇ ਨਿੰਦਰ ਨੂੰ ਲਗਦਾ ਕਿ ਸ਼ਾਇਦ ਉਸ ਨੇ ਹੌਸਲਾ ਰੱਖਿਆ, ਔਖੇ-ਸੌਖੇ ਰਾਹੀਂ ਬੇਧੜਕ, ਚਲਦੀ ਗਈ। ਚੰਨੀ ਦੀ ਰੂਹ ਵੀ ਉਸ ਦੇ ਨਾਲ ਸੀ ਤੇ ਕੁਦਰਤ ਵੀ। ਇਹ ਕੇਹੀ ਮੁਹੱਬਤ ਸੀ ਚੰਨੀ ਦੀ ਉਸ ਨਾਲ? •

# ਮੰਗਾਂ ਨੂੰ ਲੈ ਕੇ ਪੀ.ਆਰ.ਟੀ.ਸੀ. ਪੈਨਸ਼ਨਰਾਂ ਦਿੱਤਾ ਰੋਸ ਧਰਨਾ ਬਜ਼ੁਰਗਾਂ ਨੇ ਘੇਰਿਆ ਮੁੱਖ ਦਫ਼ਤਰ



**ਪਟਿਆਲਾ, 23 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਆਰ.ਟੀ.ਸੀ. ਦੇ ਪੈਨਸ਼ਨਰਾਂ ਨੇ ਸਮੇਂ ਸਿਰ ਪੈਨਸ਼ਨ ਪਾਉਣ ਅਤੇ ਰਹਿੰਦੇ ਬਕਾਇਆਂ, ਜਿਵੇਂ ਕਿ ਪੇ—ਕਮਿਸ਼ਨ ਦੇ 2016 ਤੋਂ ਰਹਿੰਦੇ ਬਕਾਏ, ਨਵੇਂ ਰਿਟਾਇਰੀਆਂ ਦੇ ਪੈਨਸ਼ਨਰੀ ਲਾਭ ਅਤੇ ਮੈਡੀਕਲ ਬਿੱਲਾਂ ਦੀ ਅਦਾਇਗੀ ਨੂੰ ਲੈ ਕੇ ਬਜ਼ੁਰਗ ਪੈਨਸ਼ਨਰਾਂ ਨੇ ਮੁੱਖ ਦਫਤਰ ਨੂੰ ਜਾ ਘੇਰਿਆ। ਪੀ.ਆਰ.ਟੀ.ਸੀ. ਪੈਨਸ਼ਨਰਜ਼ ਐਸੋਸੀਏਸ਼ਨ ਦੇ ਚੇਅਰਮੈਨ ਮੁਕੰਦ ਸਿੰਘ ਅਤੇ ਸੂਬਾ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ ਦੀ ਅਗਵਾਈ ਵਿੱਚ ਦਿੱਤੇ ਗਏ ਇਸ ਰੋਸ ਧਰਨੇ ਵਿੱਚ ਸਮੁੱਚੇ ਪੈਨਸ਼ਨਰਾਂ ਨੇ ਪੰਜਾਬ ਸਰਕਾਰ ਅਤੇ ਪੀ.ਆਰ.ਟੀ.ਸੀ. ਮੈਨੇਜਮੈਂਟ ਵਿਰੁੱਧ ਦੱਬ ਕੇ ਨਾਅਰੇਬਾਜ਼ੀ ਕੀਤੀ।

ਇਸ ਰੋਸ ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪੀ.ਆਰ.ਟੀ.ਸੀ. ਦਾ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਪ੍ਰਤੀ ਨਾਂਹ ਪੱਖੀ ਰਵੱਈਆ ਅਦਾਰੇ ਨੂੰ ਨਿਘਾਰ ਵੱਲ ਲੈ ਕੇ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਰਾਮ ਕਰਨ ਦੀ ਉਮਰ ਵਿੱਚ ਸਾਨੂੰ ਆਪਣੇ ਹੱਕਾਂ, ਜਿਵੇਂ ਕਿ ਪੈਨਸ਼ਨ ਅਤੇ ਬਕਾਏ ਲੈਣ ਲਈ ਸਰਕਾਰ ਤੇ ਮੈਨੇਜਮੈਂਟ ਸੰਘਰਸ਼ ਕਰਨ ਲਈ ਮਜਬੂਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਬਜ਼ੁਰਗ ਅੱਤਾਂ ਖਰਚੇ ਤੋਂ ਤੰਗ ਹਨ ਅਤੇ ਕਿੰਨੇ ਹੀ ਬਜ਼ੁਰਗ ਬੀਮਾਰੀ ਦੀ ਹਾਲਤ ਵਿੱਚ ਮੌਤ ਦੀਆਂ ਬਰੂਹਾਂ ਤੇ ਪਹੁੰਚ ਚੁੱਕੇ ਹਨ ਤੇ ਕਈ ਰੱਬ ਨੂੰ ਪਿਆਰੇ ਹੋ ਚੁੱਕੇ ਹਨ ਪਰੰਤੂ ਮੈਨੇਜਮੈਂਟ ਅਤੇ ਸਰਕਾਰ ਦੇ ਕੰਨਾਂ ਤੇ ਜੂੰ ਨਹੀਂ ਸਰਕਦੀ। ਸਕੱਤਰ ਜਨਰਲ ਹਰੀ ਸਿੰਘ ਚਮਕ ਨੇ ਕਿਹਾ ਕਿ ਕਿਲੋਮੀਟਰ ਸਕੀਮ ਅਦਾਰੇ ਨੂੰ ਲੱਗਾ ਹੋਇਆ ਘੁਣ ਹੈ। ਇਸ ਨਾਲ ਅਦਾਰੇ ਅੰਦਰ ਲੁੱਟ ਹੋ ਰਹੀ ਹੈ ਤੇ ਅਦਾਰਾ ਨਿਜੀਕਰਨ ਵੱਲ ਵੱਧ ਰਿਹਾ ਹੈ। ਇਹ ਬੰਦ ਹੋਣੀ ਚਾਹੀਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਲੱਖ—ਲੱਖ ਰੁਪਏ ਤਨਖਾਹ ਲੈਣ ਵਾਲੀਆਂ ਔਰਤਾਂ ਨੂੰ ਮੁਫ਼ਤ ਸਫਰ ਸਹੂਲਤ ਬੰਦ ਹੋਣੀ ਚਾਹੀਦੀ ਹੈ। ਜਿਸ ਨਾਲ ਅਦਾਰੇ ਨੂੰ ਤਕਰੀਬਨ 1.50 ਕਰੋੜ ਦਾ ਰੋਜ਼ਾਨਾ ਦਾ ਅਤੇ ਤਕਰੀਬਨ 500 ਕਰੋੜ ਦਾ ਸਲਾਨਾ ਪੀ.ਆਰ.ਟੀ.ਸੀ. ਦਾ ਅਤੇ ਇਸ ਤੋਂ ਵੀ ਵੱਧ ਪੰਜਾਬ ਰੋਡਵੇਜ਼ ਦਾ ਨੁਕਸਾਨ ਹੋ ਰਿਹਾ ਹੈ। ਸਾਡਾ ਪੇਟ ਕੱਟ ਕੇ ਅਪਣੀਆਂ ਵੋਟਾਂ ਲੈਣ ਵਾਸਤੇ ਸਰਕਾਰੀ ਰਿਸ਼ਵਤ ਦਿੱਤੀ ਜਾ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਠੇਕੇ ਦੇ ਆਧਾਰ ਤੇ ਕੰਮ ਕਰਦੇ ਕਰਮਚਾਰੀਆਂ ਨੂੰ ਪੱਕੇ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਵੀ ਪੈਨਸ਼ਨ ਦੀ ਸਹੂਲਤ ਦੇਣੀ ਚਾਹੀਦੀ ਹੈ ਇਹ ਹੀ ਬੁੱਢਾਪੇ ਦਾ ਸਹਾਰਾ ਹੈ।

ਚੇਅਰਮੈਨ ਮੁਕੰਦ ਸਿੰਘ ਨੇ ਕਿਹਾ ਕਿ ਅਸੀਂ ਮੈਨੇਜਮੈਂਟ ਦੇ ਲਾਰਿਆਂ ਤੋਂ ਤੰਗ ਆ ਕੇ ਅੱਜ ਜੋ ਕਦਮ ਉਠਾਇਆ ਹੈ ਇਹ ਤਾਂ ਇੱਕ ਟਰੇਲਰ ਹੈ। ਅਸੀਂ ਉਂਠ ਦੇ ਬੁੱਲ੍ਹ ਡਿਗਣ ਦਾ ਬਹੁਤੀ ਦੇਰ ਇੰਤਜ਼ਾਰ ਨਹੀਂ ਕਰ ਸਕਦੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਗਰ ਮੈਨੇਜਮੈਂਟ ਅਤੇ ਸਰਕਾਰ ਤੇ ਅੱਜ ਦੇ ਇਸ ਟਰੇਲਰ ਦਾ ਕੋਈ ਅਸਰ ਨਾ ਹੋਇਆ ਤਾਂ ਨੇੜਲੇ ਭਵਿੱਖ ਵਿੱਚ ਅਸੀਂ ਆਪਣੀਆਂ ਮੰਗਾਂ ਮਨਵਾਉਣ ਲਈ ਸਖ਼ਤ ਕਦਮ ਚੁੱਕਣ ਲਈ ਮਜਬੂਰ ਹੋਵਾਂਗੇ। ਸਾਰੇ ਬੁਲਾਰਿਆਂ ਨੇ ਠੇਕੇ ਦੇ ਆਧਾਰ ਤੇ ਕੰਮ ਕਰਦੇ ਕਰਮਚਾਰੀਆਂ ਦੀਆਂ ਮੰਗਾਂ ਦਾ ਪੁਰਜ਼ੋਰ ਸਮਰਥਨ ਕੀਤਾ ਅਤੇ ਕਿਲੋਮੀਟਰ ਸਕੀਮ

# 15 ਸਕੂਲੀ ਵਾਹਨਾਂ ਦੇ ਅਚਨਚੇਤੀ ਚੈਕਿੰਗ ਦੌਰਾਨ ਕੱਟੇ ਚਲਾਨ : ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ

**ਮਲੇਰਕੋਟਲਾ, 23 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ ਦੀ ਅਗਵਾਈ ਹੇਠ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਬਾਗੜੀਆਂ ਵਿਖੇ ਵੱਖ-ਵੱਖ ਸਕੂਲਾਂ ਦੀ 15 ਬੱਸਾਂ ਦੀ ਚੈਕਿੰਗ ਕੀਤੀ ਗਈ। ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਬੱਸਾਂ ਅੰਦਰ ਅੱਗ ਬੁਝਾਊ ਸਲੰਡਰ, ਪ੍ਰਦੂਸ਼ਣ ਸਰਟੀਫਿਕੇਟ, ਮੈਡੀਕਲ ਕਿੱਟ, ਨੰਬਰ ਪਲੇਟਾਂ, ਡਰਾਈਵਰ ਦੀ ਵਰਦੀ, ਲੇਡੀ ਅਟੈਂਡਟ ਆਦਿ ਸਬੰਧੀ ਜਾਂਚ ਕੀਤੀ ਗਈ। ਚੈਕਿੰਗ ਦੌਰਾਨ ਸੇਫ ਸਕੂਲ ਪਾਲਿਸੀ ਦੀਆਂ ਸ਼ਰਤਾਂ ਨਾ ਪੂਰੀ ਕਰਨ ਵਾਲਿਆਂ 3 ਸਕੂਲੀ ਬੱਸਾਂ ਦੇ ਚਲਾਨ ਕੀਤੇ ਗਏ ਅਤੇ ਨਾਲ ਹੀ ਸ਼ਰਤਾਂ ਪੂਰੀਆਂ ਨਾ ਕਰਨ ਵਾਲੀਆਂ ਸਕੂਲੀ ਬੱਸਾਂ ਨੂੰ ਇਕ ਹਫ਼ਤੇ ਵਿੱਚ ਆਪਣੀਆਂ ਕਮੀਆਂ ਪੂਰੀਆਂ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਸਕੂਲੀ ਵਾਹਨਾਂ ਦੇ ਡਰਾਈਵਰਾਂ ਨੂੰ ਇਹ ਗੱਲ ਸਪੱਸ਼ਟ ਕੀਤੀ ਕਿ ਸੇਫ ਸਕੂਲ ਵਾਹਨ ਪਾਲਿਸੀ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

ਇਸੇ ਤਰਾਂ ਬਲਾਕ ਅਮਰਗੜ੍ਹ ਦੇ ਵੱਖ-ਵੱਖ ਸਕੂਲਾਂ ਦੀ 7 ਵੈਨਾਂ ਅਤੇ 18 ਬੱਸਾਂ ਦੀ ਚੈਕਿੰਗ ਕੀਤੀ ਗਈ। ਜਾਂਚ ਦੌਰਾਨ 12 ਸਕੂਲੀ ਬੱਸਾਂ ਦੇ ਚਲਾਨ ਕੀਤੇ ਗਏ ਜੋ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਸ਼ਰਤਾਂ ਅਨੁਸਾਰ ਢੁਕਵੀਆਂ ਨਹੀਂ ਸਨ।

ਸਕੂਲ ਦੇ ਹੈਂਡਮਾਸਟਰ ਤੇ ਡਰਾਈਵਰਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਗਿਆ ਕਿ ਬੱਸਾਂ ਵਿਚ ਲੇਡੀ ਅਟੈਂਡਟ ਲਾਜ਼ਮੀ ਭੇਜਣੀ ਯਕੀਨੀ ਬਣਾਈ ਜਾਵੇ।

ਇਸ ਮੌਕੇ ਲੀਗਲ ਅਫ਼ਸਰ ਬਬੀਤਾ ਕੁਮਾਰੀ, ਸ਼ੋਸ਼ਲ ਵਰਕਰ ਗੁਰਜੰਟ ਸਿੰਘ, ਪੁਲਿਸ ਥਾਣਾ ਮੁਖੀ ਬਲਬੀਰ ਸਿੰਘ, ਮੀਡੀਆ ਸਹਾਇਕ ਪਰਗਟ ਸਿੰਘ, ਸਿੱਖਿਆ ਵਿਭਾਗ ਤੋਂ ਗੁਰਵੀਰ ਸਿੰਘ, ਗੁਰਵਿੰਦਰ ਸ਼ਰਮਾ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਟੀਮ ਦੇ ਮੈਂਬਰ ਹਾਜ਼ਰ ਸਨ।

# ਵਿਧਾਇਕ ਅਜੀਤਪਾਲ ਕੋਹਲੀ ਵੱਲੋਂ ਨਗਰ ਨਿਗਮ ਦੇ ਜਨਰਲ ਹਾਊਸ ਵਿਚ ਬਿਨਾਂ ਏਜੰਡੇ ਤੋਂ ਲਿਆਂਦੇ ਦੋ ਮਤੇ ਹੋਏ ਪਾਸ

**ਪਟਿਆਲਾ, 23 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਸਹਿਰ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਅੱਜ ਗੱਲਬਾਤ ਕਰਦਿਆਂ ਆਖਿਆ ਕਿ ਨਗਰ ਨਿਗਮ ਦੇ ਜਨਰਲ ਹਾਊਸ ਵਿਚ ਬਿਨਾ ਏਜੰਡੇ ਤੋਂ ਆਊਟ ਆਫ ਏਜੰਡਾ ਆਏ ਦੋ ਮਤੇ ਪਾਸ ਹੋਏ ਹਨ, ਜਿਸ ਲਈ ਉਨਾ ਵਿਸ਼ੇਸ਼ ਤੌਰ 'ਤੇ ਨਗਰ ਨਿਗਮ ਦੀ ਸ਼ਲਾਘਾ ਕਰਦਿਆਂ ਮੇਅਰ ਕੁੰਦਨ ਗੋਗੀਆ ਦਾ ਧੰਨਵਾਦ ਵੀ ਕੀਤਾ ਹੈ।

ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਆਖਿਆ ਕਿ ਮੈਨੂੰ ਤੁਹਾਡੇ ਨਾਲ ਇਹ ਗੱਲ ਸਾਂਝੀ ਕਰਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ ਕਿ ਨਗਰ ਨਿਗਮ ਦੇ ਜਨਰਲ ਹਾਊਸ ਨੇ ਨਵੇਂ ਬਣੇ ਆਡੀਟੋਰੀਅਮ ਦਾ ਨਾਮ ਗੁਰੂ ਤੇਗ ਬਹਾਦਰ ਸਾਹਿਬ ਆਡੀਟੋਰੀਅਮ ਰੱਖਣ ਦਾ ਮਤਾ ਪਾਸ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ, ਰਾਜ ਮਾਤਾ ਮਹਿੰਦਰ ਕੌਰ ਪਾਰਕ ਵਿੱਚ ਵਿਸ਼ਕਰਮਾ ਕਮਿਊਨਿਟੀ ਹਾਲ ਲਈ ਜ਼ਮੀਨ ਅਲਾਟ ਕਰਨ ਲਈ ਇੱਕ ਹੋਰ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਉਨਾ ਕਿਹਾ ਕਿ ਇਸ ਲਈ ਮੇਅਰ ਕੁੰਦਨ ਗੋਗੀਆ ਦਾ ਵਿਸ਼ੇਸ਼ ਧੰਨਵਾਦ ਕਿ ਉਨਾ ਮੇਰੇ ਏਜੰਡੇ ਤੋਂ ਬਾਹਰ ਦੇ ਮਤਿਆਂ 'ਤੇ ਵਿਚਾਰ ਕੀਤਾ ਹੈ। ਜਿਕਰਯੋਗ ਹੈ ਕਿ ਵਿਸ਼ਵਕਰਮਾ ਕਮਿਊਨਿਟੀ ਹਾਲ ਲਈ ਜਮੀਨ ਅਲਾਟ ਹੋਣ 'ਤੇ ਰਾਮਗੜੀਆ ਸਮਾਜ ਅੰਦਰ ਭਾਰੀ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਕਿਉਂਕਿ ਉਨਾ ਦੀ ਇਹ ਮੰਗ ਪਿਛਲੇ 20 ਸਾਲਾਂ ਤੋਂ ਅਧੂਰੀ ਚਲੀ ਆ ਰਹੀ ਸੀ, ਜਿਸਨੂੰ ਵਿਧਾਇਕ ਅਜੀਤਪਾਲ ਸਿੰਘ ਦੀਆਂ ਕੋਸ਼ਿਸ਼ਾਂ ਸਦਕਾ ਹੁਣ ਬੂਰ ਪਿਆ ਹੈ, ਜਿਸ ਲਈ ਉਨਾ ਵਿਧਾਇਕ ਅਜੀਤ ਪਾਲ ਕੋਹਲੀ ਦਾ ਧੰਨਵਾਦ ਵੀ ਕੀਤਾ ਹੈ।



ਵਿਧਾਇਕ ਕੋਹਲੀ ਨੇ ਆਖਿਆ ਕਿ ਇਹ ਦੋਵੇ ਏਜੰਡੇ ਆਊਟ ਆਫ ਏਜੰਡਾ ਸਨ, ਜਿਨਾ ਨੂੰ ਨਗਰ ਨਿਗਮ ਵਲੋ ਵਿਚਾਰ ਚਰਚਾ ਕਰਕੇ ਸਰਵਸੰਮਤੀ ਨਾਲ ਪਾਸ ਕਰ ਦਿੱਤਾ ਗਿਆ ਹੈ, ਜਿਸਦਾ ਲਾਭ ਲੋਕਾਂ ਨੂੰ ਮਿਲੇਗਾ। ਉਨਾ ਕਿਹਾ ਕਿ ਇਹ ਮੰਗ ਪਿਛਲੇ ਲੰਬੇ ਸਮੇ ਤੋਂ ਚਲੀ ਆ ਰਹੀ ਸੀ, ਜਿਸਨੂੰ ਹੁਣ ਨਗਰ ਨਿਗਮ ਦੇ ਜਨਰਲ ਹਾਊਸ ਵਿਚ ਪਾਸ ਕਰ ਦਿੱਤਾ ਗਿਆ ਹੈ, ਜਿਸ ਲਈ ਉਹ ਸਾਰਿਆਂ ਦਾ ਧੰਨਵਾਦ ਵੀ ਕਰਦੇ ਹਨ।

# ਪਟਿਆਲਾ ਜ਼ਿਲ੍ਹੇ 'ਚ ਅੱਜ ਪੁੱਜੇਗਾ ਵਿਸ਼ਾਲ ਨਗਰ ਕੀਰਤਨ, ਕਰੋ ਦਰਸ਼ਨ

**ਪਟਿਆਲਾ, 23 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਸੰਗਤ ਦੇ ਸਹਿਯੋਗ ਨਾਲ ਧਾਰਮਿਕ ਯਾਤਰਾ ਦੇ ਰੂਪ ਵਿੱਚ ਸਜਾਇਆ ਜਾ ਰਿਹਾ ਮਹਾਨ ਨਗਰ ਕੀਰਤਨ ਅੱਜ ਪਟਿਆਲਾ ਜ਼ਿਲ੍ਹੇ 'ਚ ਦਾਖਲ ਹੋਵੇਗਾ। ਸੰਗਤ ਦੇ ਵਿਸ਼ਾਲ ਇਕੱਠ ਨੂੰ ਦੇਖਦੇ ਹੋਏ ਪ੍ਰਸ਼ਾਸ਼ਨ ਵੱਲੋਂ ਇਕ ਰੂਟ ਪਲਾਨ ਜਾਰੀ ਕੀਤਾ ਗਿਆ ਹੈ।

ਇਹ ਵਿਸ਼ਾਲ ਨਗਰ ਕੀਰਤਨ ਸੰਗਰੂਰ ਰੋਡ ਗੁਰਦੁਆਰਾ ਪਰਮੇਸ਼ਵਰ ਦੁਆਰ, ਪਿੰਡ ਗੱਜੂਮਾਜਰਾ, ਪਸਿਆਣਾ ਪੁਲ ਆਰਮੀ ਏਰੀਆ, ਸੇਵਾ ਸਿੰਘ ਠੀਕਰੀਵਾਲਾ ਚੌਂਕ ਤੋਂ ਹੁੰਦਾ ਹੋਇਆ ਪਹਿਲਾ ਵਿਸ਼ਰਾਮ ਸਥਾਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਪੁੱਜੇਗਾ ਜਿੱਥੇ ਪਟਿਆਲਾ ਪੁਲਿਸ ਦੀ ਟੁਕੜੀ ਵੱਲੋਂ ਗਾਰਡ ਆਫ ਆਨਰ ਦਿੱਤਾ ਜਾਵੇਗਾ। ਇਸ ਤੋਂ ਬਾਅਦ ਫੁਆਰਾ ਚੌਂਕ, ਲੀਲਾ ਭਵਨ, 22 ਨੰਬਰ ਰੇਲਵੇ ਲਾਈਨ ਫਾਟਕ ਪੁੱਲ ਤੋਂ ਹੁੰਦਾ ਹੋਇਆ ਥਾਪਰ ਯੂਨੀਵਰਸਿਟੀ ਚੌਂਕ ਅਤੇ ਜੇਲ੍ਹ ਰੋਡ-ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤੋਂ ਹੁੰਦਾ ਹੋਇਆ ਦੂਜੇ ਵਿਸ਼ਰਾਮ ਸਥਾਨ ਗੁਰਦੁਆਰਾ ਸ੍ਰੀ ਦੂੱਖ ਨਿਵਾਰਣ ਸਾਹਿਬ ਪੁੱਜੇਗਾ। ਇੱਥੇ ਕੁੱਝ ਦੇਰ ਵਿਸ਼ਰਾਮ ਤੋਂ ਬਾਅਦ ਖੰਡਾ ਚੌਂਕ ਪੁਰਾਣਾ ਬੱਸ ਅੱਡਾ, ਨਵਾਂ ਬੱਸ ਅੱਡਾ, ਅਰਬਨ ਅਸਟੇਟ, ਪੰਜਾਬੀ ਯੂਨੀਵਰਸਿਟੀ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਬਹਾਦਰਗੜ੍ਹ ਪੰਹੁਚੇਗਾ ਅਤੇ ਫੇਰ ਰਾਜਪੁਰਾ ਸ਼ਹਿਰ, ਗਗਨ ਚੌਂਕ ਤੋ ਹੁੰਦਾ ਹੋਇਆ ਬਨੂੜ ਵੱਲ ਰਵਾਨਾ ਹੋਵੇਗਾ।

# ਜੰਗਲਾਤ ਕਾਮਿਆਂ ਦਾ ਅਣਮਿੱਥੇ ਸਮੇਂ ਲਈ ਸ਼ੁਰੂ ਕੀਤਾ ਧਰਨਾ ਦੂਜੇ ਦਿਨ ਵਿੱਚ ਸ਼ਾਮਲ ਹੋਇਆ

**ਪਟਿਆਲਾ, 23 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਦੀ ਕਲਾਸ ਫੋਰਥ ਗੌਰਮਿੰਟ ਇਂਪਲਾਈਜ਼ ਯੂਨੀਅਨ ਪੰਜਾਬ (1680) ਜਿਲਾ ਸ਼ਾਖਾ ਵਲੋਂ ਵਣ ਮੰਡਲ ਦਫਤਰ ਅੱਗੇ ਸ਼ੁਰੂ ਕੀਤਾ ਅਣਮਿੱਥੇ ਸਮੇਂ ਲਈ ਰੋਸ ਧਰਨਾ, ਦੂਜੇ ਦਿਨ ਵਿੱਚ ਸ਼ਾਮਲ ਹੋਣ ਤੇ ਵਣ ਮੰਡਲ ਦਫਤਰ ਅੱਗੇ ਇੱਕ ਵੱਡੀ ਰੈਲੀ ਕੀਤੀ ਗਈ। ਇਸ ਰੈਲੀ ਵਿੱਚ ਵੱਖ—ਵੱਖ ਵਿਭਾਗਾਂ ਵਿਚੋਂ ਚੌਥਾ ਦਰਜਾ ਕਰਮਚਾਰੀ ਆਗੂ ਤੇ ਮੈਂਬਰਜ਼ ਹਮਾਇਤ ਵਜੋ ਸ਼ਾਮਲ ਹੋਏ। ਇੱਥੇ ਪਿੱਟ ਸਿਆਪਾ ਕਰਨ ਉਪਰੰਤ ਸਮੂਹ ਕਰਮਚਾਰੀ ਰੋਸ ਮਾਰਚ ਵਣਪਾਲ ਦਫਤਰ ਵਿਖੇ ਪਹੁੰਚਕੇ ਵਣ ਮੰਡਲ ਅਫਸਰ ਦਾ ਜੋਰਦਾਰ ਪਿੱਟ ਸਿਆਪਾ ਕੀਤਾ ਗਿਆ। ਇਸ ਮਾਰਚ ਦੀ ਅਗਵਾਈ ਕਾ. ਦਰਸ਼ਨ ਸਿੰਘ ਲੁਬਾਣਾ ਸੂਬਾ ਪ੍ਰਧਾਨ, ਕਾ. ਜਗਮੋਹਨ ਨੋਲੱਖਾ ਪ੍ਰਧਾਨ ਫੈਡਰੇਸ਼ਨ ਨੇ ਕੀਤੀ। ਇਨ੍ਹਾਂ ਨੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਸਰਕਾਰ ਵੱਲੋਂ 2023 ਵਿੱਚ ਕਾਮਿਆਂ ਨੂੰ ਰੈਗੂਲਰ ਕਰਨਦਾ ਜਾਰੀ ਨੋਟੀਫਿਕੇਸ਼ਨ ਅਧੂਰਾ ਹੈ, ਇਸ ਨੂੰ ਰੈਗੂਲਰ ਹੋਣ ਵਾਲੇ ਕਰਮੀਆ ਦਾ ਆਰਥਿਕ ਤੇ ਸੇਵਾਵਾਂ ਵਿੱਚ ਸ਼ੋਸ਼ਣ ਕੀਤਾ ਗਿਆ ਹੈ। ਇਹ ਪੱਤਰ ਰਾਹੀਂ ਕੇਵਲ ਉੱਕਾ ਪੁੱਕਾ 18000 ਰੁਪਏ ਦੇਣ ਤੇ 58 ਸਾਲ ਦੀ ਉਮਰ ਵਿੱਚ ਸੇਵਾ ਨਿਵਿਰਤ ਕਰਨ ਲੂੰ ਕਿਹਾ ਗਿਆ ਹੈ। ਪੂਰੀ ਸੇਵਾ ਵਿੱਚ ਕੋਈ ਵੀ ਵਿੱਤੀ ਲਾਭ ਨਹੀਂ ਮਿਲੇਗਾ। ਦਰਸ਼ਨ ਸਿੰਘ ਲੁਬਾਣਾ ਨੇ ਕਿਹਾ ਕਿਅ ਾਪ ਸਰਕਾਰ ਨੇ ਨਿਯਮਾਂ ਦਾ ਖਿਲਵਾੜ ਕੀਤਾ ਹੈ। ਜਦੋਂ ਕਿ ਕਲਾਸ ਫੋਰਥ ਸੇਵਾ ਨਿਯਮ 1962 ਤੇ ਸੋਧੇ 2003 ਵਿੱਚ ਸੇਵਾ ਨਿਵਿਰਤੀ ਉਮਰ 60 ਸਾਲਾ ਦੀ ਵਿਵਸਥਾ ਕੀਤੀ ਹੋਈ ਹੈ। ਜਗਮੋਹਨ ਨੋਲੱਖਾ ਨੇ ਕਿਹਾ ਕਿ ਕੋਈ ਪੈਨਸ਼ਨ ਨਹੀਂ, ਕੋਈ ਭੱਤਾ ਨਹੀਂ ਇਹ ਜੰਗਲਾਤ ਕਾਮਿਆਂ ਦਾ ਵੱਡਾ ਆਰਥਿਕ ਸ਼ੋਸ਼ਣ ਹੈ। ਵਣ ਦਫਤਰ ਵਿੱਚ ਇਹਨਾਂ ਨਿਯਮਾਂ ਤਹਿਤ ਰੈਗੂਲਰ ਹੋ ਰਹੇ ਕਾਮਿਆਂ ਦਾ ਵਣ ਰੇਜਾ ਤੇ ਵਣ ਮੰਡਲ ਦਫਤਰ ਖਿਲਵਾੜ ਕੀਤੀ ਜਾ ਰਿਹਾ ਹੈ। ਜਿਸ ਵਿਰੁੱਧ ਤੇ ਹੋਰ ਮੰਗਾਂ ਸਮੇਤ ਰਹਿੰਦੀਆਂ ਤਨਖਾਹਾਂ, ਕੰਮਾਂ ਤੇ ਮੇਲ ਤੇ ਫੀਮੇਲ ਵਰਕਰਾਂ ਨੂੰ ਨਜਾਇਜ ਤੌਰ ਤੇ ਫਾਰਗ ਕਰਨਾ ਮਨੁੱਖੀ ਅਧਿਕਾਰ ਦੀ ਘੋਰ ਉਲੰਘਣਾ ਹੈ। ਮੋਰਚੇ ਨੂੰ ਜਾਰੀ ਰੱਖਣ ਦਾ ਅਹਿਦ ਕੀਤਾ ਗਿਆ। ਚਲ ਰਹੀ ਰੈਲੀ ਵਿੱਚ ਵਣ ਮੰਡਲ ਅਫਸਰ ਜੀ ਨੇ ਯੂਨੀਅਨ ਦੇ ਆਗੂਆਂ ਨੂੰ ਅਪੀਲ ਕੀਤੀ ਮੀਟਿੰਗ ਲਈ ਸੱਦਾ ਦਿੱਤਾ ਗਿਆ। ਵਿਸ਼ਵਾਸ਼ ਦਿਵਾਇਆ ਤੇ ਚਲ ਰਿਹਾ ਪੱਕਾ ਮੋਰਚਾ ਮੁਲਤਵੀ ਕੀਤਾ ਗਿਆ। ਇਸ ਮੌਕੇ ਦਰਸ਼ਨ ਸਿੰਘ ਲੁਬਾਣਾ, ਸ੍ਰੀ ਜਗਮੋਹਨ ਸਿੰਘ ਨੋਲੱਖਾ, ਨਾਰੰਗ ਸਿੰਘ, ਸ਼ਿਵ ਚਰਨ, ਬਲਜੀਤ ਬੱਲੀ, ਤਰਲੋਚਨ ਗਿਰ ਮਾਡੂ, ਗੁਰਮੇਲ ਸਿੰਘ ਸਮਾਣਾ, ਬਲਵਿੰਦਰ ਸਿੰਘ ਨਾਭਾ, ਤਰਲੋਚਨ ਮੰਡੋਲੀ, ਸਬਦਲ ਸਿੰਘ, ਅਸ਼ੋਕ ਬਿੱਟੂ, ਸੁਖਦੇਵ ਝੰਡੀ, ਸ਼ਿਵ ਚਰਨ, ਰਾਮ ਲਾਲ ਰਾਮਾ ਆਦਿ ਸ਼ਾਮਲ ਸਨ।

# ਬਾਕਸਿੰਗ 'ਚ ਮਹਾਰਾਜਾ ਰਣਜੀਤ ਸਿੰਘ ਅਵਾਰਡੀ ਨੇ ਦਿੱਤਾ ਖਿਡਾਰੀਆਂ ਨੂੰ ਅਸ਼ੀਰਵਾਦ



**ਪਟਿਆਲਾ, 23 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸੰਜੀਵ ਸ਼ਰਮਾ ਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਡਾ. ਰਵਿੰਦਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ, ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ. ਦਲਜੀਤ ਸਿੰਘ ਅਤੇ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ ਲੜਕਿਆਂ ਦੇ ਬਾਕਸਿੰਗ ਮੁਕਾਬਲੇ ਅੰਡਰ 19 ਪੀਐਮਸ਼੍ਰੀ ਸਰਕਾਰੀ ਕੋਐਡ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਕੂਲ ਪਾਸੀ ਰੋਡ ਪਟਿਆਲਾ ਵਿਖੇ ਕਰਵਾਏ ਗਏ। ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ ਦਲਜੀਤ ਸਿੰਘ ਨੇ ਦੱਸਿਆ ਕਿ ਬਾਕਸਿੰਗ ਮੁਕਾਬਲਿਆਂ ਵਿੱਚ ਪਟਿਆਲਾ ਵਿੰਗ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਜਿੱਤਿਆ, ਜਲੰਧਰ ਨੇ ਦੂਸਰਾ ਸਥਾਨ ਪ੍ਰਾਪਤ ਕਰਕੇ ਸਿਲਵਰ ਮੈਡਲ ਜਿੱਤਿਆ ਅਤੇ ਪਟਿਆਲਾ ਜਿਲ੍ਹਾ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਬਰਾਊਨਜ਼ ਮੈਡਲ ਜਿੱਤਿਆ। ਅੱਜ ਦੇ ਮੁਕਾਬਲਿਆਂ ਵਿੱਚ ਮੁੱਖ ਮਹਿਮਾਨ ਪ੍ਰਿਤਪਾਲ ਸਿੰਘ ਸੰਧੂ ਡੀਐਸਪੀ ਵਿਜੀਲੈਂਸ, ਮਹਾਰਾਜਾ ਰਣਜੀਤ ਸਿੰਘ ਅਵਾਰਡੀ, ਇੰਟਰਨੈਸ਼ਨਲ ਵਾਲੀਵਾਲ ਖਿਡਾਰੀ ਨੇ ਉਚੇਚੇ ਤੌਰ ਤੇ ਪਹੁੰਚ ਕੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ।

# ਗੁਰਸ਼ਰਨ ਕੌਰ ਰੰਧਾਵਾ ਵਲੋਂ ਹਲਕਾ ਘਨੌਰ ਦੇ ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ ਨਾਲ ਮੁਲਾਕਾਤ



**ਪਟਿਆਲਾ, 23 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦਿਹਾਤੀ ਤੋਂ ਕਾਂਗਰਸ ਕਮੇਟੀ ਦੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਵਲੋਂ ਹਲਕਾ ਘਨੌਰ ਦੇ ਸਾਬਕਾ ਵਿਧਾਇਕ ਸ੍ਰੀ ਮਦਨ ਲਾਲ ਜਲਾਲਪੁਰ ਦੇ ਗ੍ਰਿਹਿ ਵਿਖੇ ਬਲਾਕ ਪ੍ਰਧਾਨਾਂ ਤੇ ਮੰਡਲ ਪ੍ਰਧਾਨਾਂ ਨਾਲ ਮੁਲਾਕਾਤ ਕੀਤੀ ਤੇ ਜ਼ਿਲਾ ਕਾਂਗਰਸ ਦੀ ਮਜ਼ਬੂਤੀ ਲਈ ਵਿਚਾਰ ਸਾਂਝੇ ਕੀਤੇ। ਇਸ ਮੌਕੇ ਗਗਨਦੀਪ ਜੌਲੀ ਜਲਾਲਪੁਰ, ਸਾਡੀ ਬੇਟੀ ਪ੍ਰਨੀਤ ਕੌਰ, ਦਵਿੰਦਰ ਲਾਲੀ ਪੀਪੀਸੀਸੀ, ਗੁਰਦੀਪ ਸਿੰਘ ਉਂਟਸਰ ਸਾਬਕਾ ਪ੍ਰਧਾਨ ਡੀਸੀਸੀ, ਬਲਿਹਾਰ ਸਿੰਘ ਸ਼ਮਸ਼ਪੁਰ, ਪ੍ਰੋਮਿਲਾ ਮਹਿਤਾ, ਦਰਸ਼ਨ ਮੰਡੋਲੀ, ਜਗਰੂਪ ਹੈਪੀ (ਦੋਨੋਂ ਬਲਾਕ ਪ੍ਰਧਾਨ)

# ਵਕੀਲਾਂ ਵੱਲੋਂ ਸੜਕ ਜਾਮ ਕਰਦਿਆਂ ਰੋਸ ਧਰਨਾ, ਵਿੱਤ ਮੰਤਰੀ ਦੀ ਗੱਡੀ ਘੇਰੀ



**ਸੰਗਰੂਰ, 23 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਮੈਂਬਰ ਇੱਕ ਵਕੀਲ ਦੇ ਮਕਾਨ ਦੀ ਕੰਧ ਦੇ ਝਗੜੇ ਦੇ ਸਬੰਧ ਵਿੱਚ ਸੰਗਰੂਰ ਦੀ ਵਿਧਾਇਕ ਅਤੇ ਪੁਲੀਸ 'ਤੇ ਧੱਕੇਸ਼ਾਹੀ ਦੇ ਦੋਸ਼ ਲਾਉਂਦਿਆਂ ਵਕੀਲਾਂ ਨੇ ਸ਼ਹਿਰ ਵਿਚ ਰੋਸ ਮਾਰਚ ਕੀਤਾ ਗਿਆ ਅਤੇ ਪੂਨੀਆਂ ਟਾਵਰ ਕੋਲ ਦਿੱਲੀ - ਲੁਧਿਆਣਾ ਸਟੇਟ ਹਾਈਵੇ 11 'ਤੇ ਆਵਾਜਾਈ ਠੱਪ ਕਰਦਿਆਂ ਰੋਸ ਧਰਨਾ ਲਗਾ ਦਿੱਤਾ। ਜਿਸ ਕਾਰਨ ਸਟੇਟ ਹਾਈਵੇ ਉੱਪਰ ਵਾਹਨਾਂ ਦੀਆਂ ਲੰਮੀਆਂ ਕਤਾਰਾਂ ਲੱਗ ਗਈਆਂ।

ਰੋਸ ਧਰਨੇ ਦੌਰਾਨ ਵਕੀਲ ਪੂਨੀਆਂ ਟਾਵਰ ਕੋਲ ਲੰਘ ਰਹੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀਆਂ ਗੱਡੀਆਂ ਦੇ ਕਾਫਲੇ ਅੱਗੇ ਆ ਗਏ ਅਤੇ ਵਿੱਤ ਮੰਤਰੀ ਦੀ ਗੱਡੀ ਦਾ ਘਿਰਾਓ ਕਰ ਲਿਆ। ਹਾਲਾਂਕਿ ਵਿੱਤ ਮੰਤਰੀ ਗੱਡੀ ਚੋ ਉੱਤਰ ਆਏ ਅਤੇ ਜ਼ਿਲ੍ਹਾ ਬਾਰ ਐਸੋਸੀਏਸ਼ਨ ਸੰਗਰੂਰ ਦੇ ਪ੍ਰਧਾਨ ਸੁਖਜਿੰਦਰ ਸਿੰਘ ਢੀਂਡਸਾ ਨੇ ਵਿੱਤ ਉਨ੍ਹਾਂ ਨੂੰ ਦੱਸਿਆ ਮਾਮਲੇ ਦਾ ਵੇਰਵਾ ਦਿੱਤਾ। ਉਨ੍ਹਾਂ ਦੱਸਿਆ ਕਿ ਅਦਾਲਤ ਵੱਲੋ ਸਟੇਟਸ ਕੋ ਹੋਣ ਦੇ ਬਾਵਜੂਦ ਵਿਰੋਧੀ ਧਿਰ ਵੱਲੋਂ ਸਿਆਸੀ ਸ਼ਹਿ ਤੇ ਗਲੀ ਵਿਚ ਕੰਧ ਕੱਢੀ ਜਾ ਰਹੀ ਹੈ। ਪੁਲੀਸ ਵੱਲੋ ਕੋਈ ਸੁਣਵਾਈ ਨਹੀਂ ਕੀਤੀ ਜਾ ਰਹੀ।

ਉਨ੍ਹਾਂ ਦੋਸ਼ ਲਾਇਆ ਕਿ ਐੱਮ ਐੱਲ ਏ ਦੀ ਸ਼ਹਿ ਤੇ ਵਕੀਲ ਨਾਲ ਬੇਇਨਸਾਫ਼ੀ ਹੋ ਰਹੀ ਹੈ। ਅਦਾਲਤ ਦੇ ਹੁਕਮਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ।

ਵਿੱਤ ਮੰਤਰੀ ਨੇ ਵਕੀਲਾਂ ਨੂੰ ਬੈਠ ਕੇ ਮਸਲਾ ਹੱਲ ਕਰਨ ਦਾ ਭਰੋਸਾ ਦਿਵਾਇਆ ਹੈ ਹਾਲਾਂਕਿ ਖ਼ਬਰ ਲਿਖੇ ਜਾਣ ਤੱਕ ਵਕੀਲ ਸਟੇਟ ਹਾਈਵੇ ਉਪਰ ਧਰਨੇ 'ਤੇ ਡਟੇ ਹੋਏ ਸਨ।

# ਦੀ ਰੈਵੀਨਿਊ ਪਟਵਾਰ ਯੂਨੀਅਨ ਵੱਲੋਂ ਜ਼ਿਲ੍ਹਾ ਮਾਲੇਰਕੋਟਲਾ ਦੇ ਖਾਲੀ ਅਹੁਦਿਆਂ ਲਈ ਸਰਬ ਸੰਮਤੀ ਨਾਲ ਚੋਣ ਹੋਈ



**ਮਲੇਰਕੋਟਲਾ, 23 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀ ਰੈਵੀਨਿਊ ਪਟਵਾਰ ਯੂਨੀਅਨ ਨੇ ਜ਼ਿਲ੍ਹਾ ਮਾਲੇਰਕੋਟਲਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਦੁਸ਼ਯੰਤ ਸਿੰਘ ਰਾਕਾ ਦੀ ਪ੍ਰਧਾਨਗੀ ਹੇਠ ਵਿਰਾਸਤ ਹੋਟਲ ਮਾਲੇਰਕੋਟਲਾ ਵਿਖੇ ਕੀਤੀ ਗਈ ਜਿਸ ਵਿੱਚ ਵਿਸੇ ?ਸ਼ ਤੌਰ ਤੇ ਦੀਦਾਰ ਸਿੰਘ ਛੋਕਰ ਮੀਤ ਪ੍ਰਧਾਨ ਪੰਜਾਬ ਅਤੇ ਬਹੁ-ਗਿਣਤੀ ਵਿੱਚ ਪਟਵਾਰੀ ਸਹਿਬਾਨ ਨੇ ਸ਼ਮੂਲੀਅਤ ਕੀਤੀ। ਇਸ ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆ ਜ਼ਿਲ੍ਹਾ ਪ੍ਰਧਾਨ ਦੁਸ਼ਯੰਤ ਸਿੰਘ ਰਾਕਾ ਨੇ ਦੱਸਿਆ ਕਿ ਹਰਦੀਪ ਸਿੰਘ ਪਟਵਾਰੀ ਵੱਲੋਂ ਪਿਛਲੇ ਦਿਨੀ ਆਪਣੇ ਜਰਨਲ ਸਕੱਤਰ ਦੇ ਅਹੁੱਦੇ ਤੋਂ ਜੋ ਅਸਤੀਫਾ ਦਿੱਤਾ ਗਿਆ ਸੀ ਉਸ ਨੂੰ ਪ੍ਰਵਾਨ ਕੀਤਾ ਗਿਆ ਇਸ ਤਰ੍ਹਾਂ ਜ਼ਿਲ੍ਹਾ ਜਰਨਲ ਸਕੱਤਰ ਦਾ ਪਦ ਖਾਲੀ ਹੋ ਚੁੱਕਾ ਹੈ ਅਤੇ ਜ਼ਿਲ੍ਹਾ ਖ਼ਜਾਨਚੀ ਸਿਮਰਨਜੀਤ ਕੌਰ ਦਾ ਜ਼ਿਲ੍ਹਾ ਤਬਦੀਲ ਹੋਣ ਕਾਰਨ ਜ਼ਿਲ੍ਹਾ ਖਜ਼ਾਨਚੀ ਦਾ ਪਦ ਵੀ ਖਾਲੀ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਤਹਿਸੀਲ ਪ੍ਰਧਾਨ ਅਮਰਗੜ੍ਹ ਕਰਨ ਅਜੈ ਪਾਲ ਸਿੰਘ ਦਾ ਅਸਤੀਫਾ ਨਾ-ਮੰਜੂਰ ਕੀਤਾ ਗਿਆ ਅਤੇ ਇੱਕ ਮਤਾ ਰੱਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਬਾਡੀ ਦੇ ਖਾਲੀ ਅਹੁਦੇ ਤੇ ਸਰਵ ਸੰਮਤੀ ਨਾਲ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ ਜਿਸ ਵਿੱਚ ਪਰਮਜੀਤ ਸਿੰਘ ਪਟਵਾਰੀ ਨੂੰ ਜ਼ਿਲ੍ਹਾ ਜਨਰਲ ਸਕੱਤਰ, ਗੁਰਿੰਦਰਜੀਤ ਸਿੰਘ ਪਟਵਾਰੀ ਨੂੰ ਜ਼ਿਲ੍ਹਾ ਖਜ਼ਾਨਚੀ ਨਿਯੁਕਤ ਕੀਤਾ ਗਿਆ। ਇਸ ਮੌਕੇ ਦੀਦਾਰ ਸਿੰਘ ਛੋਕਰ ਮੀਤ ਪ੍ਰਧਾਨ ਪੰਜਾਬ, ਜ਼ਿਲ੍ਹਾ ਪ੍ਰਧਾਨ ਦੁਸ਼ਯੰਤ ਸਿੰਘ ਰਾਕਾ ਅਤੇ ਹੋਰਨਾਂ ਪਟਵਾਰੀਆਂ ਨੇ ਨਵ ਨਿਯੁਕਤ ਅਹੁਦੇਦਾਰਾਂ ਪਰਮਜੀਤ ਸਿੰਘ ਨਾਰੀਕੇ ਜ਼ਿਲ੍ਹਾ ਜਰਨਲ ਸਕੱਤਰ, ਗੁਰਿੰਦਰਜੀਤ ਸਿੰਘ ਜ਼ਿਲ੍ਹਾ ਖਜ਼ਾਨਚੀ ਨੂੰ ਮੁਬਾਰਕਬਾਦ ਦਿੰਦਿਆ ਉਮੀਦ ਪ੍ਰਗਟਾਈ ਕਿ ਦੋਵੇਂ ਪਟਵਾਰੀ ਸਾਥੀ ਆਪਣੇ ਅਹੁਦਿਆਂ ਅਨੁਸਾਰ ਜਥੇਬੰਦੀ ਦੀ ਚੜ੍ਹਦੀਕਲਾਂ ਲਈ ਕੰਮ ਕਰਨਗੇ। ਨਵ-ਨਿਯੁਕਤ ਅਹੁਦੇਦਾਰਾਂ ਨੇ ਵਿਸਵਾਸ਼ ਦਿਲਵਾਇਆ ਕਿ ਜੋ ਉਹਨਾਂ ਨੂੰ ਜਿੰਮੇਵਾਰੀ ਸੌਂਪੀ ਗਈ ਹੈ ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।

# ਮਨੁੱਖਤਾ ਦੇ ਭਲੇ ਲਈ ਖੂਨਦਾਨ ਕੈਂਪ ਲਗਾਇਆ




**ਪਟਿਆਲਾ, 23 ਨਵੰਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਯੂਨੀਵਰਸਲ ਵੈਲਫੇਅਰ ਕਲੱਬ ਪੰਜਾਬ ਅਤੇ ਹਿਊਮਨ ਵੈਲਫੇਅਰ ਫਾਊਂਡੇਸ਼ਨ ਵੱਲੋਂ ਰਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਵਿਖੇ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ 334ਵਾਂ ਰੈਗੂਲਰ ਖੂਨਦਾਨ ਕੈਂਪ ਲਗਾਇਆ ਜਿਸ ਵਿਚ 11 ਵਲੰਟੀਅਰਾਂ ਨੇ ਖੂਨਦਾਨ ਕੀਤਾ। ਕੈਂਪ ਦਾ ਉਦਘਾਟਨ ਗੁਰਤੇਜ ਸਿੰਘ ਭੱਟੀਆਂ ਨੇ 56ਵੀਂ ਵਾਰ ਅਤੇ ਲੋਕ ਗਾਇਕ ਬੀ. ਸਰੋਏ ਨੇ ਇਕੱਠਿਆਂ ਖੂਨਦਾਨ ਕਰਕੇ ਕੀਤਾ। ਕੈਂਪ ਵਿਚ ਬਿੰਦਰ ਸਿੰਘ ਕਰਹਾਲੀ ਨੇ 12ਵੀਂ ਵਾਰ, ਪਰਦੀਪ ਸਿੰਘ ਮੁੰਜਾਲ ਕਲਾਂ, ਕਮਲਦੀਪ ਸਿੰਘ, ਦਮਨਜੀਤ ਸਿੰਘ, ਚਰਨਪ੍ਰੀਤ ਸਿੰਘ, ਗੁਰਚੈਨ ਸਿੰਘ ਪੰਡਤਾਂ ਖੇੜੀ, ਲਖਵਿੰਦਰ ਸਿੰਘ, ਜਸਵੀਰ ਸਿੰਘ ਗੀਠਖੇੜੀ ਤੇ ਜਗਦੀਸ਼ ਸਿੰਘ ਮੰਡੀ ਨੇ ਵੀ ਖੂਨਦਾਨ ਕੀਤਾ। ਜਿਨ੍ਹਾਂ ਨੂੰ ਸਰਟੀਫਿਕੇਟ ਤੇ ਗਮਛਾ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਮਿਸ਼ਨ ਦੇ ਮੋਢੀ ਅਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ ਨੇ ਕਿਹਾ ਕਿ ਖੂਨਦਾਨ ਕਰਨਾ ਤੰਦਰੁਸਤੀ ਦੀ ਨਿਸ਼ਾਨੀ ਹੈ। ਦਾਨ ਕੀਤੇ ਖੂਨ ਨਾਲ ਕਿਸੇ ਲੋੜਵੰਦ ਮਰੀਜ਼ ਦੀ ਜਾਨ ਬਚਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸਾਲ ਵਿਚ ਤਿੰਨ ਵਾਰ ਖੂਨਦਾਨ ਕਰਨ ਵਾਲੇ ਵਲੰਟੀਅਰਾਂ ਨੂੰ ਗਰੁੱਪ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹਰ ਤੰਦਰੁਸਤ ਇਨਸਾਨ ਹਰ ਤਿੰਨ ਮਹੀਨੇ ਬਾਅਦ ਮੁੜ ਖੂਨਦਾਨ ਕਰ ਸਕਦਾ ਹੈ। ਇਸ ਮੌਕੇ ਯੂਥ ਆਗੂ ਹਰਮੀਤ ਸਿੰਘ ਬਡੂੰਗਰ, ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ, ਰਾਜੇਸ਼ਵਰ ਕੁਮਾਰ, ਕੁਲਦੀਪ ਸਿੰਘ ਜੋਸਨ ਹਾਜ਼ਰ ਸਨ।

# ਜੀਈ ਏਅਰੋਸਪੇਸ ਪੁਣੇ ਮੈਨਿਊਫੈਕਚਰਿੰਗ ਸਮਰੱਥਾ ਦੇ ਵਿਸਥਾਰ ਲਈ 14 ਅਮਰੀਕੀ ਡਾਲਰ ਨਿਵੇਸ਼ ਕਰੇਗੀ

**ਚੰਡੀਗੜ੍ਹ, 23 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜੀਈ ਏਅਰੋਸਪੇਸ ਨੇ ਅੱਜ ਦੀ ਘੋਸ਼ਣਾ ਕੀਤੀ ਕਿ ਉਹ ਆਪਣੀ ਪੁਣੇ ਸਥਿਤ ਮੈਨਿਊਫੈਕਚਰਿੰਗ ਸਹੂਲਤ ਦੀ ਸਮਰੱਥਾ ਵਧਾਉਣ ਲਈ 14 ਅਮਰੀਕੀ ਡਾਲਰ ਦਾ ਨਵਾਂ ਨਿਵੇਸ਼ ਕਰੇਗੀ। ਇਹ ਐਲਾਨ ਉਸੇ ਸਮੇਂ ਵਿੱਚ ਕੀਤਾ ਗਿਆ ਹੈ ਜਦੋਂ ਇਹ ਸਹੂਲਤ ਤੁਹਾਡੀ ਤਸੱਲੀ ਦੇ 10 ਸਫਲ ਸਾਲਾਂ ਦਾ ਜਸ਼ਨ ਮਨ ਰਹੀ ਹੈ। ਇਹ ਨਿਵੇਸ਼ ਸਾਲ ਪਿਛਲੇ ਸਾਲ 30 ਅਮਰੀਕੀ ਡਾਲਰ ਨਿਵੇਸ਼ ਦੇ ਇਲਾਵਾ ਹੈ। ਨਵੇਂ ਨਿਵੇਸ਼ ਦਾ ਉਦੇਸ਼ ਉੱਨਤ ਮੈਨਿਊਫੈਕਚਰਿੰਗ ਪ੍ਰਕਿਰਿਆਵਾਂ, ਆਟੋਮੇਸ਼ਨ ਅਤੇ ਅਟਿਆਧੁਨਿਕ ਇੰਜਨ ਕੰਪੋਨੇਟਸ ਦਾ ਉਤਪਾਦਨ ਅਤੇ ਸੁਝਾੜ ਕਰਨਾ ਹੈ। ਜੀਈ ਏਅਰੋਸਪੇਸ ਦੇ ਪੁਣੇ ਪਾਂਡੇ ਦੇ ਪ੍ਰਬੰਧਨ ਨਿਰਦੇਸ਼ਕ, ਵਿਸ਼ਵਜੀਤ ਸਿੰਘ ਨੇ ਕਿਹਾ, ਪੁਣੇ ਸਥਿਤ ਸਾਡੀ ਟੀਮ ਨੇ ਬੀਤੇ ਸਾਲਾਂ ਵਿੱਚ ਮਜ਼ਬੂਤ ਸਮਰੱਥਾ ਵਿਕਸਿਤ ਕੀਤੀ ਹੈ ਅਤੇ ਸਥਾਨਕ ਨੈੱਟਵਰਕ ਸਪਲਾਇਰ ਸਪੋਰਟਸ ਸਾਡੇ ਕਈ ਉੱਨਤ ਕਮਰਸ਼ੀਅਲ ਜੈਟ ਇੰਜਨ ਲਈ ਮਹੱਤਵਪੂਰਨ ਕੰਪੋਨੈਂਟਸ ਤਿਆਰ ਕਰਦੇ ਹਨ। ਬਣਾਏ ਗਏ ਹਨ — ਸੁਰੱਖਿਆ ਅਤੇ ਗੁਣਵੱਤਾ ਨੂੰ ਉੱਚਾ ਚੁੱਕਣਾ। ਇਹ ਨਿਵੇਸ਼ਕ 'ਮੇਕ ਇੰਡੀਆ' ਪਹਿਲ ਦੀ ਸਾਡੀ ਮਜ਼ਬੂਤੀ ਅਤੇ ਆਲਮੀ ਏਅਰੋਸਪੇਸ ਉਤਪਾਦਨ ਵਿੱਚ ਭਾਰਤ ਦੀ ਵਧਦੀ ਭੂਮਿਕਾ ਅਤੇ ਵਿਕਾਸ ਕਰਦਾ ਹੈ। ਪੁਣੇ ਫੈਸਿਲਿਟੀ ਨੇ ਏਕਮਲਟੀ-ਬਿਜ਼ਨੇਸ ਮੈਨਿਊਫੈਕਚਰਿੰਗ ਸਾਈਟ ਦੇ ਰੂਪ ਵਿੱਚ ਅਪਣੀ ਤਸੱਲੀ ਸ਼ੁਰੂ ਕੀਤੀ। ਅੱਜ ਇਹ ਜੀਈ ਏਅਰੋਸਪੇਸ ਦੇ ਗਲੋਬਲ ਕਮਰਸ਼ੀਅਲ ਇੰਜਨ ਪਲਾਂਟਾਂ ਲਈ ਇੱਕ ਉੱਚ-ਤਕਨੀਕੀ ਏਅਰੋਸਪੇਸ ਪਾਰਟਸ ਸਪਲਾਇਰ ਦੇ ਰੂਪ ਵਿੱਚ ਵਿਕਸਤ ਹੋ ਸਕਦਾ ਹੈ। ਵਰਤਮਾਨ ਵਿੱਚ ਇਹ ਸਹੂਲਤ 300 ਤੋਂ ਵੱਧ ਭਾਰਤੀ ਸਪਲਾਇਰਸ ਦੁਆਰਾ ਤੁਹਾਨੂੰ ਹੈ, ਜੋ ਦੇਸ਼ ਵਿੱਚ ਜੀਈ ਏਅਰੋਸਪੇਸ ਦੇ 2,200 ਤੋਂ ਵੱਧ ਸਪਲਾਇਰ ਨੈੱਟਵਰਕ ਦਾ ਹਿੱਸਾ ਹੈ। ਪਿਛਲੇ ਦਸ ਸਾਲਾਂ ਵਿੱਚ ਇਹ ਸਹੂਲਤ 5,000 ਤੋਂ ਵੱਧ ਪ੍ਰੋਡਕਸ਼ਨ ਐਸੋਸੀਏਟਸ ਨੂੰ ਪ੍ਰਿਸਿਜਨ ਮੈਨਿਊਫੈਕਚਰਿੰਗ ਪ੍ਰਕਿਰਿਆਵਾਂ ਵਿੱਚ ਸਿੱਖਿਆ ਦਿੱਤੀ ਗਈ ਹੈ। ਸਹੂਲਤ ISOAD@A ਅਤੇ ISOD@A ਦੀ ਪੁਸ਼ਟੀ ਕੀਤੀ ਗਈ ਹੈ, ਜੋ ਸਥਿਰਤਾ, ਵਾਤਾਵਰਣ ਮਾਪਦੰਡ ਅਤੇ ਸੰਚਾਲਨ ਦੀ ਉੱਤਮਤਾ ਪ੍ਰਤੀ ਕੰਪਨੀ ਦੀ ਸਮਰੱਥਾ ਹੈ। ਇਸ ਸਹੂਲਤ ਦੀ ਸਫਲਤਾ ਜੀਈ ਏਅਰੋਸਪੇਸ ਦੀ ਵਿਸ਼ੇਸ਼ ਫਲਾਇਟ ਡੇਕ ਲੀਨ ਮਾਡਲ ਮਾਡਲ 'ਤੇ ਆਧਾਰਿਤ ਹੈ, ਜੋ ਸੁਰੱਖਿਆ, ਅਤੇ ਗੁਣਵੱਤਾ ਦੀ ਕੇਂਦਰ ਵਿੱਚ ਸੁਧਾਰ ਹੈ। ਇਸ ਮਾਡਲ ਦੇ ਮਾਧਿਅਮ ਨਾਲ ਸੁਵਿਧਾਵਾਂ ਨੇ ਅਪਵਿੱਤਰਤਾ ਨੂੰ ਘੱਟ ਕੀਤਾ ਹੈ, ਪ੍ਰਕਿਰਿਆ ਦੀ ਸਮਰੱਥਾ ਵਿੱਚ ਸੁਧਾਰ ਅਤੇ ਉਤਪਾਦਨ ਸਮਰੱਥਾ ਵਿੱਚ ਲਗਾਤਾਰ ਵਾਧਾ ਹੁੰਦਾ ਹੈ। ਇੱਕ ਮਹੱਤਵਪੂਰਨ ਕੰਪੋਨੇਟ ਦੀ ਨਵੀਂ ਉਤਪਾਦ ਲਾਈਨ 'ਤੇ ਸੁਵਿਧਾਵਾਂ ਨੇ ਘੱਟ ਲੀਡ ਟਾਈਮ, ਬਿਹਤਰ ਉਤਪਾਦਕਤਾ ਅਤੇ ਘੱਟ ਡਾਊਨ ਟਾਈਮ ਵਰਗਾ ਨਤੀਜੇ ਪ੍ਰਾਪਤ ਕੀਤੇ ਹਨ।

# ਦੋ-ਰੋਜ਼ਾ 47ਵਾਂ ਏ.ਆਈ.ਈ.ਐਸ.ਸੀ.ਬੀ. ਫੁੱਟਬਾਲ ਟੂਰਨਾਮੈਂਟ ਸ਼ੁਰੂ

## 47ਵੇਂ ਏ.ਆਈ.ਈ.ਐਸ.ਸੀ.ਬੀ. ਫੁੱਟਬਾਲ ਈਵੈਂਟ ਦੀ ਸ਼ੁਰੂਆਤ 'ਤੇ ਦੇਸ਼ ਭਰ ਦੀਆਂ ਪਾਵਰ ਸੈਕਟਰ ਦੀਆਂ ਟੀਮਾਂ ਪਟਿਆਲਾ ਵਿਖੇ ਹੋਈਆਂ ਇਕੱਠੀਆਂ

**ਪਟਿਆਲਾ, 23 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੋ-ਰੋਜ਼ਾ 47ਵਾਂ ਆਲ ਇੰਡੀਆ ਇਲੈਕਟ੍ਰੀਸਿਟੀ ਸਪੋਰਟਸ ਕੰਟਰੋਲ ਬੋਰਡ (AIESCB) ਫੁੱਟਬਾਲ ਟੂਰਨਾਮੈਂਟ ਅੱਜ ਪੀ.ਐਸ.ਪੀ.ਸੀ.ਐਲ. ਸਪੋਰਟਸ ਕੰਪਲੈਕਸ, ਪਟਿਆਲਾ ਵਿਖੇ ਬਹੁਤ ਉਤਸ਼ਾਹ ਨਾਲ ਸ਼ੁਰੂ ਹੋ ਗਿਆ। ਉਦਘਾਟਨੀ ਸਮਾਰੋਹ ਵਿੱਚ ਦੇਸ਼ ਭਰ ਤੋਂ ਪ੍ਰਮੁੱਖ ਪਾਵਰ ਸੈਕਟਰ ਦੀਆਂ ਟੀਮਾਂ ਨੇ ਹਿੱਸਾ ਲਿਆ, ਜਿਸ ਨਾਲ ਇੱਕ ਜੋਸ਼ੀਲੇ ਮੁਕਾਬਲੇ ਦੀ ਸ਼ੁਰੂਆਤ ਹੋਈ।

ਇਸ ਸਮਾਗਮ ਦੀ ਸ਼ੁਰੂਆਤ ਡਿਪਟੀ ਚੀਫ ਇੰਜੀਨੀਅਰ ਇੰਜੀ. ਲਾਲ ਪ੍ਰੀਤ ਸਿੰਘ ਦੇ ਸੁਆਗਤੀ ਭਾਸ਼ਣ ਨਾਲ ਹੋਈ, ਜਿਨ੍ਹਾਂ ਨੇ ਸਾਰੇ ਖਿਡਾਰੀਆਂ, ਅਧਿਕਾਰੀਆਂ ਅਤੇ ਪਤਵੰਤਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

ਉਨ੍ਹਾਂ ਕਿਹਾ ਕਿ ਇਹ ਟੂਰਨਾਮੈਂਟ ਪਾਵਰ ਸੈਕਟਰ ਦੇ ਕਰਮਚਾਰੀਆਂ ਵਿੱਚ ਖੇਡ ਭਾਵਨਾ, ਅਨੁਸ਼ਾਸਨ ਅਤੇ ਏਕਤਾ ਨੂੰ ਉਤਸ਼ਾਹਿਤ ਕਰਨ ਲਈ AIESCB ਅਤੇ PSPCL ਦੀ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ, ਅਜਿਹੇ ਸਮਾਗਮ ਨਾ ਸਿਰਫ਼ ਸਰੀਰਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਦੇ ਹਨ, ਸਗੋਂ ਪੇਸ਼ੇਵਰ ਦੋਸਤੀ ਅਤੇ ਟੀਮ ਵਰਕ ਨੂੰ ਵੀ ਮਜ਼ਬੂਤ ਕਰਦੇ ਹਨ।



ਮੁੱਖ ਮਹਿਮਾਨ ਸੀ.ਏ. ਐਸ.ਕੇ. ਬੇਰੀ, ਡਾਇਰੈਕਟਰ ਪ੍ਰਸ਼ਾਸਨ/ਵਿੱਤ, ਪੀ.ਐਸ.ਪੀ.ਸੀ.ਐਲ. ਨੇ ਉਦਘਾਟਨੀ ਸਮਾਰੋਹ ਦੀ ਸ਼ੋਭਾ ਵਧਾਈ ਅਤੇ ਟੂਰਨਾਮੈਂਟ ਦਾ ਝੰਡਾ ਲਹਿਰਾਇਆ, ਜਿਸ ਤੋਂ ਬਾਅਦ ਹਿੱਸਾ ਲੈਣ ਵਾਲੀਆਂ ਟੀਮਾਂ ਦੁਆਰਾ ਪ੍ਰਭਾਵਸ਼ਾਲੀ ਮਾਰਚ ਪਾਸਟ ਕੀਤਾ ਗਿਆ।

ਆਪਣੇ ਉਦਘਾਟਨੀ ਭਾਸ਼ਣ ਵਿੱਚ, ਉਨ੍ਹਾਂ ਨੇ ਇਸ ਰਾਸ਼ਟਰੀ ਟੂਰਨਾਮੈਂਟ ਦੀ ਮੇਜ਼ਬਾਨੀ ਪਟਿਆਲਾ ਵਿਖੇ ਕਰਨ 'ਤੇ ਮਾਣ ਪ੍ਰਗਟ ਕੀਤਾ। ਉਨ੍ਹਾਂ ਕਿਹਾ, ਫੁੱਟਬਾਲ ਸਾਨੂੰ ਲਚਕਤਾ, ਤਾਲਮੇਲ ਅਤੇ ਕਦੇ ਨਾ ਹਾਰ ਮੰਨਣ ਦੀ ਭਾਵਨਾ ਸਿਖਾਉਂਦਾ ਹੈ। ਮੈਨੂੰ ਭਰੋਸਾ ਹੈ ਕਿ ਇਹ ਟੂਰਨਾਮੈਂਟ ਸਾਰੀਆਂ ਟੀਮਾਂ ਵਿੱਚ ਉੱਤਮਤਾ ਨੂੰ ਪ੍ਰੇਰਿਤ ਕਰੇਗਾ ਅਤੇ ਸਿਹਤਮੰਦ ਮੁਕਾਬਲੇ ਨੂੰ ਵਧਾਵਾ ਦੇਵੇਗਾ। ਉਨ੍ਹਾਂ ਨੇ ਅਧਿਕਾਰਤ ਤੌਰ 'ਤੇ ਮੀਟ ਖੁੱਲ੍ਹਾ ਐਲਾਨ ਕਰਨ ਤੋਂ ਪਹਿਲਾਂ ਖਿਡਾਰੀਆਂ ਨੂੰ ਸਮਾਗਮ ਦੌਰਾਨ ਅਨੁਸ਼ਾਸਨ ਅਤੇ ਨਿਰਪੱਖ ਖੇਡ ਦਾ ਪ੍ਰਦਰਸ਼ਨ ਕਰਨ ਲਈ ਵੀ ਉਤਸ਼ਾਹਿਤ ਕੀਤਾ। ਇਸ ਸਾਲ ਭਾਗ ਲੈਣ ਵਾਲੀਆਂ ਟੀਮਾਂ ਵਿੱਚ ਹਰਿਆਣਾ ਪਾਵਰ ਸਪੋਰਟਸ ਗਰੁੱਪ, ਪੀ.ਐਸ.ਪੀ.ਸੀ.ਐਲ. ਪਟਿਆਲਾ, ਐਮ.ਪੀ. ਪਾਵਰ, ਬਿਹਾਰ ਐਸ.ਪੀ.ਐਚ.ਸੀ., ਰਾਜਸਥਾਨ ਵੀ.ਐਨ., ਤੇਲੰਗਾਨਾ ਜੇਨਕੋ, ਦੇ ਨਾਲ-ਨਾਲ ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਦੀਆਂ ਟੀਮਾਂ ਸ਼ਾਮਲ ਹਨ, ਜੋ ਦੋ ਦਿਨਾਂ ਦੇ ਦਿਲਚਸਪ ਮੁਕਾਬਲਿਆਂ ਦਾ ਵਾਅਦਾ ਕਰਦੀਆਂ ਹਨ। AIESCB ਦੇ ਅਹੁਦੇਦਾਰ ਨਰੇਸ਼ ਕੁਮਾਰ (ਜਨਰਲ ਸਕੱਤਰ), ਸੱਜਣ ਕੁਮਾਰ (ਸਲਾਹਕਾਰ), ਪੰਕਜ ਦਾਦਵਾਲ (ਸਲਾਹਕਾਰ), ਅਤੇ ਅਨਿਲ ਕੁਮਾਰ (ਸਪੋਰਟਸ ਸਕੱਤਰ) ਵੀ ਮੌਜੂਦ ਸਨ ਅਤੇ ਉਨ੍ਹਾਂ ਨੇ ਟੂਰਨਾਮੈਂਟ ਦੀ ਮੇਜ਼ਬਾਨੀ ਕਰਨ ਲਈ ਪੀ.ਐਸ.ਪੀ.ਸੀ.ਐਲ. ਨੂੰ ਵਧਾਈ ਦਿੱਤੀ।

## ਸੰਪਾਦਕੀ

# ਭਾਰਤ ਦੀ ਆਬਾਦੀ ਦੀ ਬਣਤਰ ਵਿੱਚ ਲਗਾਤਾਰ ਤਬਦੀਲੀਆਂ

ਭਾਰਤ ਦੀ ਆਬਾਦੀ ਦੀ ਬਣਤਰ ਵਿੱਚ ਲਗਾਤਾਰ ਤਬਦੀਲੀਆਂ ਹੋ ਰਹੀਆਂ ਹਨ। 2021 ਵਿੱਚ ਭਾਵੇਂ ਦਹਾਕੇਵਾਰ ਹੋਣ ਵਾਲੀ ਮਰਦਮਸ਼ੁਮਾਰੀ ਦਾ ਕਾਰਜ ਨਹੀਂ ਸੀ ਹੋ ਸਕਿਆ ਪਰ ਇਸ ਕਾਰਜ ਵਾਸਤੇ ਸੈਂਪਲ ਰਜਿਸਟਰੇਸ਼ਨ ਸਰਵੇ ਉੱਪਰ ਨਿਰਭਰ ਕੀਤਾ ਜਾ ਸਕਦਾ ਹੈ। ਆਬਾਦੀ ਨਾਲ ਸਬੰਧਿਤ ਖੋਜ ਸੰਸਥਾਵਾਂ ਦੀ ਨਜ਼ਰ ਵੀ ਇਨ੍ਹਾਂ ਤਬਦੀਲੀਆਂ ਉੱਪਰ ਹੈ। ਸਤੰਬਰ 2023 ਵਿੱਚ ਯੂਨਾਈਟਡ ਨੇਸ਼ਨਜ਼ ਪਾਪੂਲੇਸ਼ਨ ਫੰਡ ਨੇ ਇੰਟਰਨੈਸ਼ਨਲ ਇੰਸਟੀਚਿਊਟ ਫਾਰ ਪਾਪੂਲੇਸ਼ਨ ਅਧਿਐਨ ਨਾਲ ਮਿਲ ਕੇ ਕੱਢੀ ਰਿਪੋਰਟ ਵਿੱਚ ਦੱਸਿਆ ਕਿ ਜਪਾਨ ਅਤੇ ਚੀਨ ਵਾਂਗ ਹੁਣ ਭਾਰਤ ਵੀ ਵਡੇਰੀ ਉਮਰ ਦੀ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ਾਂ ਦੀ ਸ਼੍ਰੇਣੀ ਵਿੱਚ ਸ਼ਾਮਿਲ ਹੋ ਚੁੱਕਿਆ ਹੈ। ਯੂ ਐੱਨ ਐੱਫ ਪੀ ਏ ਦੇ 2025 ਦੇ ਤਾਜ਼ਾ ਅੰਕੜਿਆਂ ਅਨੁਸਾਰ ਭਾਰਤ ਦੀ ਕੁੱਲ ਆਬਾਦੀ 146.39 ਕਰੋੜ ਹੋ ਚੁੱਕੀ ਹੈ ਜਿਸ ਵਿੱਚ 65 ਸਾਲ ਅਤੇ ਇਸ ਤੋਂ ਵਡੇਰੀ ਉਮਰ ਦੇ 7.1% ਬਜ਼ੁਰਗ ਹਨ; 15 ਤੋਂ 64 ਸਾਲ ਦੀ ਉਮਰ ਸ਼੍ਰੇਣੀ ਵਿੱਚ 68.7% ਨੌਜਵਾਨ ਹਨ। ਕੁੱਲ ਜਨਣ ਸਮਰੱਥਾ ਘਟ ਕੇ 1.9 ਹੋਣ ਕਾਰਨ ਨਵਜੰਮਿਆਂ ਦੀ ਗਿਣਤੀ ਵੀ ਘਟ ਰਹੀ ਹੈ। ਕੁੱਲ ਵੱਸੋਂ ਵਿੱਚ 24.2% ਬੱਚੇ 0-14 ਸਾਲ ਦੀ ਉਮਰ ਗਰੁੱਪ ਦੇ ਹਨ। ਜਨਮ ਸਮੇਂ ਜਿਊਂਦੇ ਰਹਿਣ ਦੀ ਸੰਭਾਵਨਾ ਵਧਣ ਕਾਰਨ ਬਜ਼ੁਰਗਾਂ ਦੀ ਗਿਣਤੀ ਵਿੱਚ 1961 ਤੋਂ 2011 ਦੇ 50 ਸਾਲਾਂ ਦੌਰਾਨ ਦੁਗਣਾ ਵਾਧਾ ਹੋਇਆ ਹੈ। ਅੰਦਾਜ਼ਾ ਹੈ ਕਿ 2050 ਤੱਕ ਭਾਰਤ ਵਿੱਚ 65 ਸਾਲ ਅਤੇ ਇਸ ਤੋਂ ਵਧੇਰੇ ਉਮਰ ਦੀ ਵਸੋਂ ਦੀ ਗਿਣਤੀ 34.7 ਕਰੋੜ ਤੱਕ ਹੋ ਜਾਵੇਗੀ; ਭਾਵ, 2025 ਵਿੱਚ ਕੁੱਲ ਵੱਸੋਂ ਵਿੱਚ ਬਜ਼ੁਰਗਾਂ ਦਾ ਅਨੁਪਾਤ 7.1% ਤੋਂ ਵਧ ਕੇ 2050 ਵਿੱਚ 20.2% ਹੋਣ ਦੀ ਸੰਭਾਵਨਾ ਹੈ। ਜਨਸੰਖਿਅਕ ਵਿਗਿਆਨੀਆਂ ਲਈ ਵਸੋਂ ਦੀ ਬਣਤਰ ਦਾ ਇਹ ਬਦਲਿਆ ਵਰਤਾਰਾ ਗੁੰਝਲਦਾਰ ਸਮੱਸਿਆ ਦਾ ਰੂਪ ਧਾਰ ਰਿਹਾ ਹੈ। ਇੱਕ ਪਾਸੇ ਸਭ ਤੋਂ ਵੱਧ ਨੌਜਵਾਨਾਂ ਦੀ ਵਸੋਂ ਨੂੰ ਦੇਸ਼ ਦੇ ਵਿਕਾਸ ਲਈ ਲਾਭ-ਅੰਸ਼ ਦੇ ਤੌਰ 'ਤੇ ਦੇਖਣਾ ਅਤੇ ਦੂਜੇ ਪਾਸੇ ਲਗਾਤਾਰ ਵਡੇਰੀ ਉਮਰ ਦੀ ਵਸੋਂ ਨਾਲ ਸਬੰਧਿਤ ਸਮੱਸਿਆਵਾਂ ਨਾਲ ਨਜਿੱਠਣਾ, ਜਿਹੜੇ ਕਿਸੇ ਨਾ ਕਿਸੇ ਰੂਪ ਵਿੱਚ ਨੌਜਵਾਨਾਂ ਉੱਪਰ ਨਿਰਭਰ ਕਰਦੇ ਹਨ। ਕੁੱਲ ਵਸੋਂ ਵਿੱਚ ਨੌਜਵਾਨਾਂ ਦਾ ਵਧ ਰਿਹਾ ਅਨੁਪਾਤ ਸਿੱਖਿਆ, ਸਿਹਤ ਸੇਵਾਵਾਂ ਅਤੇ ਹੁਨਰਮੰਦ ਵਿਕਾਸ ਵਿੱਚ ਸਰਕਾਰੀ ਨਿਵੇਸ਼ ਦੀ ਮੰਗ ਕਰਦਾ ਹੈ ਜਿਸ ਤਹਿਤ ਦੇਸ਼ ਵਿੱਚ ਹੀ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ ਅਤੇ ਨੌਜਵਾਨ ਰੁਜ਼ਗਾਰ ਦੀ ਭਾਲ ਵਿੱਚ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਮਾਪਿਆਂ ਨੂੰ ਪਿੱਛੇ ਇਕੱਲਤਾ ਦਾ ਸੰਤਾਪ ਭੋਗਣ ਲਈ ਵਿਦੇਸ਼ਾਂ ਵਿੱਚ ਜਾਂ ਦੂਜੇ ਵਿਕਸਿਤ ਰਾਜਾਂ ਵਿੱਚ ਪਰਵਾਸ ਨਾ ਕਰਨ। ਇਹ ਪਰਵਾਸ ਕਈ ਵਾਰ ਚੰਗੇਰੇ ਭਵਿੱਖ ਵਾਸਤੇ ਵੀ ਹੁੰਦਾ ਹੈ ਜਿਸ ਦੌਰਾਨ ਬਜ਼ੁਰਗ ਮਾਪੇ ਵੀ ਬੱਚਿਆਂ ਨਾਲ ਵਿਦੇਸ਼ਾਂ ਵੱਲ ਪਰਵਾਸ ਕਰ ਜਾਂਦੇ ਹਨ। ਵਿਦੇਸ਼ਾਂ ਵਿੱਚ ਜਾ ਕੇ ਬਜ਼ੁਰਗ ਮਾਪੇ ਸਰੀਰਕ ਤੌਰ 'ਤੇ ਬੱਚਿਆਂ ਨਾਲ ਰਹਿੰਦੇ ਹੋਏ ਵੀ ਮਾਨਸਿਕ ਤੌਰ 'ਤੇ ਦੂਰ ਹੁੰਦੇ ਹਨ। ਉਥੋਂ ਦਾ ਅਤਿ ਆਧੁਨਿਕ ਸਮਾਜ, ਸਭਿਅਤਾ, ਬੋਲੀ, ਮਿਲਣ- ਵਰਤਣ ਦੇ ਤੌਰ-ਤਰੀਕੇ, ਵਾਤਾਵਰਨ ਆਦਿ ਕੁਝ ਵੀ ਉਨ੍ਹਾਂ ਦੇ ਮੇਚ ਦਾ ਨਹੀਂ ਹੁੰਦਾ। ਆਂਢ-ਗੁਆਂਢ ਨਾਲ ਗੱਲਬਾਤ ਕਰਨ ਯੋਗ ਨਾ ਹੋਣ ਕਾਰਨ ਉਹ ਉੱਥੇ ਵੀ ਇਕੱਲੇ ਹੀ ਮਹਿਸੂਸ ਕਰਦੇ ਹਨ। ਪਰਵਾਸ ਦੇ ਵਧਦੇ ਰੁਝਾਨ ਕਾਰਨ ਨੌਜਵਾਨ ਅਤੇ ਅਜੋਕੀ ਪੀੜ੍ਹੀ ਦੇ ਬੱਚੇ ਆਪਣੇ ਬਜ਼ੁਰਗਾਂ ਤੋਂ ਨਾ ਕੇਵਲ ਮੀਲਾਂ ਦੀ ਦੂਰੀ ਦੇ ਰੂਪ ਵਿੱਚ ਦੂਰ ਹੋ ਰਹੇ ਹਨ ਸਗੋਂ ਉਨ੍ਹਾਂ ਵਿਚਾਲੇ ਕਦਰਾਂ-ਕੀਮਤਾਂ ਤੇ ਸੱਭਿਆਚਾਰਕ ਸਾਂਝ ਵੀ ਘਟ ਰਹੀ ਹੈ। ਆਧੁਨਿਕਤਾ ਅਤੇ ਪੱਛਮੀ ਪ੍ਰਭਾਵ ਅਧੀਨ ਦੋਹਾਂ ਧਿਰਾਂ ਵਿਚਾਲੇ ਪਾੜਾ ਵਧ ਰਿਹਾ ਹੈ। ਕੀ ਨੌਜਵਾਨਾਂ ਦੇ ਮਜਬੂਰੀਵੱਸ ਹੋ ਰਹੇ ਕੌਮੀ ਤੇ ਕੌਮਾਂਤਰੀ ਪਰਵਾਸ ਨੂੰ ਠੱਲ੍ਹ ਪਾਉਂਦੇ ਹੋਏ ਤੇ ਬਜ਼ੁਰਗਾਂ ਦੀਆਂ ਤਤਕਾਲੀ ਜ਼ਰੂਰਤਾਂ ਵੱਲ ਤਵੱਜੋ ਦਿੰਦੇ ਹੋਏ ਪੀੜ੍ਹੀਆਂ ਵਿਚਾਲੇ ਵਧ ਰਹੇ ਪਾੜੇ ਨੂੰ ਰੋਕਿਆ ਜਾ ਸਕਦਾ ਹੈ ? ਕੀ ਤਿੜਕ ਰਹੇ ਪਰਿਵਾਰਕ ਰਿਸ਼ਤਿਆਂ ਵਿੱਚ ਮੁੜ ਪਿਆਰ ਮੁਹੱਬਤ ਪੈਦਾ ਕੀਤੀ ਜਾ ਸਕਦੀ ਹੈ ? ਕੀ ਬਜ਼ੁਰਗਾਂ ਵਾਸਤੇ ਕੋਈ ਵੱਖਰਾ ਵਿਭਾਗ ਜਾਂ ਮੰਤਰਾਲਾ ਆਦਿ ਦਾ ਬਣਾ ਕੇ ਠੋਸ ਨੀਤੀਆਂ ਅਤੇ ਪਹਿਲਾਂ ਤੋਂ ਚੱਲ ਰਹੇ ਪ੍ਰੋਗਰਾਮਾਂ ਨੂੰ ਸੁਹਿਰਦਤਾ ਨਾਲ ਲਾਗੂ ਨਹੀਂ ਕੀਤਾ ਜਾ ਸਕਦਾ ? ਕੇਰਲਾ, ਤਾਮਿਲਨਾਡੂ, ਹਿਮਾਚਲ ਪ੍ਰਦੇਸ਼, ਪੰਜਾਬ ਅਤੇ ਆਂਧਰਾ ਪ੍ਰਦੇਸ਼ ਤੋਂ ਇਲਾਵਾ ਉੜੀਸਾ, ਮਹਾਰਾਸ਼ਟਰ, ਕਰਨਾਟਕਾ ਦੇ ਰਾਜਾਂ ਵਿੱਚ 65 ਸਾਲਾਂ ਤੋਂ ਵਡੇਰੀ ਉਮਰ ਦੀ ਆਬਾਦੀ 11% ਤੋਂ ਵੀ ਵੱਧ ਹੈ। ਅੰਦਾਜ਼ਾ ਹੈ ਕਿ 2031 ਤੱਕ ਪੰਜਾਬ ਵਿੱਚ 16.2%, ਹਿਮਾਚਲ ਪ੍ਰਦੇਸ਼ ਵਿੱਚ 17.1%, ਤਾਮਿਲਨਾਡੂ ਵਿੱਚ 18.2% ਅਤੇ ਕੇਰਲਾ ਵਿੱਚ ਸਭ ਤੋਂ ਜ਼ਿਆਦਾ 20.9% ਬਜ਼ੁਰਗਾਂ ਦੀ ਆਬਾਦੀ ਹੋ ਜਾਵੇਗੀ। ਆਬਾਦੀ ਵਿੱਚ ਬਜ਼ੁਰਗਾਂ ਦੀ ਵਧ ਰਹੀ ਗਿਣਤੀ ਨਾਲ ਕਈ ਪ੍ਰਕਾਰ ਦੀਆਂ ਸਮਾਜਿਕ ਅਤੇ ਆਰਥਿਕ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਨੌਜਵਾਨ ਮਾਪਿਆਂ, ਬੱਚਿਆਂ ਅਤੇ ਬਜ਼ੁਰਗਾਂ ਵਿਚਾਲੇ ਪਰਸਪਰ ਸੰਪਰਕ ਅਤੇ ਤਾਲਮੇਲ ਘਟਣ ਤੋਂ ਇਲਾਵਾ ਸੰਯੁਕਤ ਪਰਿਵਾਰਾਂ ਦਾ ਟੁੱਟਣਾ ਅਤੇ ਬਜ਼ੁਰਗਾਂ ਦਾ ਇਕੱਲੇ ਰਹਿ ਜਾਣਾ ਜਾਂ ਬਿਰਧ ਆਸ਼ਰਮਾਂ ਵਿੱਚ ਜ਼ਿੰਦਗੀ ਗੁਜ਼ਾਰਨ ਲਈ ਮਜਬੂਰ ਹੋਣਾ ਆਮ ਵਰਤਾਰਾ ਹੋ ਰਿਹਾ ਹੈ। ਉਮਰ ਦੇ ਇਸ ਪੜਾਅ 'ਤੇ ਇਕੱਲੇ ਰਹਿੰਦੇ ਬਜ਼ੁਰਗ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਗੈਰ-ਸਰਕਾਰੀ ਸੰਸਥਾ 'ਸੰਕਲਾ ਫਾਊਂਡੇਸ਼ਨ' ਨੇ ਨੀਤੀ ਆਯੋਗ, ਕੇਂਦਰ ਦੇ ਸਮਾਜਿਕ ਨਿਆਂ ਤੇ ਸ਼ਕਤੀਕਰਨ ਮੰਤਰਾਲੇ ਅਤੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਸਹਿਯੋਗ ਨਾਲ ਬਜ਼ੁਰਗਾਂ ਦੇ ਮੌਜੂਦਾ ਹਾਲਾਤ ਬਾਰੇ ਰਿਪੋਰਟ ਜਾਰੀ ਕੀਤੀ ਹੈ। ਇਸ ਰਿਪੋਰਟ ਅਨੁਸਾਰ 70% ਬਜ਼ੁਰਗ ਆਪਣੀਆਂ ਰੋਜ਼ਾਨਾ ਜ਼ਰੂਰਤਾਂ ਪੂਰੀਆਂ ਕਰਨ ਵਾਸਤੇ ਵਿਤੀ ਤੌਰ 'ਤੇ ਦੂਜਿਆਂ 'ਤੇ ਨਿਰਭਰ ਹਨ। ਮਾਨਸਿਕ ਤੌਰ 'ਤੇ ਬਜ਼ੁਰਗ ਉਸ ਵੇਲੇ ਟੁੱਟੇ ਹੋਏ ਮਹਿਸੂਸ ਕਰਦੇ ਹਨ ਜਦੋਂ ਉਨ੍ਹਾਂ ਦੇ ਨੌਜਵਾਨ ਬੱਚੇ ਕਿਸੇ ਮਜਬੂਰੀਵੱਸ ਜਾਂ ਸਮਾਜਿਕ ਹਾਲਾਤ ਨੂੰ ਪਹਿਲ ਦਿੰਦੇ ਹੋਏ ਮਾਪਿਆਂ ਨੂੰ ਬਿਰਧ ਆਸ਼ਰਮਾਂ ਜਾਂ ਘਰਾਂ ਵਿੱਚ ਛੱਡ ਆਉਂਦੇ ਹਨ। ਜੀਵਨ ਕਾਲ ਵਧਣ ਕਾਰਨ ਬਜ਼ੁਰਗਾਂ ਦੀ ਔਸਤਨ ਉਮਰ ਭਾਵੇਂ 72 ਤੋਂ 80 ਸਾਲ ਤੱਕ ਹੋ ਗਈ ਹੈ ਪਰ ਇੱਥੇ ਵੀ ਕੁਦਰਤ ਨੇ ਮਰਦ-ਔਰਤ ਵਿਚਾਲੇ ਨਾ-ਬਰਾਬਰੀ ਕਰ ਦਿੱਤੀ ਹੈ। ਔਰਤਾਂ ਦਾ ਜੀਵਨ ਸਮਾਂ ਮਰਦਾਂ ਨਾਲੋਂ ਵਧੇਰੇ ਹੈ। ਬਹੁਤੇ ਕੇਸਾਂ ਵਿੱਚ ਔਰਤਾਂ ਨੂੰ ਪੰਜ-ਸੱਤ ਸਾਲ ਆਪਣੇ ਜੀਵਨ ਸਾਥੀ ਤੋਂ ਬਗੈਰ ਇਕੱਲਿਆਂ ਗੁਜ਼ਾਰਨੇ ਪੈਂਦੇ ਹਨ। ਉਸ ਹਾਲਤ ਵਿੱਚ ਬਜ਼ੁਰਗ ਮਾਂ 'ਪੁਰਾਣੇ ਖਿਆਲਾਂ ਦੀ ਹੈ', 'ਟੋਕਾ-ਟੋਕੀ ਕਰਦੀ ਹੈ', 'ਆਧੁਨਿਕ ਪਹਿਰਾਵਾ ਪਹਿਨਣ ਤੋਂ ਵਰਜਦੀ ਹੈ', 'ਕਦਰਾਂ-ਕੀਮਤਾਂ ਦੀ ਗੱਲ ਕਰਦੀ ਹੈ' ਆਦਿ ਕਾਰਨ ਨਵੀਂ ਪੀੜ੍ਹੀ ਲਈ ਦਖਲਅੰਦਾਜ਼ੀ ਕਰਨ ਵਾਲੀ ਫਾਲਤੂ ਵਸਤੂ ਬਣ ਕੇ ਰਹਿ ਜਾਂਦੀ ਹੈ। ਛੋਟੇ ਬੱਚਿਆਂ ਨੂੰ ਉਸ ਬਜ਼ੁਰਗ ਮਾਂ ਨਾਲ ਘੁਲਣ-ਮਿਲਣ ਤੋਂ ਵੀ ਵਰਜਿਆ ਜਾਂਦਾ ਹੈ। ਬਜ਼ੁਰਗਾਂ ਨਾਲ ਸਬੰਧਿਤ ਇਹ ਸਮੱਸਿਆਵਾਂ ਭਾਵੇਂ ਸਮਾਜਿਕ ਤਾਣੇ-ਬਾਣੇ ਦੇ ਟੁੱਟਣ ਕਾਰਨ ਹਨ ਜਾਂ ਆਰਥਿਕ ਤੰਗੀ ਕਾਰਨ ਪਰ ਕਿਸੇ ਠੋਸ ਸਮਾਜਿਕ ਸੁਰੱਖਿਆ ਸਿਸਟਮ ਦਾ ਨਾ ਹੋਣਾ ਅਤੇ ਸਮੇਂ ਦੀਆਂ ਸਰਕਾਰਾਂ ਵਲੋਂ ਨੌਜਵਾਨਾਂ ਲਈ ਲੋੜੀਂਦੇ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਾਉਣ ਲਈ ਗੰਭੀਰਤਾ ਨਾਲ ਨਿਵੇਸ਼ ਉਪਰਾਲੇ ਨਾ ਕਰਨਾ ਵਿਸ਼ੇਸ਼ ਕਾਰਨ ਹਨ। ਜੇ ਨੌਜਵਾਨਾਂ ਨੂੰ ਆਪਣੇ ਪੈਦਾਇਸ਼ੀ ਸਥਾਨ 'ਤੇ ਹੀ ਯੋਗ ਸਿੱਖਿਆ ਅਤੇ ਹੁਨਰ ਪ੍ਰਾਪਤੀ ਮਗਰੋਂ ਰੁਜ਼ਗਾਰ ਦੇ ਚੰਗੇ ਅਤੇ ਲੋੜੀਂਦੇ ਮੌਕੇ ਮਿਲਣ ਤਾਂ ਉਹ ਆਪਣੇ ਮਾਪਿਆਂ ਤੋਂ ਦੂਰ ਨਹੀਂ ਜਾਣਗੇ। ਚੀਨ ਨੇ ਤਕਨੀਕੀ ਸਿੱਖਿਆ ਵਿੱਚ ਮੁਹਾਰਤ ਪ੍ਰਾਪਤ ਕਰ ਕੇ ਅਤੇ ਨਾਗਰਿਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾ ਕੇ ਨੌਜਵਾਨ ਵਸੋਂ ਨੂੰ ਲਾਭ-ਅੰਸ਼ ਵਜੋਂ ਤਬਦੀਲ ਕਰ ਲਿਆ ਹੈ। ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਸ਼ਕਤੀਕਰਨ ਮੰਤਰਾਲੇ ਵੱਲੋਂ 1999 ਵਿੱਚ ਬਜ਼ੁਰਗਾਂ ਲਈ ਕੌਮੀ ਨੀਤੀ ਤਿਆਰ ਕੀਤੀ ਸੀ। ਇਸ ਤੋਂ ਬਾਅਦ 2011 ਵਿੱਚ ਬਜ਼ੁਰਗਾਂ ਲਈ ਸਿਹਤ ਸੇਵਾਵਾਂ ਨਾਲ ਸਬੰਧਿਤ ਪ੍ਰੋਗਰਾਮ ਵੀ ਉਲੀਕਿਆ ਗਿਆ। 2020 ਵਿੱਚ ਉਨ੍ਹਾਂ ਨੂੰ ਬੁਢਾਪਾ ਪੈਨਸ਼ਨ ਦੇ ਰੂਪ ਵਿੱਚ ਵਿਤੀ ਸੁਰੱਖਿਆ ਦੇਣ ਦਾ ਫੈਸਲਾ ਵੀ ਕੀਤਾ ਗਿਆ ਪਰ ਇਹ ਰਕਮ ਬਹੁਤ ਨਿਗੂਣੀ ਹੈ- ਕੇਵਲ 1000 ਤੋਂ 1500 ਰੁਪਏ ਤੱਕ। ਜੇ ਬੱਚਿਆਂ ਨੂੰ ਦੇਸ਼ ਦਾ ਭਵਿੱਖ ਸਮਝਿਆ ਜਾਂਦਾ ਹੈ ਤਾਂ ਨੌਜਵਾਨ ਵਰਤਮਾਨ ਦਾ ਸਰਮਾਇਆ ਅਤੇ ਬਜ਼ੁਰਗ ਸਾਡੀਆਂ ਜੜ੍ਹਾਂ ਹਨ। ਉਨ੍ਹਾਂ ਦੀ ਸਾਂਭ-ਸੰਭਾਲ ਸਾਡੀ ਨੈਤਿਕ ਜਿ ?ੰਮੇਵਾਰੀ ਹੈ। ਨੌਜਵਾਨਾਂ ਦੇ ਵਧਦੇ ਸਰਮਾਏ ਨੂੰ ਲਾਭ-ਅੰਸ਼ ਵਜੋਂ ਵਰਤਣ ਵਾਸਤੇ ਮਨੁੱਖੀ ਪੂੰਜੀ ਵਿੱਚ ਨਿਵੇਸ਼ ਜ਼ਰੂਰੀ ਹੈ। ਰੁਜ਼ਗਾਰ ਦੇ ਮੌਕੇ ਵਧਾਉਣ ਦੇ ਨਾਲ-ਨਾਲ ਰੁਜ਼ਗਾਰ ਦੀ ਕੁਆਲਿਟੀ ਵੱਲ ਵੀ ਤਵੱਜੋ ਦੇਣੀ ਹੋਵੇਗੀ। ਕੌਮਾਂਤਰੀ ਮਜ਼ਦੂਰ ਸੰਗਠਨ ਅਨੁਸਾਰ ਹਰ ਨੌਜਵਾਨ ਨੂੰ ਮਾਣ ਮਰਿਆਦਾ ਵਾਲਾ ਕੰਮ ਪ੍ਰਾਪਤ ਕਰਨ ਦਾ ਅਧਿਕਾਰ ਹੈ ਜਿੱਥੇ ਉਹ ਜੀਵਨ ਦੀਆਂ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਕਰਦੇ ਹੋਏ ਵਧੀਆ ਜ਼ਿੰਦਗੀ ਜਿਊਣ ਦੇ ਯੋਗ ਹੋ ਸਕਣ।

# ਕਰਤੱਵਿਆ ਨਿਸ਼ਠਾ ਸਨਮਾਨ ਸਮਾਰੋਹ' ਵਿੱਚ ਵਕੀਲ ਭੀਸ਼ਮ ਕਿੰਗਰ ਦਾ ਹੋਇਆ ਵਿਸ਼ੇਸ਼ ਸਨਮਾਨ



**ਮਲੇਰਕੋਟਲਾ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਸਨਾਤਨ ਧਰਮ ਮਹਾਂਵੀਰ ਦਲ ਅਤੇ ਸਨਾਤਨ ਧਰਮ ਪ੍ਰਤੀਨਿਧੀ ਸਭਾ ਵੱਲੋਂ ਕਰਵਾਏ ਗਏ ਕਰਤੱਵਿਆ ਨਿਸ਼ਠਾ ਸਨਮਾਨ ਸਮਾਰੋਹ ਵਿੱਚ ਉਤਰਾਖੰਡ, ਦਿੱਲੀ, ਯੂਪੀ, ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ, ਜੰਮੂ ਕਸ਼ਮੀਰ, ਚੰਡੀਗੜ੍ਹ ਅਤੇ ਪੰਜਾਬ ਤੋਂ ਸਨਾਤਨ ਪ੍ਰੇਮੀਆਂ ਨੇ ਸ਼ਿਰਕਤ ਕੀਤੀ । ਇਸ ਸਮਾਰੋਹ ਵਿੱਚ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਾ ਸੀ ਪਰੰਤੂ ਰਾਜਪਾਠ ਦੇ ਰੁਝੇਵਿਆਂ ਕਾਰਣ ਨਹੀਂ ਪਹੁੰਚ ਸਕੇ ।

ਇਸ ਸਮਾਰੋਹ ਵਿੱਚ ਸਾਬਕਾ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ, ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ, ਰਿਟਾ, ਡਿਪਟੀ ਕਮਿਸ਼ਨਰ ਗੁਰਲਵਲੀਨ ਸਿੰਘ ਸਿੱਧੂ, ਸਨਾਤਨ ਧਰਮ ਪ੍ਰਤੀਨਿਧੀ ਸਭਾ ਦੇ ਰਾਸ਼ਟਰੀ ਪ੍ਰਧਾਨ ਡਾ. ਦੇਸ਼ ਬੰਧੂ ਜੀ, ਸਭਾ ਦੇ ਕਾਰਜਕਾਰੀ ਪ੍ਰਧਾਨ ਆਈ ਐਮ ਗੋਸਵਾਮੀ, ਗੁਰਦੀਪ ਸ਼ਰਮਾ, ਅਰੁਣ ਸ਼ਰਮਾ, ਵਿਨੋਦ ਸ਼ੈਨੀ, ਸਨਾਤਨ ਧਰਮ ਦੇ ਮਹਾਂਮੰਤਰੀ ਜਨਕ ਰਾਜ ਬਾਵਾ, ਸਤਵੰਤ ਸਿੰਘ ਸੂਦਨ, ਪ੍ਰੇਮ ਪਾਰਿਕ, ਕੈਸ਼ੀਅਰ ਸੁਭਾਸ਼ ਖੂੰਗਰ, ਕਾਰਜਕਾਰੀ ਪ੍ਰਧਾਨ ਰਾਜਨ ਗਰਗ ਨੇ ਸ਼ਿਰਕਤ ਕਰਕੇ ਸਮਾਰੋਹ ਦੀ ਸ਼ੋਭਾ ਵਧਾਈ । ਮਹਾਂਵੀਰ ਦਲ ਦੇ ਰਾਸ਼ਟਰੀ ਪ੍ਰਧਾਨ ਮਹੰਤ ਸਵਰੂਪ ਬਿਹਾਰੀ ਸ਼ਰਨ ਨੇ ਹਾਜ਼ਰੀਨ ਦਾ ਹਾਰਦਿਕ ਸਵਾਗਤ ਕੀਤਾ ।

ਇਸ ਸ਼ਾਨਦਾਰ ਸਮਾਰੋਹ ਵਿੱਚ ਮਾਨਵਤਾ ਦੀ ਸੇਵਾ ਲਈ ਇਲਾਕੇ ਦੇ ਨੌਜਵਾਨ ਵਕੀਲ ਭੀਸ਼ਮ ਕਿੰਗਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ । ਜ਼ਿਕਰਯੋਗ ਹੈ ਕਿ ਐਡਵੋਕੇਟ ਭੀਸ਼ਮ ਕਿੰਗਰ ਨੇ ਇੱਕ ਜਨ ਪਟੀਸ਼ਨ ਦਾਇਰ ਜਿੱਥੇ ਕਰਕੇ ਪੰਜਾਬ ਦੇ ਹੈਲਥ ਸਿਸਟਮ ਦੇ ਖੋਖਲੇਪਣ ਦਾ ਭਾਂਡਾ ਭੰਨਿਆ ਕਿ ਪੰਜਾਬ ਵਿੱਚ ਡਾਕਟਰਾਂ ਦੀਆਂ 50 ਪ੍ਰਤੀਸ਼ਤ ਅਸਾਮੀਆਂ ਖਾਲੀ ਹਨ ਉੱਥੇ ਹੀ ਆਪਣੇ ਇਲਾਕੇ ਮਲੇਰਕੋਟਲਾ ਦਾ ਸਿਵਲ ਹਸਪਤਾਲ ਜੋ ਲੰਬੇ ਅਰਸੇ ਤੋਂ ਡਾਕਟਰਾਂ ਦੀ ਘਾਟ ਨਾਲ ਜੂਝ ਰਿਹਾ ਸੀ, ਵਿੱਚ ਦਰਜਨਾਂ ਡਾਕਟਰ ਲਿਆਂਦੇ । ਵਕੀਲ ਭੀਸ਼ਮ ਕਿੰਗਰ ਦੀ ਇਸ ਰਿਟ ਵਿੱਚ ਮਾਣਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਨੇ ਪੰਜਾਬ ਦੇ ਨਾਲ-ਨਾਲ ਹਰਿਆਣਾ ਅਤੇ ਚੰਡੀਗੜ੍ਹ ਨੂੰ ਵੀ ਸ਼ਾਮਲ ਕਰ ਲਿਆ ਅਤੇ ਡਾਕਟਰਾਂ ਦੀ ਘਾਟ ਅਤੇ ਐਮਆਰਆਈ ਜਾਂ ਸਕੈਨ ਸੈਂਟਰ ਦੀ ਘਾਟ ਨੂੰ ਪੂਰਾ ਕਰਨ ਦੇ ਹੁਕਮ ਜਾਰੀ ਕੀਤੇ ।

ਇਸ ਤੋਂ ਇਲਾਵਾ ਐਡਵੋਕੇਟ ਭੀਸ਼ਮ ਕਿੰਗਰ ਨੇ ਬਿਨ੍ਹਾਂ ਕੋਈ ਫੀਸ ਲਏ ਅਨੇਕਾਂ ਜਨਹਿੱਤ ਦੀਆਂ ਪਟੀਸ਼ਨਾਂ ਹਾਈਕੋਰਟ ਵਿੱਚ ਦਾਇਰ ਕਰਕੇ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਰਾਹਤ ਦਿਲਵਾਈ ਅਤੇ ਉਹਨਾਂ ਦਾ ਹਰ ਵਰਗ ਦੇ ਲੋਕਾਂ ਲਈ ਐਲਾਨ ਹੈ ਕਿ ਕੋਈ ਵੀ ਜਨਹਿੱਤ ਦਾ ਕੇਸ ਉਹ ਬਿਨ੍ਹਾਂ ਕਿਸੇ ਫੀਸ ਤੋਂ ਕਰਨਗੇ।

# ਜ਼ਿਲ੍ਹਾ ਮੈਜਿਸਟਰੇਟ ਨੇ ਨਗਰ ਕੀਰਤਨ ਦੇ ਰੂਟ ਤੇ ਮੀਟ ਅਤੇ ਸ਼ਰਾਬ ਆਦਿ ਦੀਆਂ ਦੁਕਾਨਾਂ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ

**ਤਰਨ ਤਾਰਨ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਇੱਕ ਵਿਸ਼ਾਲ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ। ਇਹ ਨਗਰ ਕੀਰਤਨ ਮਿਤੀ 21 ਨਵੰਬਰ 2025 ਨੂੰ ਜਿਲ੍ਹਾ ਤਰਨ ਤਾਰਨ ਵਿੱਚ ਸ਼ਾਮਿਲ ਹੋਵੇਗਾ,

ਜਿਸ ਦਾ ਰੂਟ ਖਜ਼ਾਨਾ ਗੇਟ ਅੰਮ੍ਰਿਤਸਰ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਠੱਠਾ ਝਬਾਲ ਚੌਂਕ, ਨੂਰਦੀਨ ਤਰਨ ਤਾਰਨ, ਅੰਮ੍ਰਿਤਸਰ ਬਾਈਪਾਸ ਚੌਂਕ ਤਰਨ ਤਾਰਨ, ਸ੍ਰੀ ਦਰਬਾਰ ਸਾਹਿਬ ਤਰਨ ਤਾਰਨ, ਟੀ ਪੁਆਇੰਟ ਨੇੜੇ ਮਾਝਾ ਕਾਲਜ, ਗੋਇੰਦਵਾਲ ਬਾਈਪਾਸ ਤਰਨ ਤਾਰਨ, ਵੇਈਂ ਪੁਈਂ ਮੋੜ ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਕਪੂਰਥਲਾ ਹੋਵੇਗਾ।



ਇਸ ਵਿਸ਼ਾਲ ਨਗਰ ਕੀਰਤਨ ਸਬੰਧੀ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਨਗਰ ਕੀਰਤਨ ਦੌਰਾਨ ਨਗਰ ਕੀਰਤਨ ਦੇ ਰੂਟ ਤੇ ਮੀਟ ਅਤੇ ਸ਼ਰਾਬ ਆਦਿ ਦੀਆਂ ਦੁਕਾਨਾਂ ਬੰਦ ਕਰਨੀਆਂ ਜ਼ਰੂਰੀ ਹਨ।

ਇਸ ਸਭ ਨੂੰ ਧਿਆਨ ਵਿੱਚ ਰੱਖਦੇ ਹੋਏ ਸ਼੍ਰੀ ਰਾਹੁਲ, ਆਈ.ਏ.ਐਸ, ਜ਼ਿਲ੍ਹਾ ਮੈਜਿਸਟਰੇਟ, ਤਰਨ ਤਾਰਨ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਤੇ ਪੰਜਾਬ ਆਬਕਾਰੀ ਐਕਟ, 1914 ਦੀ ਧਾਰਾ 54 ਦੇ ਤਹਿਤ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮਿਤੀ 21-11-2025 ਨੂੰ ਜ਼ਿਲ੍ਹਾ ਤਰਨ ਤਾਰਨ ਦੀ ਹਦੂਦ ਅੰਦਰ ਨਗਰ ਕੀਰਤਨ ਦੌਰਾਨ ਨਗਰ ਕੀਰਤਨ ਦੇ ਉਕਤ ਰੂਟ ਉੱਪਰ/ ਨਜਦੀਕ ਸਥਿਤ ਮੀਟ ਅਤੇ ਸ਼ਰਾਬ ਆਦਿ ਦੀਆਂ ਦੁਕਾਨਾਂ ਬੰਦ ਰੱਖਣ ਹੁਕਮ ਜਾਰੀ ਕੀਤੇ ਹਨ।

ਮਾਮਲੇ ਦੀ ਤੱਤਪਰਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਹੁਕਮ ਇੱਕ ਤਰਫਾ ਪਾਸ ਕੀਤਾ ਜਾਂਦਾ ਹੈ।

# ਕੇਵੀਕੇ ਅਬੋਹਰ ਵਿਖੇ ਪੀਐੱਮ-ਕਿਸਾਨ ਵੈੱਬਕਾਸਟ ਦੇ ਨਾਲ ਖੇਤੀਬਾੜੀ ਨਵੀਨਤਾ ਅਤੇ ਕਿਸਾਨ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ



**ਅਬੋਹਰ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪ੍ਰੋਗਰਾਮ ਦੀ ਸ਼ੁਰੂਆਤ ਸੀਆਈਐਫਟੀ ਅਬੋਹਰ ਦੇ ਖੇਤਰੀ ਕੇਂਦਰ ਦੇ ਮੁਖੀ ਡਾ. ਅਮਿਤ ਨਾਥ ਦੇ ਸਵਾਗਤੀ ਭਾਸ਼ਣ ਨਾਲ ਹੋਈ। ਉਨ੍ਹਾਂ ਨੇ ਪੀਐੱਮ-ਕਿਸਾਨ ਸਨਮਾਨ ਨਿਧੀ ਯੋਜਨਾ, ਇਸਦੇ ਢਾਂਚੇ, ਲਾਭਾਂ ਅਤੇ ਕਿਸਾਨਾਂ ਲਈ ਉਪਲਬਧ ਵਿੱਤੀ ਸਹਾਇਤਾ ਵਿਧੀਆਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ। ਡਾ. ਰੁਪਿੰਦਰ ਕੌਰ ਨੇ ਆਪਣੀਆਂ ਵੱਖ-ਵੱਖ ਗਤੀਵਿਧੀਆਂ, ਸਹੂਲਤਾਂ ਅਤੇ ਸਿਖਲਾਈ ਪ੍ਰੋਗਰਾਮਾਂ ਰਾਹੀਂ ਪੇਂਡੂ ਔਰਤਾਂ ਦੇ ਆਰਥਿਕ ਵਿਕਾਸ ਵਿੱਚ ਕੇਵੀਕੇ ਦੇ ਯੋਗਦਾਨ 'ਤੇ ਚਾਨਣਾ ਪਾਇਆ। ਡਾ. ਰਮੇਸ਼ ਕੁਮਾਰ ਕਾਂਟਵਾ ਨੇ ਬਾਗਬਾਨੀ ਫਸਲਾਂ ਦੇ ਪ੍ਰਬੰਧਨ ਅਤੇ ਮੁੱਲ ਵਾਧੇ 'ਤੇ ਭਾਸ਼ਣ ਦਿੱਤਾ।

ਡਾ. ਪ੍ਰਕਾਸ਼ ਚੰਦ ਗੁਰਜਰ ਨੇ ਮਿੱਟੀ ਸਿਹਤ ਪ੍ਰਬੰਧਨ ਬਾਰੇ ਜਾਣਕਾਰੀ ਦਿੱਤੀ। ਡਾ. ਕਿਸ਼ਨ ਕੁਮਾਰ ਪਟੇਲ ਨੇ ਕੇਵੀਕੇ ਵਿਖੇ ਉਪਲਬਧ ਸੀਆਰਐਮ ਮਸ਼ੀਨਰੀ ਅਤੇ ਇਸਦੇ ਉਪਯੋਗਾਂ 'ਤੇ ਭਾਸ਼ਣ ਦਿੱਤਾ। ਸ਼੍ਰੀ ਪ੍ਰਿਥਵੀਰਾਜ ਅਤੇ ਸ਼੍ਰੀ ਹਰਿੰਦਰ ਸਿੰਘ ਦਹੀਆ ਨੇ ਕਿਸਾਨਾਂ ਨਾਲ ਫਸਲੀ ਸੀਜ਼ਨ ਦੌਰਾਨ ਉਨ੍ਹਾਂ ਨੂੰ ਦਰਪੇਸ਼ ਸਮੱਸਿਆਵਾਂ 'ਤੇ ਖੁੱਲ੍ਹ ਕੇ ਚਰਚਾ ਕੀਤੀ। ਇਸ ਤੋਂ ਬਾਅਦ, ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਬਾਰੇ ਮਾਣਯੋਗ ਪ੍ਰਧਾਨ ਮੰਤਰੀ ਦਾ ਸੰਦੇਸ਼ ਅਤੇ ਪ੍ਰੋਗਰਾਮ ਦਾ ਲਾਈਵ ਵੈੱਬਕਾਸਟ ਦੇਖਿਆ ਗਿਆ। ਪ੍ਰੋਗਰਾਮ ਦੇ ਮੁੱਖ ਮਹਿਮਾਨ ਡਾ. ਪੀ.ਕੇ. ਨੇਮਾ, ਪ੍ਰੋਫੈਸਰ ਅਤੇ ਡੀਨ, ਵਿਦਿਆਰਥੀ ਭਲਾਈ, ਨੈਸ਼ਨਲ ਇੰਸਟੀਚਿਊਟ ਆਫ਼ ਫੂਡ ਟੈਕਨਾਲੋਜੀ ਐਂਟਰਪ੍ਰਨਿਓਰਸ਼ਿਪ ਐਂਡ ਮੈਨੇਜਮੈਂਟ (©96"5$-™), ਕੁੰਡਲੀ-ਸੋਨੀਪਤ ਸਨ, ਜਿਨ੍ਹਾਂ ਨੇ ਕਿਸਾਨਾਂ ਨਾਲ ਗੱਲਬਾਤ ਕੀਤੀ ਅਤੇ ਖੇਤੀਬਾੜੀ ਪਰਿਵਰਤਨ ਵਿੱਚ ਨਵੀਨਤਾ ਅਤੇ ਖੋਜ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਅੰਤ ਵਿੱਚ, ਸ਼੍ਰੀ ਪ੍ਰਿਥਵੀਰਾਜ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। 233 ਕਿਸਾਨਾਂ ਦੀ ਉਤਸ਼ਾਹੀ ਭਾਗੀਦਾਰੀ ਦੁਆਰਾ ਪੂਰੇ ਪ੍ਰੋਗਰਾਮ ਨੂੰ ਸਫਲ ਬਣਾਇਆ ਗਿਆ, ਅਤੇ ਭਵਿੱਖ ਵਿੱਚ ਕਿਸਾਨਾਂ ਦੇ ਹਿੱਤ ਵਿੱਚ ਹੋਰ ਪ੍ਰਭਾਵਸ਼ਾਲੀ ਪ੍ਰੋਗਰਾਮ ਆਯੋਜਿਤ ਕਰਨ ਦਾ ਪ੍ਰਣ ਲਿਆ ਗਿਆ।

# ਨਹਿਰੂ ਤੋਂ ਮਨਮੋਹਨ ਸਿੰਘ ਤੱਕ ਦੀਆਂ ਸਰਕਾਰਾਂ ਨੇ ਭਾਰਤ ਨੂੰ ਵਿਸ਼ਵ ਦੀ ਅਗਵਾਈ ਕਰ ਰਹੇ ਦੇਸ਼ਾਂ ਵਿੱਚ ਕੀਤਾ ਸ਼ਾਮਲ : ਬਾਵਾ

**ਲੁਧਿਆਣਾ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਡਿਤ ਜਵਾਹਰ ਲਾਲ ਨਹਿਰੂ ਜੀ ਦੇ ਜਨਮਦਿਨ ਮੌਕੇ 21 ਨਵੰਬਰ ਨੂੰ ਹੋਣ ਵਾਲੀ ਵਿਚਾਰ ਗੋਸ਼ਟੀ ਦੀਆਂ ਤਿਆਰੀਆਂ ਦੀ ਸਮੀਖਿਆ ਲਈ ਸਰਕਟ ਹਾਊਸ ਵਿੱਚ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਦੀ ਅਗਵਾਈ ਵਿੱਚ ਮੀਟਿੰਗ ਹੋਈ। ਇਸ ਵਿੱਚ ਗੁਰਨਾਮ ਸਿੰਘ ਕਲੇਰ, ਰਤਨੀਸ਼ ਸਿੰਘ (ਵਾਈਸ ਪ੍ਰਧਾਨ ਜ਼ਿਲ੍ਹਾ ਕਾਂਗਰਸ), ਕੇਵਲ ਪਾਹਵਾ ਅਤੇ ਮਨਮਿੰਦਰ ਸਿੰਘ ਨੇ ਹਿੱਸਾ ਲਿਆ। ਬਾਵਾ ਨੇ ਦੱਸਿਆ ਕਿ ਸਮਾਗਮ ਲਈ ਸਾਰੀਆਂ ਤਿਆਰੀਆਂ ਮੁਕੰਮਲ ਹਨ ਅਤੇ ਕਾਂਗਰਸੀ ਵਰਕਰਾਂ ਵਿੱਚ ਭਾਰੀ ਉਤਸਾਹ ਹੈ। ਨਹਿਰੂ ਜੀ ਦੇ ਯੋਗਦਾਨਾਂ ਨੂੰ ਦਰਸਾਉਂਦੇ ਵੱਡੇ ਬੋਰਡ ਵੀ ਲਗਾਏ ਗਏ ਹਨ। ਉਹਨਾਂ ਦੀਆਂ ਪ੍ਰਸਿੱਧ ਪੁਸਤਕਾਂ — ਐਨ ਆਟੋਬਾਇਓਗਰਾਫੀ, ਦਿ ਡਿਸਕਵਰੀ ਆਫ ਇੰਡੀਆ ਅਤੇ ਲੈਟਰਜ਼ ਫ੍ਰਮ ਅ ਫਾਧਰ ਟੂ ਹਿਜ ਡਾਟਰ — ਵੀ ਸਮਾਗਮ ਵਿੱਚ ਰੱਖੀਆਂ ਜਾਣਗੀਆਂ। ਉਹਨਾਂ ਕਿਹਾ ਕਿ ਪੰਡਿਤ ਜਵਾਹਰ ਲਾਲ ਨਹਿਰੂ ਤੋਂ ਡਾ. ਮਨਮੋਹਨ ਸਿੰਘ ਤੱਕ ਦੀਆਂ ਸਰਕਾਰਾਂ ਦੇ ਕੀਤੇ ਕੰਮਾਂ ਨੇ ਭਾਰਤ ਨੂੰ ਵਿਸ਼ਵ ਦੇ ਮੋਹਰੀ ਦੇਸ਼ਾਂ ਦੀ ਕਤਾਰ ਵਿੱਚ ਖੜਾ ਕੀਤਾ ਹੈ।

# ਜ਼ਿਲ੍ਹਾ ਪਰਿਸ਼ਦ ਤੇ ਸਮਿਤੀ ਚੋਣਾਂ ਦਸੰਬਰ 'ਚ 25 ਨਵੰਬਰ ਮਗਰੋਂ ਕਿਸੇ ਵੇਲੇ ਵੀ ਹੋ ਸਕਦੈ ਚੋਣਾਂ ਦਾ ਐਲਾਨ

**ਚੰਡੀਗੜ੍ਹ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ 'ਚ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀਆਂ ਦੀਆਂ ਚੋਣਾਂ ਦਸੰਬਰ ਦੇ ਦੂਸਰੇ ਹਫ਼ਤੇ ਦੇ ਅਖੀਰ 'ਚ ਹੋਣੀਆਂ ਤੈਅ ਹਨ। ਪੰਜਾਬ ਰਾਜ ਚੋਣ ਕਮਿਸ਼ਨ 25 ਨਵੰਬਰ ਤੋਂ ਬਾਅਦ ਕਿਸੇ ਵੇਲੇ ਚੋਣਾਂ ਦਾ ਐਲਾਨ ਕਰ ਸਕਦਾ ਹੈ। ਅਹਿਮ ਸੂਤਰ ਦੱਸਦੇ ਹਨ ਕਿ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀਆਂ ਦੀਆਂ ਚੋਣਾਂ 14 ਦਸੰਬਰ ਨੂੰ ਹੋ ਸਕਦੀਆਂ ਹਨ। ਉਸ ਦਿਨ ਐਤਵਾਰੀ ਛੁੱਟੀ ਵੀ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਇਹ ਚੋਣਾਂ ਪੰਜ ਦਸੰਬਰ ਤੱਕ ਕਰਵਾਉਣ ਬਾਰੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਹਲਫ਼ੀਆ ਬਿਆਨ ਦਾਇਰ ਕੀਤਾ ਹੋਇਆ ਹੈ।

ਗੁਰੂ ਤੇਗ ਬਹਾਦਰ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਖ਼ਤਮ ਹੋਣ ਮਗਰੋਂ ਹੀ ਇਨ੍ਹਾਂ ਚੋਣਾਂ ਦਾ ਐਲਾਨ ਹੋ ਸਕਦਾ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਦੇ ਜ਼ੋਨਾਂ ਦਾ ਗਠਨ ਕਰ ਦਿੱਤਾ ਹੈ ਅਤੇ ਇਨ੍ਹਾਂ ਜ਼ੋਨਾਂ ਦਾ ਰਾਖਵਾਂਕਰਨ ਵੀ ਕਰ ਦਿੱਤਾ ਗਿਆ ਹੈ। ਡਿਪਟੀ ਕਮਿਸ਼ਨਰਾਂ ਵੱਲੋਂ ਤਿਆਰ ਤਜਵੀਜ਼ਾਂ ਸਬੰਧੀ ਜ਼ੋਨਾਂ ਅਤੇ ਉਨ੍ਹਾਂ ਦੇ ਰਾਖਵੇਂਕਰਨ ਬਾਰੇ ਜ਼ਿਲ੍ਹਾਵਾਰ ਸਰਕਾਰੀ ਨੋਟੀਫ਼ਿਕੇਸ਼ਨ ਲਗਾਤਾਰ ਜਾਰੀ ਹੋ ਰਹੇ ਹਨ।

ਪੰਜਾਬ ਸਰਕਾਰ ਨੇ ਇਸ ਵਾਰ ਬਲਾਕ ਨੂੰ ਇਕਾਈ ਮੰਨ ਕੇ ਰਾਖਵਾਂਕਰਨ ਕੀਤਾ ਹੈ। ਸੂਬਾ ਸਰਕਾਰ ਨੇ ਬਲਾਕਾਂ ਦਾ ਪੁਨਰਗਠਨ ਵੀ ਕੀਤਾ ਹੈ, ਜਿਸ ਨਾਲ ਪਿੰਡਾਂ ਦੀ ਇੱਕ-ਦੂਸਰੇ ਬਲਾਕ 'ਚ ਅਦਲਾ-ਬਦਲੀ ਵੀ ਹੋ ਗਈ ਹੈ। ਸੂਤਰਾਂ ਅਨੁਸਾਰ ਵਿਧਾਇਕਾਂ ਤੇ ਵਜ਼ੀਰਾਂ ਦੇ ਮਸ਼ਵਰੇ ਨਾਲ ਹੀ ਜ਼ੋਨਾਂ ਦੇ ਰਾਖਵੇਂਕਰਨ ਦਾ ਕੰਮ ਨੇਪਰੇ ਚਾੜ੍ਹਿਆ ਗਿਆ ਹੈ। ਸੂਬੇ 'ਚ 23 ਜ਼ਿਲ੍ਹਾ ਪਰਿਸ਼ਦਾਂ ਅਤੇ 154 ਪੰਚਾਇਤ ਸਮਿਤੀਆਂ ਦੀਆਂ ਚੋਣਾਂ ਹੋਣੀਆਂ ਹਨ। ਇੱਕ ਸੀਨੀਅਰ ਅਧਿਕਾਰੀ ਅਨੁਸਾਰ ਇਹ ਚੋਣਾਂ ਦਸੰਬਰ ਦੇ ਦੂਜੇ ਹਫ਼ਤੇ ਦੇ ਅਖੀਰ ਵਿੱਚ ਹੋਣੀਆਂ ਤੈਅ ਹਨ। ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਦਾਇਰ ਪਟੀਸ਼ਨ ਦੇ ਜਵਾਬ 'ਚ ਪੰਜਾਬ ਸਰਕਾਰ ਨੇ ਪਹਿਲਾਂ ਸਮਿਤੀ ਤੇ ਜ਼ਿਲ੍ਹਾ ਪਰਿਸ਼ਦ ਚੋਣਾਂ 31 ਮਈ ਤੱਕ ਕਰਾਏ ਜਾਣ ਦਾ ਹਲਫ਼ੀਆ ਬਿਆਨ ਦਿੱਤਾ ਸੀ। ਉਸ ਮਗਰੋਂ ਬਲਾਕਾਂ ਦੇ ਪੁਨਰਗਠਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ। ਹਾਈ ਕੋਰਟ ਤੋਂ ਮਹਿਕਮੇ ਨੇ ਤਿੰਨ ਮਹੀਨਾ ਦਾ ਸਮਾਂ ਲੈ ਕੇ ਇਹ ਚੋਣਾਂ 5 ਅਕਤੂਬਰ ਤੱਕ ਕਰਵਾਉਣ ਦੀ ਵਚਨਬੱਧਤਾ ਪ੍ਰਗਟਾਈ।

ਇਸੇ ਦੌਰਾਨ ਪੰਜਾਬ ਹੜ੍ਹਾਂ ਦੀ ਲਪੇਟ 'ਚ ਆ ਗਿਆ ਅਤੇ ਇਨ੍ਹਾਂ ਦੇ ਹਵਾਲੇ ਨਾਲ ਮਹਿਕਮੇ ਨੇ ਮੁੜ ਹਾਈ ਕੋਰਟ ਨੂੰ ਪੰਜ ਦਸੰਬਰ ਤੱਕ ਚੋਣਾਂ ਕਰਵਾਉਣ ਦਾ ਹਲਫ਼ੀਆ ਬਿਆਨ ਦੇ ਦਿੱਤਾ। ਇਹ ਚੋਣਾਂ ਜਨਵਰੀ 2025 ਦੀਆਂ ਵੋਟਰ ਸੂਚੀਆਂ ਦੇ ਆਧਾਰ 'ਤੇ ਹੋਣ ਦੀ ਸੰਭਾਵਨਾ ਹੈ।

# ਹੜ੍ਹ ਪ੍ਰਭਾਵਿਤ ਰਕਬੇ ਦਾ 20 ਹਜਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾ ਰਿਹਾ ਹੈ : ਲਾਲਜੀਤ ਸਿੰਘ ਭੁੱਲਰ



**ਤਰਨ ਤਾਰਨ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਵਿਧਾਨ ਸਭਾ ਹਲਕਾ ਪੱਟੀ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ। ਇਸ ਦੌਰਾਨ ਪਿੰਡ ਕੋਟ ਬੁੱਢਾ, ਜੱਲੋਕੇ, ਸਭਰਾਂ ਅਤੇ ਨੇੜਲੇ ਹੜ੍ਹ ਪ੍ਰਭਾਵਿਤ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹੜ੍ਹ ਨਾਲ ਹੋਏ ਨੁਕਸਾਨ ਦੀ ਭਰਪਾਈ ਤਾਂ ਨਹੀਂ ਹੋ ਸਕਦੀ ਪਰ ਸਰਕਾਰ ਉਹਨਾਂ ਦੇ ਦੁੱਖ ਘਟਾਉਣ ਲਈ ਵੱਡੇ ਪੱਧਰ ਤੇ ਰਾਹਤ ਕਾਰਜ ਕਰ ਰਹੀ ਹੈ।

ਉਨਾਂ ਦੱਸਿਆ ਕਿ ਪਹਿਲਾਂ ਵੀ ਕਈ ਵਾਰ ਹੜ੍ਹ ਦੇ ਪਾਣੀ ਨਾਲ ਫਸਲਾਂ ਖਰਾਬ ਹੁੰਦੀਆਂ ਰਹੀਆਂ ਹਨ ਪਰ ਇਹ ਪਹਿਲੀ ਵਾਰ ਹੈ ਜਦ ਭਗਵੰਤ ਮਾਨ ਸਰਕਾਰ ਨੇ 20 ਹਜਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਹੈ। ਉਹਨਾਂ ਕਿਹਾ ਕਿ ਪ੍ਰਭਾਵਿਤ ਲੋਕਾਂ ਨੂੰ ਜਿੱਥੇ ਫੌਰੀ ਰਾਹਤ ਦੇ ਤੌਰ 'ਤੇ ਪਸ਼ੂਆਂ ਲਈ ਚਾਰਾ, ਚੌਕਰ ਅਤੇ ਡੀਜ਼ਲ ਦਿੱਤਾ ਉੱਥੇ ਮੁਫਤ ਕਣਕ ਦੇ ਬੀਜ ਦਾ ਵੀ ਪ੍ਰਬੰਧ ਕੀਤਾ ਗਿਆ। ਜਿਸ ਤਹਿਤ ਹੁਣ ਤੱਕ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਰਕਬੇ ਵਿੱਚ 8000 ਕੁਇੰਟਲ ਦੇ ਕਰੀਬ ਕਣਕ ਦਾ ਬੀਜ ਮੁਫ਼ਤ ਵੰਡਿਆ ਜਾ ਚੁੱਕਾ ਹੈ।

ਉਹਨਾਂ ਕਿਹਾ ਕਿ ਕੁਦਰਤ ਅੱਗੇ ਕਿਸੇ ਦਾ ਜ਼ੋਰ ਨਹੀਂ ਚੱਲਦਾ ਪਰ ਇਸ ਨਾਲ ਇਕਮਿਕ ਹੋ ਕੇ ਫਾਇਦਾ ਲਿਆ ਜਾ ਸਕਦਾ ਹੈ। ਇਸ ਲਈ ਕੁਦਰਤ ਦੀ ਸਾਂਭ ਸੰਭਾਲ ਕਰਦਿਆਂ ਫਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਈ ਜਾਵੇ ਕਿਉਂਕਿ ਅੱਗ ਲਗਾਉਣ ਨਾਲ ਜਮੀਨ ਦੀ ਉਪਜਾਊ ਸ਼ਕਤੀ ਘਟਦੀ ਹੈ ਅਤੇ ਨਾਲ ਹੀ ਵਾਤਾਵਰਨ ਪ੍ਰਦੂਸ਼ਿਤ ਹੋ ਜਾਂਦਾ ਹੈ। ਉਪਰੰਤ ਬਹੁਤ ਸਾਰੀਆਂ ਬਿਮਾਰੀਆਂ ਖਾਸ ਤੌਰ ਤੇ ਬਜ਼ੁਰਗਾਂ ਦੀ ਸਿਹਤ ਦਾ ਵੱਡਾ ਨੁਕਸਾਨ ਹੋ ਜਾਂਦਾ ਹੈ।ਉਹਨਾਂ ਕਿਹਾ ਕਿ ਪਰਾਲੀ ਦੇ ਸੁਚੱਜੇ ਪ੍ਰਬੰਧ ਲਈ ਕਿਸਾਨਾਂ ਨੂੰ ਲੋੜੀਂਦੀ ਮਸ਼ੀਨਰੀ ਤੇ ਜ਼ਿਲ੍ਹੇ ਵਿੱਚ ਹੁਣ ਤੱਕ 10 ਕਰੋੜ ਦੀ ਸਬਸਿਡੀ ਦਿੱਤੀ ਜਾ ਚੁੱਕੀ ਹੈ।

ਇਲਾਕੇ ਦੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਦਿਆਂ ਉਹਨਾਂ ਦੱਸਿਆ ਕਿ ਪਿੰਡਾਂ ਦੀਆਂ ਸੜਕਾਂ ਦਾ ਜਲਦ ਹੀ ਨਿਰਮਾਣ ਸ਼ੁਰੂ ਕੀਤਾ ਜਾ ਰਿਹਾ ਹੈ। ਉਨਾਂ ਇਲਾਕੇ ਦੇ ਲੋਕਾਂ ਨੂੰ ਕਿਹਾ ਕਿ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਈ ਕਰਾਈ ਜਾਵੇ ਤਾਂ ਜੋ ਉਹ ਸਮਾਜ ਦੀ ਤਰੱਕੀ ਵਿੱਚ ਵਡਮੁੱਲਾ ਯੋਗਦਾਨ ਪਾ ਸਕਣ।

ਇਸ ਮੌਕੇ ਤਹਿਸੀਲਦਾਰ ਅੰਮ੍ਰਿਤਪਾਲ ਕੌਰ,ਮੁੱਖ ਖੇਤੀਬਾੜੀ ਅਫਸਰ, ਤਰਨ ਤਾਰਨ ਡਾ ਤੇਜਬੀਰ ਸਿੰਘ, ਬਲਾਕ ਖੇਤੀਬਾੜੀ ਅਫਸਰ , ਪੱਟੀ ਡਾ ਭੁਪਿੰਦਰ ਸਿੰਘ, ਚੇਅਰਮੈਨ ਦਿਲਬਾਗ ਸਿੰਘ ਪੀਏ,ਰਣਜੀਤ ਸਿੰਘ ਸਰਪੰਚ ਕੋਟ ਬੁੱਢਾ ਰਜਿੰਦਰ ਕੁਮਾਰ ਏਈਓ, ਮਨਮੋਹਨ ਸਿੰਘ ਏਈਓ, ਗੁਰਪ੍ਰੀਤ ਸਿੰਘ ਬੀਟੀਐਮ, ਵਿਕਰਮ ਸੂਦ, ਸੁਨੀਲ ਕੁਮਾਰ,ਡਾ ਹਰਗਿਆਨ ਸਿੰਘ, ਜਗਰੂਪ ਸਿੰਘ ਬਲਾਕ ਪ੍ਰਧਾਨ, ਰਾਜੂ ਸਰਪੰਚ , ਸੁਖਜਿੰਦਰ ਸਿੰਘ ਸਰਪੰਚ ਸੀਤੋਂ ਮਹਿ ਝੁੱਗੀਆਂ, ਭੋਲਾ ਪ੍ਰਧਾਨ, ਅਵਤਾਰ ਸਿੰਘ ਮੈਂਬਰ, ਲਵਪ੍ਰੀਤ ਸਿੰਘ ਮੈਂਬਰ, ਸੁਰਜੀਤ ਸਿੰਘ ਦੋਧੀ , ਬਾਬਾ ਬਲਵਿੰਦਰ ਸਿੰਘ ਅਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਕਰਮਚਾਰੀ ਹਾਜ਼ਰ ਹੋਏ। ਇਸ ਮੌਕੇ ਇਲਾਕੇ ਦੇ ਵੱਡੀ ਗਿਣਤੀ ਲੋਕਾਂ ਨੇ ਹਾਜ਼ਰ ਹੋ ਕੇ ਸਰਕਾਰ ਦਾ ਧੰਨਵਾਦ ਕੀਤਾ।

# ਵਿਧਾਇਕ ਸ਼ੈਰੀ ਕਲਸੀ ਵਲੋਂ ਸਮੂਹ ਸੰਗਤਾਂ ਨੂੰ ਨਗਰ ਕੀਰਤਨ ਵਿੱਚ ਨਤਮਸਤਕ ਹੋਣ ਦੀ ਕੀਤੀ ਅਪੀਲ

**ਬਟਾਲਾ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਸਬੰਧੀ ਅੱਜ 20 ਨਵੰਬਰ ਨੂੰ ਨਗਰ ਕੀਰਤਨ ਦਾ ਬਟਾਲਾ ਵਿਖੇ ਪਹੁੰਚਣ 'ਤੇ ਭਰਵਾਂ ਸਵਾਗਤ ਕੀਤਾ ਜਾਵੇਗਾ, ਜਿਸ ਸਬੰਧੀ ਤਿਆਰੀਆਂ ਮੁਕੰਮਲ ਕੀਤੀਆਂ ਗਈਆਂ ਹਨ। ਇਹ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਸ਼ੈਰੀ ਕਲਸੀ ਨੇ ਕੀਤਾ। ਇਸ ਮੌਕੇ ਚੇਅਰਮੈਨ ਯਸ਼ਪਾਲ ਚੌਹਾਨ, ਚੇਅਰਮੈਨ ਮਾਨਿਕ ਮਹਿਤਾ ਅਤੇ ਸੀਨੀਅਰ ਆਗੂ ਬਲਬੀਰ ਸਿੰਘ ਬਿੱਟੂ ਵੀ ਮੌਜੂਦ ਸਨ।

ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਅੱਜ 20 ਨਵੰਬਰ ਨੂੰ ਸਵੇਰੇ 8 ਵਜੇ ਗੁਰਦਾਸਪੁਰ ਤੋਂ ਨਗਰ ਸਜਾਇਆ ਜਾਵੇਗਾ, ਜੋ ਬਟਾਲਾ, ਸ਼ਹੀਦ ਭਗਤ ਸਿੰਘ ਚੌਂਕ, ਨੇੜੇ ਉਸਮਾਨਪੁਰ ਸਿਟੀ ਵਿਖੇ ਕਰੀਬ ਸਵੇਰੇ 11 ਵਜੇ ਪਹੁੰਚੇਗਾ।

ਉਨ੍ਹਾਂ ਦੱਸਿਆ ਕਿ ਨਗਰ ਕੀਰਤਨ ਦਾ ਸ਼ਹੀਦ ਭਗਤ ਸਿੰਘ ਚੌਂਕ, ਨੇੜੇ ਉਸਮਾਨਪੁਰ ਸਿਟੀ ਬਟਾਲਾ ਵਿਖੇ ਸੰਗਤਾਂ ਦੇ ਨਾਲ ਭਰਵਾਂ ਸਹਿਯੋਗ ਕੀਤਾ ਜਾਵੇਗਾ। ਸੰਗਤਾਂ ਲਈ ਗੁਰੂ ਦਾ ਲੰਗਰ ਲਗਾਇਆ ਜਾਵੇਗਾ।

ਉਨ੍ਹਾਂ ਸਮੂਹ ਸੰਗਤਾਂ ਨੂੰ ਨਗਰ ਕੀਰਤਨ ਵਿੱਚ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਅਕਾਲ ਪੁਰਖ ਦੀ ਬਖਸ਼ਿਸ਼ ਨਾਲ ਪੰਜਾਬ ਸਰਕਾਰ, ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਉਹਨਾਂ ਦੇ ਪਿਆਰੇ ਸ਼ਹੀਦ ਗੁਰਸਿੱਖਾਂ ਨੂੰ ਯਾਦ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਸੂਬੇ ਭਰ ਵਿੱਚ ਇਸ ਨਵੰਬਰ ਮਹੀਨੇ ਵਿੱਚ ਲਗਾਤਾਰ ਸਮਾਗਮ ਕਰਵਾਏ ਜਾ ਰਹੇ ਹਨ, ਜਿਸ ਵਿੱਚ ਸੰਗਤਾਂ ਵਲੋਂ ਵੱਡੀ ਤਦਾਦ ਵਿੱਚ ਸ਼ਿਰਕਤ ਕੀਤੀ ਜਾ ਰਹੀ ਹੈ।ਉਨ੍ਹਾਂ ਅੱਗੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਵਸਾਈ ਪਵਿੱਤਰ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬ ਸਰਕਾਰ ਵੱਲੋਂ 23 ਤੋਂ 25 ਨਵੰਬਰ ਤੱਕ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਸਮਾਗਮ ਕਰਵਾਏ ਜਾਣਗੇ।ਉਨ੍ਹਾਂ ਦੱਸਿਆ ਕਿ ਸਮਾਗਮਾਂ ਦੀ ਸ਼ੁਰੂਆਤ 23 ਨਵੰਬਰ ਨੂੰ ਅਖੰਡ ਪਾਠ ਸਾਹਿਬ ਦੇ ਨਾਲ ਹੋਵੇਗੀ, ਜਿਸ ਉਪਰੰਤ ਸਰਬ ਧਰਮ ਸੰਮੇਲਨ, ਵਿਰਾਸਤ-ਏ-ਖਾਲਸਾ ਵਿਖੇ ਇੱਕ ਪ੍ਰਦਰਸ਼ਨੀ, ਸ਼ਾਮ 5 ਵਜੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਅਤੇ ਕੁਰਬਾਨੀ ਨੂੰ ਦਰਸਾਉਂਦਾ ਆਪਣੀ ਕਿਸਮ ਦਾ ਪਹਿਲਾ ਡਰੋਨ ਸ਼ੋਅ ਅਤੇ ਸ਼ਾਮ 6 ਵਜੇ ਕੀਰਤਨ ਦਰਬਾਰ ਹੋਵੇਗਾ।

ਉਨ੍ਹਾਂ ਦੱਸਿਆ ਕਿ 24 ਨਵੰਬਰ ਨੂੰ ਨਗਰ ਕੀਰਤਨ 'ਸੀਸ ਭੇਟ' ਸ੍ਰੀ ਕੀਰਤਪੁਰ ਸਾਹਿਬ ਤੋਂ ਆਰੰਭ ਹੋ ਕੇ ਸ੍ਰੀ ਅਨੰਦਪੁਰ ਸਾਹਿਬ ਆਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਵਿਧਾਨ ਸਭਾ ਵੱਲੋਂ ਇਤਿਹਾਸ ਵਿੱਚ ਪਹਿਲੀ ਵਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਈ ਜੈਤਾ ਜੀ ਦੀ ਯਾਦਗਾਰ ਵਿਖੇ ਵਿਸ਼ੇਸ਼ ਇਜਲਾਸ ਕਰਵਾਇਆ ਜਾਵੇਗਾ ਅਤੇ 25 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਪ੍ਰਸਿੱਧ ਕੀਰਤਨੀ ਜਥਿਆਂ ਵੱਲੋਂ 9ਵੇਂ ਪਾਤਸ਼ਾਹ ਦੀ ਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਜਾਵੇਗਾ ।

# ਪਹਿਲੀ ਅਤੇ ਦੂਜੀ ਜਮਾਤ ਨੂੰ ਪੜਾਉਣ ਵਾਲੇ ਪ੍ਰਾਈਮਰੀ ਅਧਿਆਪਕਾਂ ਦੀ ਤਿੰਨ ਰੋਜ਼ਾ ਟ੍ਰੇਨਿੰਗ ਹੋਈ ਸਮਾਪਤ

**ਸ੍ਰੀ ਆਨੰਦਪੁਰ ਸਾਹਿਬ,23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਸ਼੍ਰੀ ਅੰਨਦਪੁਰ ਸਾਹਿਬ ਵਿਖੇ ਪਹਿਲੀ ਅਤੇ ਦੂਜੀ ਜਮਾਤ ਨੂੰ ਪੜਾਉਣ ਵਾਲੇ ਪ੍ਰਾਈਮਰੀ ਅਧਿਆਪਕਾਂ ਤੇ ਪਹਿਲੇ ਬੈਚ ਦੀ ਤਿੰਨ ਰੋਜ਼ਾ ਟ੍ਰੇਨਿੰਗ ਅੱਜ ਸਮਾਪਤ ਹੋ ਗਈ ਹੈ.ਇਸ ਟਰੇਨਿੰਗ ਵਿੱਚ ਬਲਾਕ ਸ੍ਰੀ ਅਨੰਦਪੁਰ ਸਾਹਿਬ ਦੇ ਪਹਿਲੀ ਅਤੇ ਦੂਜੀ ਜਮਾਤ ਨੂੰ ਪੜਾਉਣ ਵਾਲੇ ਲਗਭਗ 43 ਅਧਿਆਪਕਾਂ ਨੇ ਭਾਗ ਲਿਆ.



ਇਸ ਮੌਕੇ ਵਿਸ਼ੇਸ ਤੌਰ ਤੇ ਪੁੱਜੇ ਜਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ ਸ਼ਮਸੇਰ ਸਿੰਘ ਨੇ ਸੈਮੀਨਾਰ ਵਿੱਚ ਹਾਜ਼ਰ ਅਧਿਆਪਕਾਂ ਨਾਲ ਸਕੂਲਾਂ ਦੇ ਵਿੱਚ ਪੜ੍ਹਾਈ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਜਿੱਥੇ ਵਿਚਾਰ ਸਾਂਝੇ ਕੀਤੇ ਉੱਥੇ ਉਹਨਾਂ ਨੇ ਪ੍ਰੀ ਪ੍ਰਾਇਮਰੀ ਜਮਾਤਾਂ ਦੇ ਵਿੱਚ ਦਾਖਲਾ ਵਧਾਉਣ ਦੇ ਲਈ ਵੀ ਕਿਹਾ,ਇਸ ਸੈਮੀਨਾਰ ਵਿੱਚ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਮਨਜੀਤ ਸਿੰਘ ਮਾਵੀ ਅਤੇ ਜਿਲ੍ਹਾ ਕੋਆਡੀਨੇਟਰ ਲਖਵਿੰਦਰ ਸਿੰਘ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ,

ਇਸ ਸੈਮੀਨਾਰ ਦੇ ਵਿੱਚ ਅਧਿਆਪਕਾਂ ਨੂੰ ਚਾਰ ਬਲੋਕ ਅਪਰੋਚ ,ਐਫਐਲਐਨ ਦੇ ਟੀਚੇ ਅਤੇ ਪਹਿਲੀ ਦੂਜੀ ਜਮਾਤ ਨੂੰ ਵੱਖ ਵੱਖ ਗਤੀਵਿਧੀਆਂ ਰਾਹੀਂ ਪੜ੍ਹਾਈ ਕਰਵਾਉਣ ਦੇ ਤਰੀਕਿਆਂ ਦੀ ਟ੍ਰੇਨਿੰਗ ਦਿੱਤੀ ਗਈ, ਉਥੇ ਹੀ ਹੋਲੈਸਟਿਕ ਪ੍ਰੋਗਰੈਸ ਰਿਪੋਰਟ ਕਾਰਡ ਵੱਖ ਵੱਖ ਡੈਮੋ ਵੀਡੀਓਜ ਅਤੇ ਤਸਵੀਰਾਂ ਰਾਹੀਂ ਅਧਿਆਪਕਾਂ ਨੂੰ ਬੱਚਿਆਂ ਦੀ ਬਹੁ ਪੱਖੀ ਵਿਕਾਸ ਲਈ ਟ੍ਰੇਨਿੰਗ ਦਿੱਤੀ ਗਈ,

ਇਸ ਦੌਰਾਨ ਰਿਸੋਰਸ ਪਰਸਨ ਇੰਦਰਦੀਪ ਸਿੰਘ ,ਰਾਜ ਕੁਮਾਰ ਅਤੇ ਸੀਮਾ ਰਾਣੀ ਵੱਲੋਂ ਅਧਿਆਪਕਾਂ ਨੂੰ ਨਿਪੁੰਨ ਭਾਰਤ ਤਹਿਤ ਐਫਐਲਐਨ ਟੀਚਿਆਂ ਸਬੰਧੀ ਟ੍ਰੇਨਿੰਗ ਦਿੱਤੀ ਗਈ,ਅਧਿਆਪਕਾਂ ਨੇ ਵੀ ਇਸ ਸੈਮੀਨਾਰ ਵਿੱਚ ਵੱਖ ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ ਅਤੇ ਆਪਣੇ ਪ੍ਰਾਇਮਰੀ ਬੱਚਿਆਂ ਨੂੰ ਪੜ੍ਹਾਉਣ ਦੇ ਤਜਰਬੇ ਸਾਂਝੇ ਕੀਤੇ,

# ਬੱਚਿਆਂ ਦੇ ਬਾਲ-ਮਨ 'ਤੇ ਸੋਸ਼ਲ ਮੀਡੀਆ ਦਾ ਪ੍ਰਭਾਵ ਕਾਫ਼ੀ ਡੂੰਘਾ ਹੁੰਦਾ ਹੈ—ਚੰਗਾ ਵੀ ਤੇ ਮਾੜਾ ਵੀ

ਹੇਠਾਂ ਸੌਖੇ ਤੇ ਸੰਖੇਪ ਰੂਪ ਵਿੱਚ ਸਮਝੋ:

ਸਕਾਰਾਤਮਕ ਪ੍ਰਭਾਵ

1. ਨਵਿਆਂ ਗਿਆਨਾਂ ਨਾਲ ਜਾਣ-ਪਛਾਣ
ਸੋਸ਼ਲ ਮੀਡੀਆ ਰਾਹੀਂ ਬੱਚਿਆਂ ਨੂੰ ਨਵੀਆਂ ਜਾਣਕਾਰੀ, ਸਿੱਖਿਆ ਵਾਲੇ ਵੀਡੀਓ, ਸਟੋਰੀਆਂ, ਪ੍ਰੇਰਕ ਕੌਂਟੈਂਟ ਮਿਲਦਾ ਹੈ।

2. Creativity ਵਧਦੀ ਹੈ
Drawing, singing, craft, science experiment ç¶ videos ਦੇਖ ਕੇ ਬੱਚੇ ਨਵੀਆਂ ਚੀਜ਼ਾਂ try ਕਰਦੇ ਹਨ।

3. Communication Skills ਵਿੱਚ ਸੁਧਾਰ
ਕੁਝ ਬੱਚੇ shy ਹੁੰਦੇ ਹਨ। Online platforms ਉਨ੍ਹਾਂ ਨੂੰ ਆਪਣੇ ਵਿਚਾਰ ਰੱਖਣ ਦਾ confidence ਦਿੰਦੇ ਹਨ।

ਨਕਾਰਾਤਮਕ ਪ੍ਰਭਾਵ (ਸਭ ਤੋਂ ਜ਼ਿਆਦਾ ਧਿਆਨ ਯੋਗ)

1. Attention Span ਘੱਟ ਹੋਣਾ
Reels/Short videos ਬੱਚਿਆਂ ਦਾ ਧਿਆਨ ਟੁੱਟਾ-ਟੁੱਟਾ ਕਰ ਦਿੰਦੇ ਹਨ। ਪੜ੍ਹਾਈ ਵਿੱਚ ✴oncentration ਕੱਟ ਜਾਂਦੀ ਹੈ।

2. Comparison ਅਤੇ Low Self-Esteem
ਦੂਜਿਆਂ ਦੀ ਜ਼ਿੰਦਗੀ ਦੇਖ ਕੇ ਬੱਚੇ ਆਪਣੇ ਆਪ ਨੂੰ ਘੱਟ ਸਮਝਣ ਲੱਗ ਪੈਂਦੇ ਹਨ।



ਪ੍ਰਗਟ ਸਿੰਘ ਟੋਡਰਵਾਲ

3. Addiction / Time Wastage
ਬੱਚੇ ਖੇਡਾਂ ਦੀ ਬਜਾਏ ਘੰਟਿਆਂ ਫ਼ੋਨ ਤੇ ਲਗੇ ਰਹਿੰਦੇ ਹਨ, ਜੋ ਕਿ mental development ਲਈ ਹਾਨੀਕਾਰਕ ਹੈ।

4. Bad Content çÅ Exposure
Violence, abuse, adult content ਜਾਂ aggressive language—ਇਹ ਚੀਜ਼ਾਂ ਬੱਚਿਆਂ ਦੇ ਮਨ 'ਤੇ ਮਾੜਾ ਪ੍ਰਭਾਵ ਛੱਡ ਸਕਦੀਆਂ ਹਨ।

5. Cyberbullying Online ਤੰਗ ਕਰਨ, ਮਜ਼ਾਕ ਉਡਾਉਣ ਜਾਂ ਗਲਤ ਦੋਸਤੀ ਵਿੱਚ ਫਸਣ ਦਾ ਖਤਰਾ ਰਹਿੰਦਾ ਹੈ।

ਮਾਪੇ ਕੀ ਕਰ ਸਕਦੇ ਹਨ? (ਬਹੁਤ ਜ਼ਰੂਰੀ)

? Screen Time Limit
ਰੋਜ਼ਾਨਾ 1 ਤੋਂ 1.5 ਘੰਟੇ ਤੋਂ ਵਧ ਨਹੀਂ।

? Child Safe Apps ਜਾਂ Parental Control
YouTube Kids, Family Link ਵਰਗੇ filters ਦਾ ਪ੍ਰਯੋਗ ਕਰੋ।

? Real-Life Activities ਵਧਾਓ
Sports, hobbies, reading — ਇਸ ਨਾਲ ਬੱਚਾ phone ਤੋਂ ਦੂਰ ਰਹਿੰਦਾ ਹੈ।

? Open Communication
ਬੱਚੇ ਨਾਲ ਦੋਸਤੀ ਵਾਲਾ ਰਿਸ਼ਤਾ ਬਣਾਓ ਤਾਂ ਜੋ ਉਹ online ਕੋਈ problem ਹੋਣ 'ਤੇ ਤੁਹਾਨੂੰ ਦੱਸ ਸਕੇ।

? ਆਪਣੇ ਆਪ Mobile Usage ਦਾ Example ਦਿਓ
Parents ਆਪਣਾ phone usage ਘਟਾਉਣ ਤਾਂ ਕਿ ਬੱਚਾ ਵੀ ਸਿੱਖੇ।

# ਡੇਅਰੀ ਦੇ ਧੰਦੇ ਨੂੰ ਸਹਾਰਾ ਦੇਣ ਦੀ ਲੋੜ



ਗੁਰਨਾਮ ਸਿੰਘ ਚੌਹਾਨ

ਕਿਸਾਨਾਂ ਨੂੰ ਆਤਮ ਨਿਰਭਰ ਬਣਾਉਣ ਲਈ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਕਰਨ ਦੇ ਮਕਸਦ ਨਾਲ ਪੰਜਾਬ ਸਰਕਾਰ ਨੇ ਡੇਅਰੀ ਧੰਦੇ ਨੂੰ ਬੇਹੱਦ ਪ੍ਰਚਾਰਿਆ ਸੀ। ਪਰ ਸਮੇਂ-ਸਮੇਂ ਠੀਕ ਅਗਵਾਈ ਨਾ ਦੇਣ ਅਤੇ ਦੁੱਧ ਦੇ ਭਾਅ ਵਿੱਚ ਆਈ ਗਿਰਾਵਟ ਨੇ ਡੇਅਰੀ ਫਾਰਮ ਮਾਲਕਾਂ ਨੂੰ ਵੱਡੇ ਆਰਥਿਕ ਘਾਟੇ ਵੱਲ ਧੱਕ ਦਿੱਤਾ ਹੈ। ਖ਼ੁਸ਼ਹਾਲ ਜੀਵਨ ਜਿਊਣ ਦੀ ਆਸ ਵਿੱਚ ਖੋਲ੍ਹੇ ਗਏ ਡੇਅਰੀ ਫਾਰਮ ਫੇਲ੍ਹ ਹੋ ਰਹੇ ਹਨ। ਗਾਵਾਂ ਲਈ ਬਣਾਏ ਸ਼ੈੱਡ ਖਾਲੀ ਪਏ ਹੋਣ ਕਰਕੇ ਕਬਾੜ ਬਣਦੇ ਜਾ ਰਹੇ ਹਨ। ਪੰਜਾਬ ਸਰਕਾਰ ਨੇ ਰਾਜ ਵਿੱਚ ਜ਼ਮੀਨਦੋਜ਼ ਪਾਣੀ ਦੀ ਬੱਚਤ ਨੂੰ ਮੁੱਖ ਰੱਖਦਿਆਂ ਫ਼ਸਲੀ ਵਿਭਿੰਨਤਾ ਸੁਝੇ ਵਿੱਚ ਸਹਾਇਕ ਧੰਦਿਆਂ ਸਬੰਧੀ ਕਿਸਾਨਾਂ ਨੂੰ ਰੁਚਿਤ ਕਰਨ ਵੱਲ ਰੁਚੀ ਦਿਖਾਈ ਸੀ। ਤਤਕਾਲੀ ਪਸ਼ੂ ਪਾਲਣ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਦੀ ਅਗਵਾਈ ਹੇਠ ਪਸ਼ੂਆਂ ਦੀ ਨਸਲ ਸੁਧਾਰ ਵੱਲ ਵਿਸ਼ੇਸ਼ ਧਿਆਨ ਦਿੰਦਿਆਂ ਡੇਅਰੀ ਦੇ ਧੰਦੇ ਨੂੰ ਪ੍ਰਫੁੱਲਿਤ ਕਰਨ ਲਈ ਵਿਆਪਕ ਯੋਜਨਾ ਤਿਆਰ ਕੀਤੀ ਗਈ ਸੀ ਜਿਸ ਤਹਿਤ ਬੈਂਕਾਂ ਵੱਲੋਂ ਡੇਅਰੀ ਫਾਰਮ ਖੋਲ੍ਹਣ ਲਈ ਕਿਸਾਨਾਂ ਨੂੰ ਆਸਾਨ ਕਰਜ਼ੇ ਦਿੱਤੇ ਗਏ। ਕਿਸਾਨਾਂ ਨੇ ਡੇਅਰੀ ਫਾਰਮ ਖੋਲ੍ਹ ਕੇ ਦੁੱਧ ਉਤਪਾਦਨ ਵਧਾਇਆ। ਪਰ ਪੰਜਾਬ ਵਿੱਚ ਵੱਧੇ ਦੁੱਧ ਦੇ ਉਤਪਾਦਨ ਅਤੇ ਕੁਝ ਲੋਕਾਂ ਵੱਲੋਂ ਸੰਥੈਟਿਕ ਦੁੱਧ ਵੱਡੀ ਮਾਤਰਾ ਵਿਚ ਮਾਰਕਿਟ ਵਿਚ ਲਿਆਉਣ ਕਾਰਨ ਦੁੱਧ ਦੀਆਂ ਕੀਮਤਾਂ ਵਿੱਚ ਮੰਦਾ ਆ ਗਿਆ ਜਿਸ ਕਾਰਨ ਪਹਿਲਾਂ ਤੋਂ ਕਰਜ਼ੇ ਦੀ ਮਾਰ ਝੱਲ ਰਹੇ ਕਿਸਾਨਾਂ ਦਾ ਆਰਥਿਕ ਘਾਟਾ ਹੋਰ ਵੱਧ ਗਿਆ। ਪੰਜਾਬ ਸਰਕਾਰ ਨੇ ਡੇਅਰੀ ਦਾ ਧੰਦਾ ਸ਼ੁਰੂ ਕਰਨ ਵਾਲਿਆਂ ਨੂੰ ਪਹਿਲਾਂ ਬਕਾਇਦਾ ਸਿਖਲਾਈ ਦੇ ਕੇ ਹੀ ਕਰਜ਼ੇ ਦੀ ਸੁਵਿਧਾ ਦਿੱਤੀ ਸੀ ਪਰ ਉੱਚ ਪਾਏ ਦੀ ਟਰੇਨਿੰਗ ਨਾ ਮਿਲਣ ਕਰਕੇ ਮਹਿੰਗੀਆਂ ਗਾਵਾਂ ਦੀ ਸਾਂਭ ਸੰਭਾਲ ਤੇ ਗਰਮ ਵਾਤਾਵਰਣ ਦੇ ਅਨੁਕੂਲ ਪ੍ਰਬੰਧਾਂ ਦੀ ਘਾਟ ਡੇਅਰੀ ਫਾਰਮਾਂ ਨੂੰ ਫੇਲ੍ਹ ਕਰਨ ਦਾ ਕਾਰਨ ਸਾਬਤ ਹੋਈ ਹੈ। ਡੇਅਰੀ ਫਾਰਮ ਮਾਲਕਾਂ ਨੂੰ ਉੱਚ ਪਾਏ ਦੀ ਸਿਖਲਾਈ ਨਾ ਮਿਲਣਾ, ਸਿੰਥੈਟਿਕ ਦੁੱਧ ਦੀ ਬਾਜ਼ਾਰ ਵਿਚ ਵਿਕਰੀ ਨਾ ਰੁਕਣਾ, ਮਜ਼ਦੂਰਾਂ ਦੀ ਘਾਟ, ਮਹਿੰਗੀ ਮਜ਼ਦੂਰੀ ਤੇ ਤੂੜੀ ਅਤੇ ਦੁੱਧ ਦਾ ਰੇਟ ਘੱਟ ਤੇ ਫੀਡ ਦੇ ਭਾਅ ਬਹੁਤ ਜ਼ਿਆਦਾ ਹੋਣਾ, ਫਾਰਮਾਂ ਦੇ ਫੇਲ੍ਹ ਹੋਣ ਦਾ ਵੀ ਕਾਰਨ ਹਨ। ਪਸ਼ੂ ਪਾਲਣ ਵਿਭਾਗ ਵੱਲੋਂ ਕਰਜ਼ਾ ਲੈ ਕੇ ਡੇਅਰੀ ਫਾਰਮ ਖੋਲ੍ਹਣ ਵਾਲੇ ਕਿਸਾਨਾਂ ਨੂੰ ਕਰਜ਼ਾ ਦੇਣ ਵੇਲੇ ਸਬਸਿਡੀਆਂ ਦਿਵਾਉਣ ਦੇ ਵਾਅਦੇ ਕੀਤੇ ਗਏ ਪਰ ਬਾਅਦ ਵਿੱਚ ਕਿਸਾਨਾਂ ਦੀ ਕੋਈ ਬਾਤ ਨਹੀਂ ਪੁੱਛਦਾ। ਜਾਣਕਾਰੀ ਘੱਟ ਹੋਣ ਕਰਕੇ ਕਿਸਾਨ ਥੱਕ ਹਾਰ ਕੇ ਬੈਠ ਗਏ ਹਨ। ਭਾਵੇਂ ਸੰਥੈਟਿਕ ਦੁੱਧ ਸਿੱਧੇ ਰੂਪ ਵਿੱਚ ਮਾਰਕਿਟ ਵਿੱਚ ਨਹੀਂ ਮਿਲਦਾ ਪਰ ਦੁੱਧ ਦੇ ਪਦਾਰਥ ਬਣਾਉਣ ਲਈ ਅਸਾਨੀ ਨਾਲ ਮਿਲ ਜਾਣਾ ਬਜ਼ਾਰ ਵਿੱਚ ਦੁੱਧ ਦੀਆਂ ਕੀਮਤਾਂ ਨੂੰ ਪ੍ਰਭਾਵਿਤ ਕਰਦਾ ਹੈ। ਬਜ਼ਾਰ ਵਿੱਚੋਂ ਦੁੱਧ ਵੀਹ ਤੋਂ ਤੀਹ ਰੁਪਏ ਲੀਟਰ ਮਿਲਦਾ ਹੈ ਜਦੋਂਕਿ ਗਾਵਾਂ ਲਈ ਵਰਤੋਂ ਵਿੱਚ ਲਿਆਂਦੀ ਜਾਣ ਵਾਲੀ ਚੰਗੀ ਪੌਸ਼ਟਿਕ ਖ਼ੁਰਾਕ ਦੇ ਰੇਟ ਦੁੱਧ ਦੇ ਮੁਕਾਬਲੇ ਕਈ ਗੁਣਾ ਵੱਧ ਹਨ। ਇਸ ਦੇ ਨਾਲ ਹੀ ਬਜ਼ਾਰੂ ਫੀਡ ਵਿੱਚ ਹੋਣ ਵਾਲੀਆਂ ਹੇਰਾਫੇਰੀਆਂ ਤੇ ਪੌਸ਼ਟਿਕਤਾ ਦੀ ਘਾਟ ਫਾਰਮਾਂ ਦੇ ਫੇਲ੍ਹ ਹੋਣ ਦਾ ਸਭ ਤੋਂ ਵੱਡਾ ਕਾਰਨ ਬਣੀ ਹੈ। ਪਸ਼ੂਆਂ ਦੀ ਵਿਕਰੀ ਸਬੰਧੀ ਕੇਂਦਰ ਸਰਕਾਰ ਵੱਲੋਂ ਬਣਾਏ ਨਵੇਂ ਕਾਨੂੰਨ ਵੀ ਡੇਅਰੀ ਫਾਰਮਾਂ ਲਈ ਵੱਡੀ ਸਿਰਦਰਦੀ ਬਣਨਗੇ। ਪੰਜਾਬ ਸਰਕਾਰ ਨੂੰ ਇਸ ਅਹਿਮ ਸਹਾਇਕ ਧੰਦੇ ਨੂੰ ਮੁੜ ਪੈਰਾਂ 'ਤੇ ਲਿਆਉਣ ਲਈ ਡੇਅਰੀ ਫਾਰਮ ਮਾਲਕਾਂ ਦੀਆਂ ਮੁਸ਼ਕਲਾਂ ਵੱਲ ਤੁਰਤ ਧਿਆਨ ਦੇਣਾ ਚਾਹੀਦਾ ਹੈ।

## ਕਿਉਂ ਚੜ੍ਹਾਈ ਜਾਂਦੀ ਹੈ ਫਲਾਂ 'ਤੇ ਮੋਮ ਦੀ ਪਰਤ ?

ਪ੍ਰੋ. ਐਚ. ਐਸ. ਡਿੰਪਲ

ਜਿਸ ਤਰ੍ਹਾਂ ਸਰੀਰ ਦੇ ਕੁਝ ਭਾਗਾਂ ਤੋਂ ਅਣਚਾਹੇ ਵਾਲ ਉਤਾਰਣ ਲਈ ਮੋਮ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨੂੰ ਵੈਕਸਿੰਗ ਵੀ ਆਖਿਆ ਜਾਂਦਾ ਹੈ, ਉਵੇਂ ਹੀ ਫਲਾਂ ਦੀ ਦਿੱਖ ਸੁਧਾਰਨ, ਉਨ੍ਹਾਂ ਨੂੰ ਦੇਰ ਤਕ ਖ਼ਰਾਬ ਹੋਏ ਬਿਨਾਂ ਸੰਭਾਲਣ ਅਤੇ ਉੱਲੀ ਜਾਂ ਕੀਟ ਦੇ ਹਮਲੇ ਤੋਂ ਬਚਾਉਣ ਲਈ, ਫਲਾਂ ਦੀ ਵੀ ਵੈਕਸਿੰਗ ਕੀਤੀ ਜਾਂਦੀ ਹੈ। ਫਲਾਂ ਦੀ ਵੈਕਸਿੰਗ ਕਰਨ ਲਈ ਇਨ੍ਹਾਂ ਤੇ ਮੋਮ ਦੀ ਇਕ ਪਰਤ ਚੜ੍ਹਾਈ ਜਾਂਦੀ ਹੈ। ਅਸਲ ਵਿਚ ਫਲਾਂ (ਕੁਝ ਸਬਜ਼ੀਆਂ ਸਮੇਤ) ਤੇ ਪਹਿਲਾਂ ਹੀ ਕੁਦਰਤੀ ਤੌਰ ਤੇ ਹੀ ਸੁਭਾਵਿਕ ਮੋਮ ਦੀ ਇਕ ਪਰਤ ਚੜ੍ਹੀ ਹੁੰਦੀ ਹੈ। ਫਲਾਂ ਵਿਚ ਸੇਬ ਤੇ ਸਬਜ਼ੀਆਂ ਵਿਚ ਬੈਂਗਣ 'ਤੇ ਇਹ ਪਰਤ ਅਕਸਰ ਦੇਖੀ ਜਾ ਸਕਦੀ ਹੈ। ਇਹ ਪਰਤ ਬਹੁਤ ਹੀ ਪਤਲੀ ਅਤੇ ਮਾਮੂਲੀ ਹੁੰਦੀ ਹੈ ਤੇ ਬਨਾਵਟੀ ਵੈਕਸਿੰਗ ਕਰਨ ਲਈ ਪਹਿਲਾਂ ਇਸ ਕੁਦਰਤੀ ਮੋਮ ਨੂੰ ਗਰਮ ਪਾਣੀ ਦੁਆਰਾ ਉਤਾਰਿਆ ਜਾਂਦਾ ਹੈ ਤੇ ਫਿਰ ਕੁਦਰਤੀ ਮੋਮ ਜਾਂ ਪੈਟਰੋਲੀਅਮ-ਆਧਾਰਤ ਪਦਾਰਥ ਰਾਹੀਂ ਮੁੜ ਮੋਮ ਦੀ ਪਰਤ ਚੜ੍ਹਾਈ ਜਾਂਦੀ ਹੈ। ਫਲਾਂ ਜਾਂ ਸਬਜ਼ੀਆਂ ਦੀ ਵੈਕਸਿੰਗ ਕਰਨ ਦੇ ਕਈ ਕਾਰਨ ਹਨ, ਜਿਨ੍ਹਾਂ ਵਿੱਚੋਂ ਮੁੱਖ ਇਨ੍ਹਾਂ ਦੀ ਦਿੱਖ ਸੁਧਾਰਣਾ ਤੇ ਇਨ੍ਹਾਂ ਵਿਚਲੇ ਪਾਣੀ ਨੂੰ ਸੁੱਕਣ ਤੋਂ ਰੋਕਣਾ, ਜਿਸ ਨਾਲ ਇਨ੍ਹਾਂ ਦਾ ਭਾਰ ਵੀ ਕਾਇਮ ਰਹਿੰਦਾ ਹੈ ਅਤੇ ਇਹ ਰਸਦਾਰ ਵੀ ਰਹਿੰਦੇ ਹਨ। ਸਮੇਂ ਨਾਲ ਖ਼ਰਾਬ ਵੀ ਨਹੀਂ ਹੁੰਦੇ। ਸੰਤਰਾ-ਨਿੰਬੂ ਜਾਤੀ ਦੇ ਫਲਾਂ 'ਤੇ ਅਕਸਰ ਮੋਮ ਚੜ੍ਹਾਈ ਜਾਂਦੀ ਹੈ ਪਰ ਇਸ ਜਾਤੀ ਦੇ ਨਿੰਬੂ ਤੋਂ ਇਲਾਵਾ ਬਾਕੀ ਫਲਾਂ ਦਾ ਛਿਲਕਾ ਅਕਸਰ ਉਤਾਰ ਕੇ ਹੀ ਬਾਕੀ ਪਦਾਰਥ ਨੂੰ ਖਾਣ ਲਈ ਵਰਤਿਆ ਜਾਂਦਾ ਹੈ। ਇਸ ਬਾਰੇ ਜ਼ਿਆਦਾ ਤਵੱਜ਼ੋ ਨਹੀਂ ਦਿੱਤੀ ਜਾਂਦੀ।

ਇਸ ਤੋਂ ਇਲਾਵਾ ਸੇਬਾਂ 'ਤੇ ਵੀ ਮੋਮ ਦੀ ਪਰਤ ਚੜ੍ਹਾਈ ਜਾਂਦੀ ਹੈ। ਇਸ ਨਾਲ ਫਲ ਸੁੰਗੜਦੇ ਨਹੀਂ ਤੇ ਨਾ ਹੀ ਖ਼ਰਾਬ ਹੁੰਦੇ ਹਨ ਤੇ ਗਲਦੇ ਵੀ ਨਹੀਂ। ਫਲਾਂ ਦੀ ਦਿੱਖ ਵੀ ਸੁਧਰ ਜਾਂਦੀ ਹੈ। ਇਨ੍ਹਾਂ ਦੀ ਦਿੱਖ ਨੂੰ ਹੋਰ ਖ਼ੂਬਸੂਰਤ ਬਣਾਉਣ ਲਈ ਮੋਮ ਵਿਚ ਰੰਗ ਵੀ ਪਾਏ ਜਾਂਦੇ ਹਨ ਅਤੇ ਉਲੀਨਾਸ਼ਕ ਪਾ ਕੇ ਇਨ੍ਹਾਂ ਦੀ ਉਮਰ ਵਿਚ ਵੀ ਵਾਧਾ ਕੀਤਾ ਜਾਂਦਾ ਹੈ। ਖਮੀਰੀਕਰਨ ਲਈ ਮੋਮ ਦੀ ਵਰਤੋਂ ਦਾ ਰਿਵਾਜ ਬਾਰ੍ਹਵੀਂ-ਤੇਰ੍ਹਵੀਂ ਸਦੀ ਤੋਂ ਕੀਤਾ ਜਾ ਰਿਹਾ ਹੈ। ਵਪਾਰੀਕਰਨ ਲਈ ਉਤਪਾਦਕਾਂ ਵਜੋਂ ਇਸ ਦੀ ਵਰਤੋਂ 1927 ਵਿਚ ਆਰੰਭ ਕੀਤੀ ਗਈ। ਕਸਾਵਾ, ਖੀਰਾ ਅਤੇ ਟਮਾਟਰਾਂ ਨੂੰ ਵੀ ਅਕਸਰ ਵੈਕਸ ਕਰਨ ਦਾ ਰਿਵਾਜ ਹੈ। ਮੋਮ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ। ਸਟੋਰੇਜ਼ ਵੈਕਸ (ਫਲ ਦੀ ਲੰਮੀ ਉਮਰ ਲਈ), ਪੈਕ-ਆਊਟ ਵੈਕਸ (ਇਕਦਮ ਵੇਚਣ ਲਈ) ਅਤੇ ਹਾਈਸ਼ਾਈਨ ਵੈਕਸ (ਆਕਰਸ਼ਣ ਵਧਾਉਣ ਲਈ)। ਗੰਨਾ, ਕਰਨੌਬਾ, ਸ਼ੈਲੇਕ ਜਾਂ ਰੇਜ਼ਿਨ ਤੋਂ ਤਿਆਰ ਮੋਮ ਨੂੰ ਜੈਵਿਕ ਮੋਮ ਤੇ ਰਸਾਇਣਕ ਸਿਧਾਂਤ ਰਾਹੀਂ ਤਿਆਰ ਮੋਮ ਨੂੰ ਪੈਟਰੋਲੀਅਮ ਆਧਾਰਤ ਆਖਿਆ ਜਾਂਦਾ ਹੈ। ਇਸ ਲਈ ਕਈ ਵਾਰ ਤਾਂ ਮੋਮ ਦੇ ਘੋਲ ਵਿਚ ਫਲਾਂ ਨੂੰ ਡੁਬੋਇਆ ਜਾਂਦਾ ਹੈ ਤੇ ਕਈ ਵਾਰ ਮੋਮ ਨੂੰ ਕੂਚੇ ਰਾਹੀਂ ਜਾਂ ਕੱਪੜੇ ਤੇ ਲਗਾ ਕੇ ਫਲ 'ਤੇ ਲਗਾਇਆ ਜਾਂਦਾ ਹੈ। ਤਾਲ-ਪਰਲੌਂਗ, ਸੈਂਪਰ ਫਰੈਸ਼, ਫਰੂਟੋਕਸ, ਕਲੀਨ, ਨਿਪਰੋ ਫਰੈਸ਼ ਅਤੇ ਡੈਕੋ ਲਸਟਰ ਆਦਿ ਬਨਾਵਟੀ ਮੋਮ ਦੇ ਪ੍ਰਸਿਧ ਬ੍ਰਾਂਡ ਹਨ।



# ਲਾਹੇਵੰਦਾ ਸਹਾਇਕ ਧੰਦਾ: ਖੁੰਬਾਂ ਦੀ ਕਾਸ਼ਤ

• ਇੰਜੀ. ਮਨਵਿੰਦਰ ਸਿੰਘ ਗਿਆਸਪੁਰਾ

ਖੁੰਬ ਜੋ ਕਿ ਉੱਲੀ ਤੋਂ ਉਤਪੰਨ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ ਇਸ ਨੂੰ ਖਾਣ ਵਾਲੀ ਉੱਲੀ ਵੀ ਕਹਿ ਸਕਦੇ ਹਾਂ। ਕੁੱਝ ਖੁੰਬਾ ਜ਼ਹਿਰੀਲੀਆਂ ਵੀ ਹੁੰਦੀਆਂ ਹਨ।ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਪੰਜ ਤਰ੍ਹਾਂ ਦੀਆਂ ਕਿਸਮਾਂ ਤਿਆਰ ਕੀਤੀਆਂ ਹਨ ਕਾਸ਼ਤਕਾਰ ਸਾਰਾ ਸਾਲ ਹੀ ਇਨ੍ਹਾਂ ਨੂੰ ਉਗਾ ਸਕਦੇ ਹਨ।ਇਨ੍ਹਾਂ ਵਿੱਚੋਂ ਬਟਨ, ਢੀਂਗਰੀ ਅਤੇ ਸਿਟਾਕੀ ਸਰਦੀਆਂ ਵਿੱਚ ਉਗਾਈਆਂ ਜਾ ਸਕਦੀਆਂ ਹਨ ਅਤੇ ਗਰਮੀਆਂ ਵਿੱਚ ਮਿਲਕੀ ਅਤੇ ਪਰਾਲ਼ੀ ਖੁੰਬਾਂ ਉਗਾਈਆਂ ਜਾ ਸਕਦੀਆਂ ਹਨ।ਖੁੰਬਾਂ ਦੀਆਂ ਕਿਸਮਾਂ ਤੇ ਉਨ੍ਹਾਂ ਨੂੰ ਉਗਾਉਣ ਦੇ ਢੰਗ ਇਸ ਤਰ੍ਹਾਂ ਹਨ:

ਬਟਨ ਖੁੰਬ: ਬਟਨ ਖੁੰਬ ਨੂੰ ਉਗਾਉਣ ਲਈ ਸਭ ਤੋਂ ਪਹਿਲਾਂ ਕੰਪੋਸਟ ਤਿਆਰ ਕਰਨੀ ਪੈਂਦੀ ਹੈ।ਇਸ ਦੀ ਕੰਪੋਸਟ 28 ਤੋਂ 30 ਦਿਨਾਂ ਵਿੱਚ ਤਿਆਰ ਕੀਤੀ ਜਾ ਸਕਦੀ ਹੈ। ਮੌਸਮ ਦੇ ਮਿਜਾਜ ਨੂੰ ਦੇਖਦੇ ਹੋਏ ਇਸ ਨੂੰ ਬੀਜਣ ਦੀ ਤਿਆਰੀ ਕਰਨੀ ਚਾਹੀਦੀ ਹੈ।ਕੰਪੋਸਟ ਬਣਨ ਤੋਂ ਬਾਅਦ ਜਦੋਂ ਬੀਜਣੀ ਹੋਵੇ ਤਾਂ ਉਸ ਸਮੇਂ ਮੌਸਮ ਗਰਮ ਨਹੀਂ ਹੋਣਾ ਚਾਹੀਦਾ। ਇਸ ਵਾਸਤੇ 18 ਤੋਂ 25 ਡਿਗਰੀ ਤਾਪਮਾਨ ਵਧੀਆ ਮੰਨਿਆ ਜਾਂਦਾ ਹੈ।ਕੰਪੋਸਟ ਤਿਆਰ ਕਰਨ ਲਈ ਸਭ ਤੋਂ ਪਹਿਲਾਂ 3 ਕੁਇੰਟਲ ਤੂੜੀ (ਜਾਂ 4 ਹਿੱਸੇ ਤੂੜੀ 1 ਹਿੱਸਾ ਪਰਾਲ਼ੀ) ਨੂੰ ਪੱਕੇ ਫਰਸ਼ 'ਤੇ ਗਿੱਲਾ ਕਰੋ। ਉੱਪਰ ਸ਼ੈੱਡ ਹੋਣਾ ਜ਼ਰੂਰੀ ਹੈ। ਇਸ ਤੂੜੀ ਨੂੰ 24 ਤੋਂ 48 ਘੰਟੇ ਤੱਕ ਪੂਰਾ ਗਿੱਲਾ ਰੱਖੋ। ਇਸ ਵਿੱਚ ਨਮੀ ਦੀ ਮਾਤਰਾ 70 ਤੋਂ 75 ਫ਼ੀਸਦੀ ਹੋਣੀ ਚਾਹੀਦੀ ਹੈ। ਨਮੀਂ ਦੀ ਮਾਤਰਾ ਚੈੱਕ ਕਰਨ ਲਈ ਜਦੋਂ ਗਿੱਲੀ ਤੂੜੀ ਨੂੰ ਮੁੱਠੀ ਵਿੱਚ ਲੈ ਕੇ ਘੁੱਟੋਗੇ ਤਾਂ ਪਾਣੀ ਦੀਆਂ ਬੂੰਦਾਂ ਉਗਲੀਆਂ ਦੇ ਜੋੜਾਂ ਵਿੱਚੋਂ ਟਪਕਣਗੀਆਂ। ਇਸ ਤਿਆਰ ਤੂੜੀ ਵਿੱਚ 1 ਕਿਲੋ ਡੀਏਪੀ, 6.5 ਕਿਲੋ ਯੂਰੀਆ, 3 ਕਿਲੋ ਸੁਪਰਫਾਸਫੇਟ, 15 ਕਿਲੋ ਚੋਕਰ (ਛਾਣ ਬੂਰਾ) ਰਲਾ ਕੇ ਚੰਗੀ ਤਰ੍ਹਾਂ ਰਲਾਵੋ। ਇਸ ਸਮੱਗਰੀ ਨੂੰ 4 ਦਿਨ ਤੱਕ ਢੇਰ ਲਗਾ ਕੇ ਰੱਖੋ। ਚੌਥੇ ਦਿਨ 5 ਕਿਲੋ ਗੁੜ ਦਾ ਸੀਰਾ ਚੰਗੀ ਤਰ੍ਹਾਂ ਰਲਾ ਕੇ ਢੇਰ ਲਗਾ ਦੇਵੋ। ਅੱਠਵੇਂ ਦਿਨ ਖਾਲੀ ਰਲਾ ਲਵੋ ਤੇ ਢੇਰ ਲਗਾਉ। 12ਵੇਂ ਦਿਨ 30 ਕਿਲੋ ਜਿਪਸਮ ਪਾਉ, ਮਿਕਸ ਕਰੋ ਤੇ ਢੇਰ ਲਗਾ ਦੇਵੋ। 16ਵੇਂ ਦਿਨ ਕੁੱਝ ਨਹੀਂ ਪਾਉਣਾ ਤੂੜੀ ਨੂੰ ਫਰੋਲ਼ ਕੇ ਦੂਜੀ ਜਗ੍ਹਾ ਢੇਰੀ ਲਗਾਉ। 20ਵੇਂ ਦਿਨ 150 ਮਿਲੀਲੀਟਰ ਫਿਊਰਡਮ ਮਿਲਾਉ। 24ਵੇਂ ਦਿਨ ਤੂੜੀ ਨੂੰ ਚੰਗੀ ਤਰ੍ਹਾਂ ਫਰੋਲ ਕੇ ਦੁਬਾਰਾ ਢੇਰ ਲਗਾਉ ਇਸ ਵਿੱਚ ਹੋਰ ਕੁੱਝ ਨਹੀਂ ਪਾਉਣਾ। 28ਵੇਂ ਦਿਨ 60 ਮਿਲੀਗ੍ਰਾਮ ਗਾਮਾ ਰਲਾ ਲਵੋ ਅਤੇ ਤੁਹਾਡਾ ਸਟੈਗ ਜਾਂ ਤੂੜੀ ਖੁੰਬ ਬੀਜਣ ਵਾਸਤੇ ਤਿਆਰ ਹੈ। ਕੰਪੋਸਟ ਭੂਰੇ ਰੰਗ ਦਾ ਹੋ ਜਾਵੇਗਾ। ਧਿਆਨ ਦੇਣ ਯੋਗ ਗੱਲ ਹੈ ਕਿ ਕੰਪੋਸਟ ਵਿੱਚੋਂ ਅਮੋਨੀਆ ਦਾ ਮੁਸ਼ਕ ਨਾ ਆਉਂਦਾ ਹੋਵੇ। ਇਸ ਢੇਰ ਦੀ ਦਾ ਪੀਐਚ ਮੁੱਲ 7 ਤੋਂ 8 ਹੋਵੇ ਅਤੇ ਨਮੀ 65 ਤੋਂ 75 ਫ਼ੀਸਦੀ ਤੱਕ ਹੋਵੇ।

ਬਿਜਾਈ: ਮੌਸਮ ਨੂੰ ਦੇਖਦੇ ਹੋਏ ਬਿਜਾਈ ਕਰੋ। 20 ਕਿਲੋ ਦੀ ਢੇਰੀ ਵਿੱਚ 250-300 ਗ੍ਰਾਮ ਬੀਜ ਲਵੋ। 10 ਗ੍ਰਾਮ ਬੀਜ ਨੂੰ ਰੱਖ ਕੇ ਬਾਕੀ ਦੇ ਬੀਜ ਨੂੰ 20 ਕਿਲੋ ਕੰਪੋਸਟ ਵਿੱਚ ਰਲਾ ਦੇਵੋ। 5-5 ਕਿਲੋ ਦੇ ਚਾਰ ਲਿਫਾਫੇ ਤੁੰਨ-ਤੁੰਨ ਕੇ ਭਰ ਲਵੋ। ਲਿਫਾਫਿਆਂ ਦੇ ਉੱਪਰ ਬਚਾਏ ਹੋਏ ਬੀਜ ਦੇ ਕੁੱਝ ਦਾਣੇ ਖਿਲਾਰ ਕੇ ਬੰਦ ਕਰ ਦੇਵੋ। ਇਨ੍ਹਾਂ ਲਿਫਾਫਿਆਂ ਨੂੰ ਅਲੱਗ ਕਮਰੇ ਵਿੱਚ ਰੱਖ ਲਵੋ। 15 ਕੁ ਦਿਨਾਂ ਵਿੱਚ ਚਿੱਟਾ ਰੇਸ਼ਾ ਦਿਖਾਈ ਦੇਵੇਗਾ। ਹੁਣ ਇਨ੍ਹਾਂ ਲਿਫਾਫਿਆਂ ਦੇ ਉਪਰ ਕੇਸਿੰਗ ਤਿਆਰ ਕਰਕੇ ਪਾਉਣੀ ਹੈ। ਕੇਸਿੰਗ ਤਿਆਰ ਕਰਨ ਲਈ 4 ਹਿੱਸੇ ਰੂੜੀ 1 ਹਿੱਸਾ ਖੇਤ ਦੀ ਰੇਤਲੀ ਮਿੱਟੀ ਵਿੱਚ 4 ਫ਼ੀਸਦੀ ਫਾਰਮੈਲਡੀਹਾਈਟ ਪਾ ਕੇ ਰਲਾ ਲੈਣਾ ਹੈ। ਇਸ ਨੂੰ ਕੰਪੋਸਟ ਵਾਲ਼ੇ ਲਿਫਾਫਿਆਂ ਦੇ ਉੱਪਰੋ ਖੋਹਲ ਕੇ ਤਕਰੀਬਨ ਡੇਢ ਇੰਚ ਤੱਕ ਪਾ ਦੇਣਾ ਹੈ। ਹਰ ਰੋਜ਼ ਹੱਥ ਵਾਲੇ ਸਪਰੇਅ ਪੰਪ ਨਾਲ਼ ਪਾਣੀ ਛਿੜਕਾਅ ਕਰਨਾ ਹੈ। 12 ਤੋਂ 15 ਦਿਨਾਂ ਤੱਕ ਖੁੰਬਾ ਨਿਕਲਣੀਆਂ ਸ਼ੁਰੂ ਹੋ ਜਾਣਗੀਆਂ। ਇਨ੍ਹਾਂ ਖੁੰਬਾਂ ਨੂੰ ਬਿਨਾ ਧੋਤੇ ਪੈਕ ਕਰਕੇ ਵੇਚੋ ਜਾਂ ਇਨ੍ਹਾਂ ਦਾ ਅਚਾਰ ਆਦਿ ਬਣਾ ਕੇ ਵੇਚੋ।

ਢੀਂਗਰੀ: ਇਹ ਖੁੰਬ ਵੀ ਸਰਦੀਆਂ ਵਿੱਚ ਹੀ ਉਗਾਈ ਜਾਂਦੀ ਹੈ। ਇਸ ਵਿੱਚ ਖ਼ੁਰਾਕੀ ਤੱਤ ਬਟਨ ਖੁੰਬ ਵਾਲ਼ੇ ਹੀ ਹੁੰਦੇ ਹਨ ਪਰ ਦਿੱਖ ਪੱਖੋ ਇਹ ਬਹੁਤੀ ਸੋਹਣੀ ਨਹੀਂ ਲੱਗਦੀ। ਇਹ ਕਿਸਮ ਉਗਾਉਣੀ ਬਹੁਤ ਆਸਾਨ ਹੈ। ਇਸ ਨੂੰ ਉਗਾਉਣ ਲਈ ਕਿਸੇ ਵੀ ਰਸਾਇਣ ਦੀ ਵਰਤੋਂ ਨਹੀਂ ਹੁੰਦੀ। ਤੂੜੀ ਨੂੰ ਚੰਗੀ ਤਰ੍ਹਾਂ ਗਿੱਲੀ ਕਰੋ। ਜਦੋਂ ਤੂੜੀ ਵਿੱਚ ਨਮੀ ਦੀ ਮਾਤਰਾ 65 ਤੋਂ 75 ਫ਼ੀਸਦੀ ਹੋ ਜਾਵੇ ਤਾਂ ਬੀਜਾਈ ਕਰ ਸਕਦੇ ਹੋ। ਇਸ ਲਈ ਤੂੜੀ ਦੋ ਦਿਨ ਵਿੱਚ ਹੀ ਤਿਆਰ ਹੋ ਜਾਂਦੀ ਹੈ। ਬਿਜਾਈ ਲਈ 5-5 ਕਿਲੋ ਦੀਆਂ ਢੇਰੀਆਂ ਲਗਾਉ। 5 ਕਿਲੋ ਦੀ ਢੇਰੀ ਵਿੱਚ 250 ਗ੍ਰਾਮ ਬੀਜ ਰਲਾਉ। ਯਾਦ ਰੱਖੋ 10 ਗ੍ਰਾਮ ਬੀਜ ਵੱਖ ਰੱਖ ਲਵੋ। ਢਾਈ ਕਿਲੋ ਦੇ ਲਿਫਾਫੇ ਵਿੱਚ ਬੀਜ ਰਲੀ ਤੂੜੀ ਨੂੰ ਚੰਗੀ ਤਰ੍ਹਾਂ ਤੁੰਨ-ਤੁੰਨ ਕੇ ਭਰੋ। ਬਚੇ ਹੋਏ ਥੋੜ੍ਹੇ ਜਿਹੇ ਬੀਜ ਉਪਰਲੇ ਪਾਸੇ ਖ਼ਿਲਾਰ ਕੇ ਲਿਫਾਫੇ ਨੂੰ ਰੱਸੀ ਨਾਲ਼ ਕਸ ਕੇ ਬੰਨ੍ਹ ਦੇਵੋ ਅਤੇ ਥੱਲੇ ਦੋਵੇਂ ਪਾਸਿਆਂ ਤੋਂ ਥੋੜ੍ਹਾ ਕੱਟ ਲਗਾ ਦੇਵੋ। ਇਸ ਪੈਕਟ ਨੂੰ ਕਮਰੇ ਵਿੱਚ ਸ਼ੈਲਫਾਂ 'ਤੇ ਰੱਖ ਦੇਵੋ। 20 ਤੋਂ 22 ਦਿਨਾਂ ਤੱਕ ਲਿਫਾਫੇ ਵਿੱਚ ਚਿੱਟੇ ਰੰਗ ਦਾ ਰੇਸ਼ਾ ਫੈਲ ਜਾਵੇਗਾ। ਜਦੋਂ ਰੇਸ਼ਾ ਫੈਲ ਜਾਵੇ ਤਾਂ ਲਿਫਾਫੇ ਨੂੰ ਪਾੜ ਕੇ ਅਲੱਗ ਕਰੋ ਅਤੇ ਤੂੜੀ ਦਾ ਸਟੈਗ ਲੱਗਿਆ ਰਹਿ ਜਾਵੇਗਾ। ਇਸ ਨੂੰ ਹਰ ਰੋਜ਼ ਹਲਕੀ ਫੂਹਾਰ ਨਾਲ਼ ਪਾਣੀ ਦਾ ਛਿੱਟਾ ਦੇਵੋ। ਥੋੜ੍ਹੇ ਦਿਨਾਂ ਬਾਅਦ ਖੂੰਬਾਂ ਨਿਕਲਣੀਆਂ ਸ਼ੁਰੂ ਹੋ ਜਾਣਗੀਆਂ। ਇਨ੍ਹਾਂ ਖੁੰਬਾਂ ਨੂੰ ਸਾਵਧਾਨੀ ਨਾਲ਼ ਤੋੜ ਕੇ ਬਿਨਾਂ ਧੋਤੇ ਪੈਕ ਕਰਕੇ ਵੇਚ ਸਕਦੇ ਹੋ।

ਸਿਟਾਕੀ ਖੁੰਬ: ਇਹ ਮੈਡੀਕਲ ਖੂੰਬ ਹੈ। ਇਹ ਕਾਫੀ ਮਹਿੰਗੀ ਵੀ ਹੁੰਦੀ ਹੈ ਅਤੇ ਆਮ ਘਰਾਂ ਵਿੱਚ ਸੌਖੇ ਤਰੀਕੇ ਨਹੀਂ ਉਗਾਈ ਜਾ ਸਕਦੀ। ਗਰਮੀਆਂ ਵਿੱਚ ਮਿਲਕੀ ਅਤੇ ਪਰਾਲ਼ੀ ਖੁੰਬ ਆਸਾਨੀ ਨਾਲ਼ ਉਗਾਈਆਂ ਜਾ ਸਕਦੀਆਂ ਹਨ-

ਮਿਲਕੀ ਖੁੰਬ: ਮਿਲਕੀ ਖੁੰਬ ਲਈ ਤਾਪਮਾਨ 28 ਤੋਂ 35 ਡਿਗਰੀ ਸੈਲਸੀਅਸ ਚਾਹੀਦਾ ਹੈ। ਇਸ ਨੂੰ ਉਗਾਉਣ ਲਈ ਤੂੜੀ ਅਤੇ ਪਰਾਲ਼ੀ 50:50 ਜਾਂ ਇਕੱਲ਼ੀ ਤੂੜੀ ਨੂੰ ਇੱਕ ਬੋਰੇ ਵਿੱਚ ਪਾ ਕੇ ਵੱਡੇ ਡਰੰਮ ਵਿੱਚ ਡੇਢ ਤੋਂ ਦੋ ਘੰਟੇ ਤੱਕ ਉਬਾਲ਼ ਲਵੋ। ਇਹ ਜਰਮ ਰਹਿਤ ਹੋ ਜਾਵੇਗੀ ਤੇ ਇਸ ਨੂੰ ਠੰਢੀ ਕਰੋ। ਯਾਦ ਰਹੇ ਨਮੀਂ ਦੀ ਮਾਤਰਾ 65 ਤੋਂ 75 ਫ਼ੀਸਦੀ ਹੋਣੀ ਚਾਹੀਦੀ ਹੈ। ਇਸ ਦੀਆਂ 5-5 ਕਿਲੋ ਦੀਆਂ ਢੇਰੀਆਂ ਲਗਾ ਲਵੋ। 5 ਕਿਲੋ ਢੇਰੀ ਵਿੱਚ 200 ਗ੍ਰਾਮ ਬੀਜ ਰਲਾਉ। ਢਾਈ ਕਿਲੋ ਦੇ ਬੈਗ ਭਰੋ ਅਤੇ ਉਪਰੋਂ ਸੇਬੇ ਨਾਲ਼ ਬੰਨ੍ਹ ਕੇ ਪਾਸਿਆਂ 'ਤੇ ਕੱਟ ਮਾਰ ਦੇਵੋ ਅਤੇ ਕਮਰੇ ਦੀਆਂ ਸੈਲਫਾਂ 'ਤੇ ਰੱਖੋ। ਕਮਰੇ ਅੰਦਰ ਨਮੀਂ ਨੂੰ ਬਰਕਰਾਰ ਰੱਖਣ ਲਈ ਕਮਰੇ ਦੀਆਂ ਕੰਧਾਂ 'ਤੇ ਹਰ ਰੋਜ਼ ਪਾਣੀ ਲਗਾਓ, ਧਿਆਨ ਰਹੇ ਕਿ ਬੈਗਾਂ ਨੂੰ ਪਾਣੀ ਨਹੀਂ ਦੇਣਾ। 20 ਤੋਂ 25 ਦਿਨਾਂ ਤੱਕ ਚਿੱਟਾ ਰੇਸ਼ਾ ਨਜ਼ਰ ਆਵੇਗਾ। ਲਿਫਾਫੇ ਨੂੰ ਕੱਟ ਕੇ ਬਾਹਰ ਕਰ ਦੇਵੋ ਤੇ ਪਿੱਛੇ ਤੂੜੀ ਦਾ ਸਟੈਗ ਬਣ ਜਾਵੇਗਾ। ਇਸ ਨੂੰ ਹਰ ਰੋਜ਼ ਪਾਣੀ ਦਾ ਛਿੱਟਾ ਦੇਵੋ। ਕਮਰੇ ਵਿੱਚ ਨਮੀਂ ਬਰਕਰਾਰ ਰੱਖਣੀ ਹੈ। 10 ਤੋਂ 15 ਦਿਨਾਂ ਤੱਕ ਖੁੰਬਾਂ ਫੁੱਟਣੀਆਂ ਸ਼ੁਰੂ ਹੋ ਜਾਣਗੀਆਂ। ਖੁੰਬਾਂ ਨੂੰ ਧਿਆਨ ਨਾਲ਼ ਤੋੜ ਕੇ ਬਿਨਾ ਧੋਤੇ ਪੈਕ ਕਰਕੇ ਮੰਡੀ ਵਿੱਚ ਵੇਚਿਆ ਜਾ ਸਕਦਾ ਹੈ।

ਪਰਾਲ਼ੀ ਖੁੰਬ: ਸੁੱਕੀ ਤੇ ਸਾਫ਼ ਪਰਾਲ਼ੀ ਦੇ ਪੂਲ਼ੇ ਬਣਾ ਲਵੋ। ਇੱਕ ਪੂਲ਼ੇ ਦਾ ਵਜ਼ਨ ਤਕਰੀਬਨ ਇੱਕ ਕਿਲੋ ਤੋਂ ਡੇਢ ਕਿਲੋ ਹੋਣਾ ਚਾਹੀਦਾ ਹੈ। ਇਨ੍ਹਾਂ ਪੂਲ਼ਿਆਂ ਨੂੰ ਦੋਵਾਂ ਸਿਰਿਆਂ ਤੋਂ ਸੇਬੇ ਨਾਲ਼ ਬੰਨ੍ਹ ਲਵੋ। ਸੇਬੇ ਨਾਲ਼ ਬੰਨ੍ਹੇ ਪੂਲ਼ੇ 16 ਤੋਂ 20 ਘੰਟੇ ਪਾਣੀ ਵਿੱਚ ਭਿਉਂ ਦੇਵੋ। ਪਾਣੀ ਵਿੱਚੋਂ ਕੱਢ ਕੇ ਇਨ੍ਹਾਂ ਨੂੰ ਕਿਸੇ ਢਲਵੀ ਥਾਂ 'ਤੇ ਰੱਖੋ ਅਤੇ ਬਿਜਾਈ ਕਰਨ ਵਾਲ਼ੇ ਕਮਰੇ ਵਿੱਚ ਲੈ ਜਾਵੋ। ਇਨ੍ਹਾਂ ਪੂਲਿਆਂ ਦੀਆਂ ਤਹਿਆਂ ਲਗਾਉ। ਇੱਕ ਤਹਿ ਵਿੱਚ 5-5 ਪੂਲੇ ਹੋਣੇ ਚਾਹੀਦੇ ਹਨ। ਪੰਜ ਪੂਲ਼ੇ ਰੱਖ ਕੇ 75 ਗ੍ਰਾਮ ਬੀਜ ਖਿਲਾਰ ਦੇਵੋ। ਫਿਰ ਉੱਪਰ 5 ਪੂਲ਼ੇ ਰੱਖੋ ਅਤੇ ਫਿਰ 75 ਗ੍ਰਾਮ ਬੀਜ ਖਿਲਾਰ ਦੇਵੋ। ਫਿਰ ਤੀਜੀ ਤਹਿ ਰੱਖੋ ਅਤੇ 75 ਗ੍ਰਾਮ ਬੀਜ ਖਿਲਾਰ ਦੇਵੋ। ਚੌਥੀ ਤਹਿ ਲਗਾ ਕੇ ਇਸ ਨੂੰ ਥੋੜ੍ਹਾ ਦਬਾਅ ਪਾਉ।ਪਾਣੀ ਦੇਣਾ: ਪਹਿਲੇ ਦੋ ਦਿਨ ਪਾਣੀ ਦੀ ਲੋੜ ਨਹੀਂ। ਉਸ ਤੋਂ ਬਾਅਦ ਰੋਜ਼ ਪਾਣੀ ਦਾ ਹਲਕਾ ਛਿੜਕਾਅ ਕਰੋ। ਨਮੀਂ ਬਣਾਈ ਰੱਖਣ ਲਈ ਕਮਰੇ ਦੀਆਂ ਕੰਧਾਂ 'ਤੇ ਵੀ ਪਾਣੀ ਦਾ ਛਿੜਕਾਅ ਜ਼ਰੂਰੀ ਹੈ। 7 ਤੋਂ 9 ਦਿਨਾਂ ਤੱਕ ਖੁੰਬਾਂ ਨਿਕਲਣੀਆਂ ਸ਼ੁਰੂ ਹੋ ਜਾਣਗੀਆਂ। ਲਗਾਤਾਰ ਪੂਲੇ ਰੱਖਣ ਤੇ ਕੁਝ ਸਮਾਂ ਠਹਿਰ ਕੇ ਬਿਜਾਈ ਕਰਨ ਨਾਲ ਅਗਸਤ ਸਤੰਬਰ ਤੱਕ ਖੁੰਬਾਂ ਦੀ ਖੇਤੀ ਕੀਤੀ ਜਾ ਸਕਦੀ ਹੈ। ਜਦੋਂ ਗਰਮੀ ਘਟਣ ਲੱਗੇ ਤਾਂ ਬਟਨ ਖੁੰਬ ਦਾ ਸਟੈਗ ਬਣਾਉਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ ਅਤੇ ਅਸੀਂ ਪੂਰਾ ਸਾਲ ਖੁੰਬ ਲੈ ਸਕਦੇ ਹਾਂ ਅਤੇ ਆਪਣੀ ਆਮਦਨ ਵਿੱਚ ਚੋਖਾ ਵਾਧਾ ਕਰ ਸਕਦੇ ਹਾਂ। ਆਮਦਨ ਨਾ ਸਹੀ ਘੱਟੋ-ਘੱਟ ਘਰ ਲਈ ਸਬਜ਼ੀ ਲਈ ਜਾ ਸਕਦੀ ਹੈ। ਅਜਿਹੇ ਯਤਨਾਂ ਨਾਲ ਜਿੱਥੇ ਵਿਹਲੇ ਸਮੇਂ ਦਾ ਸਹੀ ਉਪਯੋਗ ਹੁੰਦਾ ਹੈ, ਉੱਥੇ ਹੀ ਅਸੀਂ ਆਪਣੇ ਖ਼ਰਚਿਆਂ ਦੀ ਪੂਰਤੀ ਵੀ ਕਰ ਸਕਦੇ ਹਾਂ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰ ਕਿਸਾਨਾਂ ਦੀ ਸਹਾਇਤਾ ਲਈ ਹਰ ਵਕਤ ਤਿਆਰ ਹਨ, ਬਸ ਕਿਸਾਨਾਂ ਨੂੰ ਦ੍ਰਿੜ ਇਰਾਦੇ ਨਾਲ ਇਸ ਪਾਸੇ ਕਦਮ ਵਧਾਉਣ ਦੀ ਲੋੜ ਹੈ। ਕਿਸਾਨ ਮਾਹਿਰਾਂ ਦੇ ਸਹਿਯੋਗ ਦੇ ਨਾਲ ਨਾਲ ਯੂਨੀਵਰਸਿਟੀ ਦੀਆਂ ਮਸ਼ੀਨਾਂ ਨੂੰ ਆਪਣੇ ਫ਼ਾਇਦੇ ਲਈ ਵੀ ਵਰਤ ਸਕਦੇ ਹਨ। ਯੂਨੀਵਰਸਿਟੀ ਕਿਸਾਨਾਂ ਨੂੰ ਸਲਾਹ ਦੇ ਨਾਲ ਨਾਲ ਖੁੰਬਾਂ ਦੇ ਬੀਜ ਵੀ ਮੁਹੱਈਆ ਕਰਵਾਉਂਦੀ ਹੈ।

# ਬਿਮਾਰੀਆਂ ਨੂੰ ਸੱਦਾ ਦਿੰਦੇ ਨੇ ਕਈ ਸਜਾਵਟੀ ਬੂਟੇ

ਅਮਰਜੀਤ ਸਾਹੀਵਾਲ

**ਜ਼ਰੂਰਤ ਪੈਣ 'ਤੇ ਗ਼ਮਲਿਆਂ 'ਚ ਪਾਣੀ ਦਾ ਸਿਰਫ਼ ਛਿੜਕਾਓ ਕਰੋ। ਚੇਤੇ ਰੱਖੋ ਕਿ ਗ਼ਮਲਿਆਂ ਹੇਠਾਂ ਰੱਖੀ ਟ੍ਰੇਅ ਵਿੱਚ ਖੜ੍ਹਾ ਪਾਣੀ ਮੱਛਰਾਂ ਲਈ ਜਨਮ ਸਥਾਨ ਨਾ ਬਣ ਜਾਵੇ। ਘਰ ਤੋਂ ਬਾਹਰ ਪਏ ਗ਼ਮਲਿਆਂ ਆਦਿ 'ਚ ਮੱਛਰ ਦਾ ਲਾਰਵਾ ਪੈਦਾ ਨਾ ਹੋ ਸਕੇ, ਇਸ ਲਈ ਕੀਟਨਾਸ਼ਕ ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ। ਕਈ ਵਾਰ ਅਸੀਂ ਸੋਚਦੇ ਹਾਂ ਕਿ ਅਸੀਂ ਉੱਪਰਲੀ ਮੰਜ਼ਿਲ 'ਤੇ ਰਹਿੰਦੇ ਹਾਂ ਅਤੇ ਡੇਂਗੂ ਦਾ ਮੱਛਰ ਗੋਡਿਆਂ ਤੋਂ ਉੱਚਾ ਨਹੀਂ ਉੱਡ ਸਕਦਾ ਤਾਂ ਇਹ ਗ਼ਲਤਫ਼ਹਿਮ ਛੱਡ ਦੇਣੀ ਚਾਹੀਦੀ ਹੈ। ਏਡੀਜ਼ ਮੱਛਰ ਦਰੱਖ਼ਤਾਂ ਦੇ ਤਣਿਆਂ ਵਿੱਚ ਪਏ ਖੋਲ 'ਚ ਖੜ੍ਹੇ ਪਾਣੀ ਵਿੱਚ ਵੀ ਪੈਦਾ ਹੋ ਸਕਦਾ ਹੈ। ਇਸ ਲਈ ਆਲਾ-ਦੁਆਲਾ ਸਾਫ਼ ਰੱਖਣਾ ਚਾਹੀਦਾ ਹੈ।**

ਸਮੇਂ ਦੇ ਨਾਲ ਲੋਕ ਘਰਾਂ ਦੀ ਸਜਾਵਟ, ਵਾਤਾਵਰਨ ਤੇ ਆਲੇ-ਦੁਆਲੇ ਦੀ ਸਫ਼ਾਈ ਵੱਲ ਕਾਫ਼ੀ ਸੁਚੇਤ ਹੋ ਰਹੇ ਹਨ, ਪਰ ਇਹ ਯਤਨ ਉਸ ਪੱਤਰ ਤਕ ਨਹੀਂ ਪੁੱਜੇ ਜਿਸ ਦੀ ਜ਼ਰੂਰਤ ਹੈ। ਅਸੀਂ ਘਰਾਂ ਨੂੰ ਸਜਾਉਣ ਸਮੇਂ ਕੁਝ ਅਜਿਹੀਆਂ ਗ਼ਲਤੀਆਂ ਕਰਦੇ ਹਾਂ ਜਿਸ ਦਾ ਖ਼ਮਿਆਜ਼ਾ ਸਾਨੂੰ ਬਾਅਦ ਵਿੱਚ ਭੁਗਤਣਾ ਪੈਂਦਾ ਹੈ। ਆਮ ਤੌਰ 'ਤੇ ਘਰਾਂ ਦੀ ਬੈਠਕ, ਵਰਾਂਡਾ, ਬਾਲਕਨੀ, ਬਾਥਰੂਮ ਤੇ ਰਸੋਈ ਦੀ ਸੈਲਫ ਸਣੇ ਹੋਟਲਾਂ ਦੇ ਟੇਬਲਾਂ ਦੀ ਸ਼ਾਨ ਵਧਾਉਣ ਲਈ ਮਨੀ ਪਲਾਂਟ ਦਾ ਪੌਦਾ ਆਮ ਹੀ ਵਰਤਿਆ ਜਾਂਦਾ ਹੈ। ਇਹ ਆਸਾਨੀ ਨਾਲ ਕਿਤੇ ਵੀ ਕਿਸੇ ਕੰਟੇਨਰ, ਕੰਚ ਦੀ ਬੋਤਲ ਜਾਂ ਪਲਾਸਟਿਕ ਦੇ ਬਰਤਨ ਵਿੱਚ ਥੋੜ੍ਹੇ ਜਿਹੇ ਪਾਣੀ ਵਿੱਚ ਬਿਨਾਂ ਬਹੁਤੀ ਦੇਖ-ਰੇਖ ਦੇ ਆਸਾਨੀ ਨਾਲ ਉੱਗ ਪੈਂਦਾ ਹੈ। ਇਹ ਪੌਦਾ ਘਰ ਵਿੱਚ ਪੈਸੇ ਤਾਂ ਨਹੀਂ ਲਿਆਉਂਦਾ ਪਰ ਇਸ ਪੌਦੇ ਦੀ ਬੋਤਲ ਜਾਂ ਕੰਟੇਨਰਾਂ ਵਿਚਲਾ ਥੋੜ੍ਹਾ ਜਿਹਾ ਪਾਣੀ ਡੇਂਗੂ ਬੁਖਾਰ ਜ਼ਰੂਰ ਲਿਆਉਂਦਾ ਹੈ।

ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਪੌਦੇ ਦੇ ਜਾਰ ਜਾਂ ਕੰਟੇਨਰ ਵਿੱਚ ਥੋੜ੍ਹਾ ਜਿਹਾ ਪਾਣੀ ਡੇਂਗੂ ਦੇ ਏਡੀਜ਼ ਮਾਦਾ ਮੱਛਰ ਲਈ ਅੰਡੇ ਦੇਣ ਦੀ ਮਨਪਸੰਦ ਥਾਂ ਹੈ। 50 ਫ਼ੀਸਦੀ ਡੇਂਗੂ ਦਾ ਲਾਰਵਾ ਇਸ ਸਾਫ਼ ਖੜ੍ਹੇ ਪਾਣੀ ਵਿੱਚ ਪਾਇਆ ਜਾਂਦਾ ਹੈ। ਏਡੀਜ਼ ਮਾਦਾ ਮੱਛਰ ਪੌਦੇ ਦੇ ਬਰਤਨ ਦੀਆਂ ਦੀਵਾਰਾਂ 'ਤੇ ਅੰਡੇ ਦਿੰਦੀ ਹੈ। ਇਹ ਲਾਰਵਾ ਛੇਤੀ ਹੀ ਪਿਓਪਾ ਬਣ ਜਾਂਦਾ ਹੈ ਤੇ 2 ਦਿਨਾਂ ਵਿੱਚ ਹੀ ਪੂਰਾ ਮੱਛਰ ਬਣ ਕੇ ਸ਼ਿਕਾਰ ਦੀ ਤਲਾਸ਼ ਵਿੱਚ ਉੱਡ ਜਾਂਦਾ ਹੈ। ਮਨੁੱਖ ਦਾ ਖ਼ੂਨ ਹੀ ਇਸ ਦੀ ਮਨਪਸੰਦ ਖ਼ੁਰਾਕ ਹੈ। ਇਹ ਹੁਸ਼ਿਆਰੀ ਨਾਲ ਉਡ ਕੇ ਸਰੀਰ ਦੇ ਨੰਗੇ ਹਿੱਸਿਆਂ ਜਿਵੇਂ ਲੱਤਾਂ, ਪੈਰਾਂ, ਗਿੱਟਿਆਂ, ਹੱਥਾਂ ਅਤੇ ਨੱਕ ਆਦਿ 'ਤੇ ਕੱਟਦਾ ਹੈ। ਮੀਂਹਾਂ ਦੇ ਖ਼ਤਮ ਹੁੰਦਿਆਂ ਤੇ ਠੰਢ ਦੇ ਸ਼ੁਰੂ ਹੋਣ ਦੇ ਨਾਲ ਹੀ ਇਨ੍ਹਾਂ ਮੱਛਰਾਂ ਦਾ ਕਹਿਰ ਵੀ ਵਧ ਜਾਂਦਾ ਹੈ। ਇਸ ਦਾ ਕੋਈ ਪੁਖਤਾ ਇਲਾਜ ਨਾ ਹੋਣ ਕਰਕੇ ਖ਼ਤਰਾ ਵਧਦਾ ਹੀ ਜਾਂਦਾ ਹੈ। ਇਸ ਮੱਛਰ ਨੂੰ ਘਰਾਂ ਦੇ ਹਨੇਰੇ ਤੇ ਨਮੀ ਵਾਲੇ ਥਾਂ ਜਿਵੇਂ ਬਾਥਰੂਮ, ਡ੍ਰੈਸਿੰਗ ਰੂਮ, ਬੰਦ ਕਮਰਿਆਂ ਵਿੱਚ ਰਹਿਣਾ ਪਸੰਦ ਕਰਦਾ ਹੈ ਤੇ ਦਿਨ ਚੜ੍ਹਨ ਸਮੇਂ ਅਤੇ ਸੂਰਜ ਡੁੱਬਣ ਤੋਂ ਪਹਿਲਾਂ ਬਹੁਤ ਜ਼ਿਆਦਾ ਚੁਸਤ ਹੋ ਜਾਂਦਾ ਹੈ। ਏਡੀਜ ਮੱਛਰ ਦੇ ਜਨਮ ਚੱਕਰ ਲਈ ਇੱਕ ਚਮਚ ਪਾਣੀ ਵੀ ਕਾਫ਼ੀ ਹੈ। ਇੱਕ ਵਾਰ ਅੰਡੇ ਦੇਣ ਤੋਂ ਬਾਅਦ ਇਸ ਨੂੰ ਹੋਰ ਕਿਸੇ ਚੀਜ਼ ਦੀ ਲੋੜ ਨਹੀਂ।

ਡੇਂਗੂ ਦੇ ਮੱਛਰ ਨੂੰ ਕੰਟੇਨਰ ਬਰੀਡਰ ਵੀ ਕਿਹਾ ਗਿਆ ਹੈ। ਦਿੱਲੀ, ਕੇਰਲਾ ਅਤੇ ਕਈ ਹੋਰ ਪ੍ਰਭਾਵਿਤ ਸੂਬਿਆਂ ਦੇ ਸਿਹਤ ਮਹਿਕਮਿਆਂ ਦੇ ਐਂਟੀ ਲਾਰਵਾ ਟੈਸਟ ਦੀ ਟੀਮ ਵੱਲੋਂ ਕਰਵਾਏ ਗਏ ਟੈਸਟ ਸਰਵੇ ਵਿੱਚ ਵਧੇਰੇ ਕਰਕੇ ਘਰਾਂ ਵਿੱਚ ਰੱਖੇ ਸਜਾਵਟੀ ਇੰਡੋਰ ਪਲਾਂਟ ਵਿੱਚ ਏਡੀਜ ਮੱਛਰ ਦੇ ਲਾਰਵੇ ਦੀ ਮੌਜੂਦਗੀ ਪਾਈ ਗਈ। ਅਸਲ ਵਿੱਚ ਪੜ੍ਹੇ-ਲਿਖੇ ਬਾਗ਼ਬਾਨੀ ਦੇ ਸ਼ੌਕਿਨ ਸ਼ਾਇਦ ਇਸ ਗੱਲ ਨੂੰ ਮੰਨਣ ਲਈ ਤਿਆਰ ਹੀ ਨਹੀਂ ਕਿ ਇਨ੍ਹਾਂ ਕੰਟੇਨਰਾਂ, ਬੋਤਲ ਦੇ ਢੱਕਣ, ਪਲਾਸਟਿਕ ਦੇ ਜਾਰ, ਡਰੱਮ, ਬਾਲਕਨੀਆਂ ਵਿੱਚ ਟੰਗੇ ਟਿਊਬਾਂ ਤੇ ਟਾਇਰਾਂ ਵਿੱਚ ਲੱਗੇ ਪੌਦੇ, ਨਾਰੀਅਲ ਦੇ ਖੋਲ, ਬੋਨਜ਼ਾਈ ਵਿੱਚ ਖੜ੍ਹਾ ਥੋੜ੍ਹਾ ਜਿਹਾ ਪਾਣੀ ਤੇ ਨਮੀ ਇਸ ਮਾਦਾ ਨੂੰ ਆਕਰਸ਼ਿਤ ਕਰਨ ਲਈ ਕਾਫ਼ੀ ਹੈ। ਇਹ ਮੱਛਰ ਸਾਡੇ ਘਰਾਂ ਦੇ ਏਸੀ ਅਤੇ ਫਰਿੱਜ ਦੀ ਟ੍ਰੇਅ, ਰਸੋਈ ਦੀ ਬਰਤਨਾਂ ਦੀ ਟ੍ਰੇਅ ਵਿੱਚ ਖੜ੍ਹੇ ਪਾਣੀ, ਬੰਦ ਕੂਲਰਾਂ, ਫੁੱਲਦਾਨਾਂ ਵਿੱਚ ਰੱਖੇ ਫੁੱਲਾਂ, ਫਲੋਟਿੰਗ ਕੈਂਡਲਜ਼ ਦੇ ਅਰਨ, ਗ਼ਮਲਿਆਂ ਹੇਠ ਰੱਖੀਆਂ ਟ੍ਰੇਆਂ, ਪੰਛੀਆਂ ਲਈ ਰੱਖੇ ਪਾਣੀ ਦੇ ਬਰਤਨਾਂ 'ਚ ਜਾਂ ਹੋਰ ਕਿਤੇ ਵੀ ਖੜ੍ਹੇ ਸਾਫ਼ ਪਾਣੀ ਵਿੱਚ ਡੇਂਗੂ ਦਾ ਮੱਛਰ ਪੈਦਾ ਹੋ ਸਕਦਾ ਹੈ।

ਇਸ ਲਈ ਬਿਹਤਰ ਹੋਵੇਗਾ ਨਾ ਮੱਛਰ ਹੋਵੇ, ਨਾ ਡੇਂਗੂ ਇਸ ਲਈ ਖ਼ੁਦ ਹੀ ਕੁੱਝ ਧਿਆਨ ਦੇਈਏ। ਇਸ ਵਾਸਤੇ ਸਭ ਤੋਂ ਪਹਿਲਾਂ ਅੰਦਰ ਰੱਖੇ ਪੌਦਿਆਂ ਦੀ ਛੰਗਾਈ ਕਰਨੀ ਚਾਹੀਦੀ ਹੈ ਕਿਉਂਕਿ ਕੋਈ ਵੀ ਮੱਛਰ ਹੋਵੇ, ਉਹ ਪੌਦਿਆਂ ਦੇ ਪੱਤਿਆਂ 'ਤੇ ਹੀ ਪਲਦਾ ਹੈ। ਪੌਦੇ ਹਲਕੇ ਰੱਖੋ ਤੇ ਇਨ੍ਹਾਂ ਵਾਸਤੇ ਰੌਸ਼ਨੀ ਦੀ ਆਮਦ ਜ਼ਰੂਰੀ ਹੈ। ਬਾਥਰੂਮ, ਰਸੋਈ ਦੀਆਂ ਸੈਲਫਾਂ ਅਤੇ ਘਰ ਦੇ ਅੰਦਰ ਪਏ ਮਨੀਪਲਾਂਟ ਦੇ ਪੌਦਿਆਂ ਨੂੰ ਬਾਹਰ ਰੱਖੋ। ਉਨ੍ਹਾਂ ਦੇ ਬਰਤਨਾਂ ਵਿੱਚੋਂ ਪਾਣੀ ਕੱਢ ਦਿਓ। ਗ਼ਮਲਿਆਂ ਦੀ ਸਮੇਂ ਸਿਰ ਗੁਡਾਈ ਕਰਦੇ ਰਹੋ ਤਾਂ ਜੋ ਨਮੀ ਜ਼ਿਆਦਾ ਨਾ ਰਹੇ।

ਜ਼ਰੂਰਤ ਪੈਣ 'ਤੇ ਗ਼ਮਲਿਆਂ 'ਚ ਪਾਣੀ ਦਾ ਸਿਰਫ਼ ਛਿੜਕਾਓ ਕਰੋ। ਚੇਤੇ ਰੱਖੋ ਕਿ ਗ਼ਮਲਿਆਂ ਹੇਠਾਂ ਰੱਖੀ ਟ੍ਰੇਅ ਵਿੱਚ ਖੜ੍ਹਾ ਪਾਣੀ ਮੱਛਰਾਂ ਲਈ ਜਨਮ ਸਥਾਨ ਨਾ ਬਣ ਜਾਵੇ। ਘਰ ਤੋਂ ਬਾਹਰ ਪਏ ਗ਼ਮਲਿਆਂ ਆਦਿ 'ਚ ਮੱਛਰ ਦਾ ਲਾਰਵਾ ਪੈਦਾ ਨਾ ਹੋ ਸਕੇ, ਇਸ ਲਈ ਕੀਟਨਾਸ਼ਕ ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ। ਕਈ ਵਾਰ ਅਸੀਂ ਸੋਚਦੇ ਹਾਂ ਕਿ ਅਸੀਂ ਉੱਪਰਲੀ ਮੰਜ਼ਿਲ 'ਤੇ ਰਹਿੰਦੇ ਹਾਂ ਅਤੇ ਡੇਂਗੂ ਦਾ ਮੱਛਰ ਗੋਡਿਆਂ ਤੋਂ ਉੱਚਾ ਨਹੀਂ ਉੱਡ ਸਕਦਾ ਤਾਂ ਇਹ ਗ਼ਲਤਫ਼ਹਿਮ ਛੱਡ ਦੇਣੀ ਚਾਹੀਦੀ ਹੈ। ਏਡੀਜ਼ ਮੱਛਰ ਦਰੱਖ਼ਤਾਂ ਦੇ ਤਣਿਆਂ ਵਿੱਚ ਪਏ ਖੋਲ 'ਚ ਖੜ੍ਹੇ ਪਾਣੀ ਵਿੱਚ ਵੀ ਪੈਦਾ ਹੋ ਸਕਦਾ ਹੈ। ਇਸ ਲਈ ਆਲਾ-ਦੁਆਲਾ ਸਾਫ਼ ਰੱਖਣਾ ਚਾਹੀਦਾ ਹੈ।



10303ਫਦ ? ਤ 1ਮੱਛਰਾਂ ਦੇ ਕੱਟਣ ਤੋਂ ਆਪਣੇ-ਆਪ ਨੂੰ ਬਚਾਉਣਾ ਸਭ ਤੋਂ ਪਹਿਲ ਤੇ ਜ਼ਰੂਰੀ ਇੱਕੋ-ਇੱਕ ਉਪਾਅ ਘਰ ਦੇ ਅੰਦਰ ਤੇ ਬਾਹਰ ਗੰਦਗੀ ਅਤੇ ਪਾਣੀ ਖੜ੍ਹਾ ਨਾ ਹੋਣ ਦਿਓ। ਗੰਦਗੀ ਵਾਲਾ ਮਾਹੌਲ ਤੁਹਾਡਾ ਵੈਰੀ ਤੇ ਮੱਛਰ ਦਾ ਮਿੱਤ ਹੈ। ਇਸ ਤੋਂ ਇਲਾਵਾ ਸਵੇਰੇ-ਸ਼ਾਮ ਘਰੋਂ ਬਾਹਰ ਜਾਣ ਲੱਗਿਆਂ ਪੂਰੀ ਬਾਂਹ ਦੇ ਕੱਪੜੇ ਪਾਓ। ਬੱਚਿਆਂ 'ਤੇ ਫੈਬਰਿਕ ਔਨਰੋਲ ਰੈਪਲੈਂਟ ਲਾਓ। ਮੱਛਰ ਤੋਂ ਬਚਾਅ ਦੀਆਂ ਕਰੀਮਾਂ ਵੀ ਵਰਤੀਆਂ ਜਾ ਸਕਦੀਆਂ ਹਨ। ਜਾਲੀ ਦਾ ਦਰਵਾਜ਼ਾ ਹਮੇਸ਼ਾਂ ਬੰਦ ਹੀ ਰੱਖੋ। ਘਰ ਦੇ ਅੰਦਰ-ਬਾਹਰ ਹਵਾ ਅਤੇ ਰੌਸ਼ਨੀ ਦਾ ਪ੍ਰਬੰਧ ਰੱਖੋ ਜਿੱਥੋਂ ਤੱਕ ਹੋ ਸਕੇ ਫੁੱਲਾਂ ਨਾਲ ਸਜਾਵਟ ਨਾ ਕਰੋ। ਮਨੀ ਪਲਾਂਟ ਦੇ ਪਾਣੀ ਵਾਲੇ ਬਰਤਨ ਖਾਲੀ ਕਰ ਦਿਓ। ਬਜ਼ੁਰਗਾਂ ਤੇ ਬੱਚਿਆਂ ਨੂੰ ਜੁਰਾਬਾਂ ਜ਼ਰੂਰ ਪੁਆਓ। ਤੁਸਲੀ ਦੇ ਪੱਤਿਆਂ ਦਾ ਰਸ ਸਰੀਰ 'ਤੇ ਮੱਲਣ ਨਾਲ ਮੱਛਰਾਂ ਤੋਂ ਕੁੱਝ ਹੱਦ ਤਕ ਬਚਾਅ ਹੋ ਸਕਦਾ ਹੈ। ਘਰ ਵਿੱਚ ਰੱਖਿਆ ਤੁਲਸੀ ਦੀ ਪੌਦਾ ਮੱਛਰਾਂ ਨੂੰ ਦੂਰ ਰੱਖਦਾ ਹੈ ਪਰ ਇਸ ਦੇ ਗ਼ਮਲੇ ਜਾਂ ਬਰਤਨ ਵਿੱਚ ਵੀ ਜ਼ਿਆਦਾ ਪਾਣੀ ਜਾਂ ਸਿਲ੍ਹ ਨਾ ਹੋਣ ਦਿਓ।

ਪੁਦੀਨੇ ਦੇ ਪੱਤਿਆਂ ਦਾ ਰਸ ਛਿੜਕਣ ਨਾਲ ਵੀ ਮੱਛਰਾਂ ਤੋਂ ਬਚਿਆ ਜਾ ਸਕਦਾ ਹੈ। ਸ਼ਾਮ ਵੇਲੇ ਕਮਰੇ ਵਿੱਚ ਕਪੂਰ ਦਾ ਧੂੰਆਂ ਕਰਨ ਨਾਲ ਵੀ ਮੱਛਰ ਚਲੇ ਜਾਂਦੇ ਹਨ। ਬਹੁਤੇ ਗੂੜ੍ਹੇ ਰੰਗ ਦੇ ਕਪੜਿਆਂ ਤੇ ਖ਼ੁਸ਼ਬੋ ਤੋਂ ਗ਼ੁਰੇਜ਼ ਕਰੋ।



# ਗੁਰੂ ਕਾ ਬਾਗ ਛਾਉਣੀ ਬੁੱਢਾ ਦਲ ਵਿਖੇ ਹੋਵੇਗਾ ਸਰਬ ਧਰਮ ਸੰਮੇਲਨ : ਹਰਜੋਤ ਸਿੰਘ



**ਸ੍ਰੀ ਆਨੰਦਪੁਰ ਸਾਹਿਬ,23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸ੍ਰ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਅਤੇ ਵਿਧਾਇਕ ਸ੍ਰੀ ਅਨੰਦਪੁਰ ਸਾਹਿਬ ਨੇ ਦੱਸਿਆ ਗੁਰੂ ਕਾ ਬਾਗ ਛਾਉਣੀ ਬਾਬਾ ਬੁੱਢਾ ਦਲ, ਸ੍ਰੀ ਅਨੰਦਪੁਰ ਸਾਹਿਬ ਵਿਖੇ ਸਰਬ ਧਰਮ ਸੰਮੇਲਨ ਦਾ ਵਿਸ਼ਾਲ ਸਮਾਗਮ ਆਯੋਜਿਤ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਸੰਮੇਲਨ ਧਾਰਮਿਕ ਸਮੁਦਾਇਕ ਏਕਤਾ ਅਤੇ ਭਾਈਚਾਰਕ ਸਾਂਝ ਦੇ ਪਵਿੱਤਰ ਸੰਦੇਸ਼ ਨੂੰ ਉਜਾਗਰ ਕਰਨ ਦੇ ਉਦੇਸ਼ ਨਾਲ ਕਰਵਾਇਆ ਜਾ ਰਿਹਾ ਹੈ।

ਸ੍ਰ.ਬੈਂਸ ਨੇ ਕਿਹਾ ਕਿ ਧਰਮਾਂ ਦੀ ਵਿਭਿੰਨਤਾ ਅਤੇ ਸਰਬ ਧਰਮ ਸੰਮੇਲਨ ਇਸ ਏਕਤਾ ਨੂੰ ਹੋਰ ਮਜ਼ਬੂਤ ਕਰਨ ਵੱਲ ਇਕ ਪ੍ਰੇਰਣਾਦਾਇਕ ਕਦਮ ਹੈ। ਉਨ੍ਹਾਂ ਨੇ ਕਿਹਾ ਕਿ ਗੁਰੂ ਸਾਹਿਬਾਨ ਦੀ ਬਾਣੀ ਸਾਨੂੰ ਬਿਨਾ ਕਿਸੇ ਭੇਦਭਾਵ ਦੇ, ਮਨੁੱਖਤਾ ਦੀ ਸੇਵਾ ਕਰਨ ਤੇ ਸਦਾ ਨਿਮਰਤਾ ਨਾਲ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਕਰਦੀ ਹੈ। ਇਸੇ ਰੂਹਾਨੀ ਦ੍ਰਿਸ਼ਟੀਕੋਣ ਨੂੰ ਧਿਆਨ ਵਿੱਚ ਰੱਖਦਿਆਂ, ਸੰਮੇਲਨ ਵਿੱਚ ਵੱਖ-ਵੱਖ ਧਰਮਾਂ ਦੀਆਂ ਪ੍ਰਮੁੱਖ ਸਖਸ਼ੀਅਤਾਂ, ਸੰਤ ਸਮਾਜ ਸਾਮਿ ਹੋਣਗੇ ਅਤੇ ਭਾਈਚਾਰੇ ਨੂੰ ਏਕਤਾ ਦਾ ਸੰਦੇਸ਼ ਪਹੁੰਚਾਉਣਗੇ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਗੁਰੂ ਕਾ ਬਾਗ ਛਾਉਣੀ ਬਾਬਾ ਬੁੱਢਾ ਦਲ ਦਾ ਇਹ ਪਵਿੱਤਰ ਸਥਾਨ ਸਿੱਖ ਇਤਿਹਾਸ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ ਅਤੇ ਇੱਥੇ ਇਸ ਤਰ੍ਹਾਂ ਦਾ ਸਰਬ ਧਰਮ ਸੰਮੇਲਨ ਕਰਵਾਉਣਾ ਬਹੁਤ ਹੀ ਮਾਣ ਵਾਲੀ ਗੱਲ ਹੈ। ਇਸ ਸੰਮੇਲਨ ਦੌਰਾਨ ਧਾਰਮਿਕ ਅਤੇ ਸਮਾਜਿਕ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਹੋਵੇਗਾ, ਜੋ ਨੌਜਵਾਨ ਪੀੜ੍ਹੀ ਨੂੰ ਵੀ ਸਹੀ ਦਿਸ਼ਾ ਵਿੱਚ ਪ੍ਰੇਰਿਤ ਕਰਨ ਵਿੱਚ ਸਹਾਇਕ ਸਾਬਤ ਹੋਵੇਗਾ।

ਸ੍ਰ. ਬੈਂਸ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖ ਧਰਮ ਦੇ ਉੱਚ ਸਿਧਾਂਤਾਂ ਅਤੇ ਗੁਰੂ ਸਾਹਿਬਾਨ ਦੀਆਂ ਬਾਣੀਆਂ ਨੂੰ ਸਮਾਜ ਤੱਕ ਪਹੁੰਚਾਉਣ ਲਈ ਵੱਖ-ਵੱਖ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ। ਸਰਬ ਧਰਮ ਸੰਮੇਲਨ ਵੀ ਉਨ੍ਹਾਂ ਉੱਦਮਾਂ ਦਾ ਇਕ ਅਹਿਮ ਹਿੱਸਾ ਹੈ, ਜਿਸ ਰਾਹੀਂ ਸਰਕਾਰ ਸਮਾਜ ਵਿੱਚ ਏਕਤਾ ਤੇ ਸਦਭਾਵਨਾ ਦਾ ਸੰਦੇਸ਼ ਦੇਣ ਦਾ ਯਤਨ ਕਰ ਰਹੀ ਹੈ। ਉਨ੍ਹਾਂ ਨੇ ਸਾਰੇ ਧਰਮਾਂ ਦੀਆਂ ਅਧਿਆਤਮਿਕ ਸਖਸ਼ੀਅਤਾਂ, ਮਹਾਪੁਰਸ਼ਾ, ਸੰਤ ਸਮਾਜ ਅਤੇ ਸੰਗਤਾਂ ਨੂੰ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਨਿਮਰਤਾ ਭਰਿਆ ਸੱਦਾ ਦਿੱਤਾ ਹੈ। ਸ੍ਰ. ਬੈਂਸ ਨੇ ਕਿਹਾ ਕਿ ਇਸ ਪ੍ਰਕਾਰ ਦੇ ਸਮਾਗਮ ਸਾਡੇ ਸਮਾਜ ਨੂੰ ਇਕ ਮਜ਼ਬੂਤ ਅਤੇ ਸਾਂਝੇ ਮੁੱਲਾਂ ਵਾਲਾ ਢਾਂਚਾ ਪ੍ਰਦਾਨ ਕਰਦੇ ਹਨ, ਜੋ ਭਵਿੱਖ ਦੀਆਂ ਪੀੜ੍ਹੀਆਂ ਨੂੰ ਸਤਿਕਾਰ ਅਤੇ ਗੁਰਮਤਿ ਮਰਯਾਦਾ ਵਿੱਚ ਜੀਊਣ ਦੀ ਪ੍ਰੇਰਣਾ ਦਿੰਦੇ ਹਨ।

# 'ਯੁਵਾ ਆਪਦਾ ਮਿੱਤਰ' ਯੋਜਨਾ ਤਹਿਤ ਹੁਸ਼ਿਆਰਪੁਰ 'ਚ ਲਗਾਇਆ ਸਿਖਲਾਈ ਪ੍ਰੋਗਰਾਮ



**ਹੁਸ਼ਿਆਰਪੁਰ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

'ਯੁਵਾ ਆਪਦਾ ਮਿੱਤਰ ਯੋਜਨਾ' ਤਹਿਤ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ 16 ਨਵੰਬਰ ਨੂੰ ਸ਼ੁਰੂ ਹੋਇਆ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਲਗਾਤਾਰ ਚਾਰ ਦਿਨਾਂ ਤੋਂ ਉਤਸ਼ਾਹ ਨਾਲ ਜਾਰੀ ਹੈ। ਇਹ ਸਿਖਲਾਈ 23 ਨਵੰਬਰ ਤੱਕ ਚੱਲੇਗੀ, ਜਿਸ ਵਿੱਚ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਐਡਮਿਨਿਸਟ੍ਰੇਸ਼ਨ ਦੀ ਇਕ ਵਿਸ਼ੇਸ਼ ਟੀਮ ਵਲੰਟੀਅਰਾਂ ਨੂੰ ਆਫ਼ਤ ਪ੍ਰਬੰਧਨ ਨਾਲ ਸਬੰਧਤ ਵੱਖ-ਵੱਖ ਮਹੱਤਵਪੂਰਨ ਵਿਸ਼ਿਆਂ 'ਤੇ ਵਿਹਾਰਕ ਜਾਣਕਾਰੀ ਪ੍ਰਦਾਨ ਕਰ ਰਹੀ ਹੈ। ਫੂਡ ਕਰਾਫਟ ਇੰਸਟੀਚਿਊਟ, ਹੁਸ਼ਿਆਰਪੁਰ ਵਿਖੇ ਆਯੋਜਿਤ ਇਸ ਸਿਖਲਾਈ ਵਿੱਚ ਕੁੱਲ 250 ਐਨ.ਐਸ.ਐਸ ਵਲੰਟੀਅਰ ਹਿੱਸਾ ਲੈ ਰਹੇ ਹਨ।

ਸਿਖਲਾਈ ਦੇ ਪਹਿਲੇ ਦਿਨ ਕੋਰਸ ਡਾਇਰੈਕਟਰ ਕਰਨਲ ਦਲਬੀਰ ਸਿੰਘ ਅਤੇ ਕੋਰਸ ਕੋਆਰਡੀਨੇਟਰ ਅੰਕੁਰ ਸ਼ਰਮਾ ਨੇ ਪ੍ਰੋਗਰਾਮ ਦਾ ਉਦਘਾਟਨ ਕੀਤਾ। ਵਲੰਟੀਅਰਾਂ ਨੂੰ ਰਜਿਸਟਰ ਕੀਤਾ ਗਿਆ ਅਤੇ ਵੱਖ-ਵੱਖ ਕਿਸਮਾਂ ਦੀਆਂ ਆਫ਼ਤਾਂ, ਮੁਢਲੀ ਤਿਆਰੀ ਅਤੇ ਕਮਿਊਨਿਟੀ-ਪੱਧਰੀ ਜੋਖਮ ਘਟਾਉਣ ਦੇ ਤਰੀਕਿਆਂ ਬਾਰੇ ਮੁੱਢਲੀ ਜਾਣਕਾਰੀ ਪ੍ਰਦਾਨ ਕੀਤੀ ਗਈ। ਦੂਜੇ ਦਿਨ, ਟ੍ਰੇਨਰਾਂ ਨੇ ਭੀੜ ਨਿਯੰਤਰਣ, ਸੁਰੱਖਿਅਤ ਨਿਕਾਸੀ ਰੂਟਾਂ, ਆਫ਼ਤ ਪ੍ਰਬੰਧਨ ਅਤੇ ਐਮਰਜੈਂਸੀ ਕਿੱਟਾਂ ਦੀ ਮਹੱਤਤਾ ਬਾਰੇ ਵਿਸਥਾਰਪੂਰਵਕ ਸਿਖਲਾਈ ਪ੍ਰਦਾਨ ਕੀਤੀ। ਟ੍ਰੇਨਰ ਸ਼ੁਭਮ ਵਰਮਾ ਅਤੇ ਅੰਕੁਰ ਨੇ ਵਿਦਿਆਰਥੀਆਂ ਨੂੰ ਸੁਰੱਖਿਅਤ ਸਥਾਨ 'ਤੇ ਪਹੁੰਚਣ ਦੇ ਤਰੀਕੇ ਬਾਰੇ ਸਿਖਲਾਈ ਵੀ ਪ੍ਰਦਾਨ ਕੀਤੀ।ਤੀਜੇ ਦਿਨ, ਵਲੰਟੀਅਰਾਂ ਨੂੰ ਭੂਚਾਲ ਸੁਰੱਖਿਆ ਅਤੇ ਭੂਚਾਲ ਦੌਰਾਨ ਅਪਣਾਈਆਂ ਜਾਣ ਵਾਲੀਆਂ ਤਕਨੀਕਾਂ ਬਾਰੇ ਸਿਖਲਾਈ ਦਿੱਤੀ ਗਈ। ਟ੍ਰੇਨਰ ਸਚਿਨ ਨੇ ਮਲਬੇ ਹੇਠ ਫਸੇ ਜ਼ਖਮੀਆਂ ਨੂੰ ਲੱਭਣ ਅਤੇ ਬਚਾਉਣ ਦੇ ਤਰੀਕਿਆਂ ਦਾ ਪ੍ਰਦਰਸ਼ਨ ਕੀਤਾ। ਸ਼ੁਭਮ ਵਰਮਾ ਅਤੇ ਸਲੋਨੀ ਨੇ ਵਲੰਟੀਅਰਾਂ ਨੂੰ ਮਲਬੇ ਤੋਂ ਜ਼ਖਮੀਆਂ ਨੂੰ ਸੁਰੱਖਿਅਤ ਢੰਗ ਨਾਲ ਕੱਢਣ ਲਈ ਵੱਖ-ਵੱਖ ਤਕਨੀਕਾਂ ਸਿਖਾਈਆਂ। ਚੌਥੇ ਦਿਨ, ਵਲੰਟੀਅਰਾਂ ਨੂੰ ਰੱਸੀ ਨਾਲ ਬਚਾਅ ਸਬੰਧੀ ਤਕਨੀਕਾਂ ਦੀ ਸਿਖਲਾਈ ਦਿੱਤੀ ਗਈ। ਟ੍ਰੇਨਰ ਸਚਿਨ ਸ਼ਰਮਾ ਨੇ ਉਨ੍ਹਾਂ ਨੂੰ ਵੱਖ-ਵੱਖ ਗੰਢਾਂ ਬੰਨ੍ਹਣ, ਉੱਚੀਆਂ ਥਾਵਾਂ ਤੋਂ ਚੜ੍ਹਨ ਅਤੇ ਉਤਰਨ ਦਾ ਤਰੀਕਾ ਸਿਖਾਇਆ ਅਤੇ ਟ੍ਰੇਨਰ ਪ੍ਰੀਤੀ ਦੇਵੀ ਸ਼ਾਨੂ ਅਤੇ ਸ਼ੈਨਾ ਕੌਰ ਨੇ ਗਰਮੀ ਅਤੇ ਠੰਡੀਆਂ ਲਹਿਰਾਂ ਦੌਰਾਨ ਬਚਾਅ ਉਪਾਵਾਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ। ਕੋਰਸ ਕੋਆਰਡੀਨੇਟਰ ਅੰਕੁਰ ਸ਼ਰਮਾ ਨੇ ਸੀ.ਪੀ.ਆਰ ਕਿਵੇਂ ਦੇਣਾ ਹੈ ਇਸਦਾ ਇੱਕ ਵਿਹਾਰਕ ਪ੍ਰਦਰਸ਼ਨ ਵੀ ਦਿੱਤਾ।

# ਪੰਜਾਬ ਸਟੇਟ ਐਥਲੈਟਿਕ ਮੀਟ ਮਸਤੂਆਣਾ ਸਾਹਿਬ 'ਚ ਨਿਊ ਗੰਗਸਰ ਸਪੋਰਟਸ ਕਲੱਬ ਦੇ ਅਥਲੀਟਾਂ ਦੀ ਸ਼ਾਨਦਾਰ ਪ੍ਰਦਰਸ਼ਨ



**ਜੈਤੋਂ,23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਟੇਟ ਐਥਲੈਟਿਕ ਮੀਟ ਮਸਤੂਆਣਾ ਸਾਹਿਬ ਵਿੱਚ ਨਿਊ ਗੰਗਸਰ ਸਪੋਰਟਸ ਕਲੱਬ ਦੇ ਅਥਲੀਟਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਖੇਡ ਮੈਦਾਨ ਵਿੱਚ ਆਪਣੀ ਦਮਦਾਰ ਹਾਜ਼ਰੀ ਦਰਜ ਕਰਵਾਈ। ਖਿਡਾਰੀਆਂ ਨੇ ਵੱਖ-ਵੱਖ ਇਵੈਂਟਸ ਵਿੱਚ ਆਪਣੇ ਜਜ਼ਬੇ, ਅਨੁਸ਼ਾਸਨ ਤੇ ਲਗਨ ਦੇ ਬਲਬੂਤੇ ਕਈ ਤਮਗੇ ਜਿੱਤ ਕੇ ਖੇਡ ਜਗਤ ਵਿੱਚ ਕਲੱਬ ਦਾ ਨਾਮ ਰੌਸ਼ਨ ਕੀਤਾ।

ਕੋਚ ਦੇਵਿੰਦਰ ਬਾਬੂ ਨੇ ਜੈਵਲਿਨ ਥਰੋ ਅਤੇ ਹੈਮਰ ਥਰੋ ਵਿੱਚ ਕ੍ਰਮਵਾਰ ਚਾਂਦੀ ਅਤੇ ਕਾਂਸੀ ਦੇ ਤਮਗੇ ਜਿੱਤੇ।

ਗੁਰਲਾਲ ਸਿੰਘ ਬਰਾੜ, ਕੰਪਿਊਟਰ ਅਧਿਆਪਕ, ਸਕੂਲ ਆਫ ਐਮੀਨੈਂਸ ਜੈਤੋ ਨੇ ਹੈਮਰ ਥਰੋ ਵਿੱਚ ਚਾਂਦੀ, ਸ਼ਾਟ ਪੁੱਟ ਵਿੱਚ ਕਾਂਸੀ ਅਤੇ 5000 ਮੀਟਰ ਰੇਸਵਾਕ ਵਿੱਚ ਕਾਂਸੀ ਦਾ ਤਮਗਾ ਹਾਸਲ ਕੀਤਾ।

ਇਸੇ ਤਰ੍ਹਾਂ ਚਰਨਜੀਤ ਸਿੰਘ ਹੈਪੀ ਨੇ 5000 ਮੀਟਰ ਵਾਕ ਰੇਸ ਵਿੱਚ ਸੋਨ ਤਮਗਾ, ਜਦਕਿ ਚਰਨਜੀਤ ਸਿੰਘ ਨੇ 5000 ਮੀਟਰ ਰੇਸ ਵਿੱਚ ਸੋਨ ਅਤੇ 1500 ਮੀਟਰ ਵਿੱਚ ਚਾਂਦੀ ਦਾ ਤਮਗਾ ਜਿੱਤ ਕੇ ਜੈਤੋ ਦਾ ਮਾਣ ਵਧਾਇਆ।

ਕਲੱਬ ਦੇ ਸਰਪ੍ਰਸਤ ਸੰਤ ਰਿਸ਼ੀ ਰਾਮ ਜੀ ਜਲਾਲਵਾਲੇ (ਪ੍ਰਧਾਨ ਮਾਤਾ ਅਮਰ ਕੌਰ ਚੈਰੀਟੇਬਲ ਟਰੱਸਟ ਜੈਤੋ) ਅਤੇ ਕਲੱਬ ਪ੍ਰਧਾਨ ਗੁਰਬੀਰ ਸਿੰਘ ਬਰਾੜ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਾਰੇ ਅਥਲੀਟ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਹਨ। ਉਹਨਾਂ ਕਿਹਾ ਕਿ ਖਿਡਾਰੀਆਂ ਦੀ ਮਿਹਨਤ ਤੇ ਜਜ਼ਬੇ ਕਰਕੇ ਅੱਜ ਵੀ ਖੇਡ ਗਰਾਊਂਡ ਜੈਤੋ ਨਾਲ ਸੈਕੜਿਆਂ ਨੌਜਵਾਨਾਂ ਦੀ ਖੇਡਾਂ ਨਾਲ ਜੁੜਾਵ ਬਣਿਆ ਹੋਇਆ ਹੈ।

ਇਸ ਮੌਕੇ ਗੁਰਵਿੰਦਰ ਸਿੰਘ ਬਰਾੜ ਰੋੜੀਕਪੂਰਾ, ਪਰਮਜੀਤ ਸਿੰਘ ਜੈਤੋ, ਸੁਰਿੰਦਰਪਾਲ ਸਿੰਘ ਝੱਖੜਵਾਲਾ, ਮਨਬੀਰ ਸਿੰਘ ਬੱਬੂ ਬਰਾੜ ਮੱਤਾ, ਗੁਰਮੀਤਪਾਲ ਸ਼ਰਮਾ ਰੋੜੀਕਪੂਰਾ, ਦੇਵਿੰਦਰਬੀਰ ਸਿੰਘ ਪੱਪੂ ਬਰਾੜ ਮੱਤਾ, ਪ੍ਰਵੀਨ ਸਿੰਗਲਾ, ਕਰਮਜੀਤ ਕਾਲਾ ਸ਼ਰਮਾ, ਸੱਤਪਾਲ ਸਿੰਘ ਸਦਿਉੜ, ਕੁਲਵੰਤ ਸਿੰਘ ਬਰਾੜ ਸਾਬਕਾ ਸਰਪੰਚ ਰੋੜੀਕਪੂਰਾ, ਸਤਨਾਮ ਸਿੰਘ ਬਰਾੜ ਰੋੜੀਕਪੂਰਾ, ਮੱਖਣ ਸਿੰਘ, ਖੁਸਵਿੰਦਰ ਸਿੰਘ ਸਰਾਵਾਂ, ਰਾਜਵਿੰਦਰ ਸਿੰਘ, ਦੀਪੂ ਸਿੱਧੂ, ਯਾਦਵਿੰਦਰ ਸਿੰਘ, ਸਾਹਿਲ, ਗੁਰਜਿੰਦਰ ਸਿੰਘ ਜੱਗਾ ਢਿੱਲੋਂ, ਜਸਪ੍ਰੀਤ ਸਿੰਘ ਕੋਟਕਪੂਰਾ, ਖੁਸ਼ਵਿੰਦਰ ਸਿੰਘ, ਜਸਵੀਰ ਸਿੰਘ, ਹਰਪ੍ਰੀਤ ਸਿੰਘ ਗਿੱਲ ਅਤੇ ਬੂਟਾ ਸਿੰਘ ਫ਼ਰੀਦਕੋਟ ਆਦਿ ਨੇ ਵੀ ਖਿਡਾਰੀਆਂ ਨੂੰ ਦਿਲੋਂ ਮੁਬਾਰਕਬਾਦ ਦਿੱਤੀ।

# ਸਿਹਤ ਦੇ ਖੇਤਰ ਵਿਚ ਪੰਜਾਬ ਸਰਕਾਰ ਨੇ ਲਿਆਂਦੀ ਅਥਾਹ ਕ੍ਰਾਂਤੀ-ਨਰਿੰਦਰ ਪਾਲ ਸਿੰਘ ਸਵਨਾ



**ਫਾਜ਼ਿਲਕਾ,23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਫਾਜ਼ਿਲਕਾ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਪਿੰਡਾਂ ਦੇ ਨੌਜਵਾਨਾਂ ਤੇ ਲੋਕਾਂ ਨੂੰ ਸੌਗਾਤ ਪ੍ਰਦਾਨ ਕਰਦਿਆਂ ਵੱਖ-ਵੱਖ ਪਿੰਡਾਂ ਵਿਖੇ ਲਗਭਗ 2 ਕਰੋੜ 73 ਲੱਖ ਦੀ ਲਾਗਤ ਨਾਲ ਖੇਡ ਸਟੇਡੀਅਮਾਂ ਤੇ ਹੈਲਥ ਵੈਲਨੈਸ ਸੈਂਟਰ ਦੇ ਨੀਂਹ ਪੱਥਰ ਰੱਖੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਰੰਗਲੇ ਪੰਜਾਬ ਦੇ ਉਦੇਸ਼ ਦੀ ਪੂਰਤੀ ਸਦਕਾ ਸੂਬੇ ਦੀ ਨੌਜਵਾਨੀ ਨੂੰ ਚੰਗੇ ਰਾਹੇ ਪਾਉਣ ਲਈ ਪੁਰਜੋਰ ਉਪਰਾਲੇ ਕਰ ਰਹੀ ਹੈ। ਨੌਜਵਾਨ ਵਰਗ ਨਸ਼ਿਆਂ ਤੋਂ ਦੂਰ ਰਹੇ, ਇਸ ਲਈ ਵੱਧ ਤੋ ਵੱਧ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ ਤਾਂ ਜੋ ਨੌਜਵਾਨ ਖੇਡਾਂ ਨਾਲ ਜੁੜਿਆ ਰਹੇ। ਇਸ ਦੇ ਨਾਲ ਸਿਹਤ ਦੀ ਸੁਰੱਖਿਆ ਤੇ ਇਲਾਜ ਲਈ ਹੈਲਥ ਵੈਲਨੈਸ ਸੈਂਟਰ ਵੀ ਉਲੀਕੇ ਜਾ ਰਹੇ ਹਨ।

ਇਸੇ ਤਹਿਤ ਹਲਕਾ ਫਾਜ਼ਿਲਕਾ ਦੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਦੱਸਿਆ ਕਿ ਪਿੰਡ ਲਾਲੋ ਵਾਲੀ, ਝੋਕ ਡਿਪੂਲਾਣਾ ਵਿਖੇ ਅਤੇ ਕੀੜਿਆਂ ਵਾਲੀ ਵਿਖੇ 35-35 ਲੱਖ ਦੀ ਲਾਗਤ ਨਾਲ ਹੈਲਥ ਵੈਲਨੈਸ ਸੈਂਟਰ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਪਿੰਡਾਂ ਵਿਖੇ ਹੀ ਸਿਹਤ ਸਹੂਲਤਾਂ ਮਿਲਣ, ਇਸ ਲਈ ਹੈਲਥ ਸੈਂਟਰ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਥੋੜੇ ਬਹੁਤ ਇਲਾਜ ਲਈ ਸਿਵਲ ਹਸਪਤਾਲ ਵਿਖੇ ਜਾਣ ਦੀ ਜਰੂਰਤ ਨਾ ਪਵੇ, ਲੋੜੀਂਦਾ ਇਲਾਜ ਇਨ੍ਹਾਂ ਸੈਂਟਰਾਂ ਵਿਖੇ ਹੀ ਉਪਲਬਧ ਹੋਵੇਗਾ।

ਇਸ ਤੋਂ ਇਲਾਵਾ ਪਿੰਡ ਅਭੁੰਨ ਵਿਖੇ 51.39 ਲੱਖ, ਝੋਕ ਡਿਪੂਲਾਣਾ ਵਿਖੇ 39.50, ਕੌੜੀਆਂ ਵਾਲੀ 30 ਲੱਖ ਅਤੇ ਪਿੰਡ ਫਤਿਹਗੜ ਵਿਖੇ 46.96 ਦੀ ਲਾਗਤ ਨਾਲ ਬਣਨ ਵਾਲੇ ਖੇਡ ਮੈਦਾਨ ਦਾ ਨੀਹ ਪੱਥਰ ਰਖਿਆ। ਉਨ੍ਹਾਂ ਕਿਹਾ ਕਿ ਨੌਜਵਾਨ ਵਰਗ ਮਾੜੀ ਸੰਗਤ ਵਿਚ ਨਾ ਪਵੇ ਤਾ ਖੇਡ ਪ੍ਰੋਜੈਕਟ ਉਲੀਕ ਕੇ ਨੌਜਵਾਨਾਂ ਨੂੰ ਖੇਡਾਂ ਵੱਲ ਲਿਜਾਇਆ ਜਾ ਰਿਹਾ ਹੈ ।

ਵਿਧਾਇਕ ਫਾਜ਼ਿਲਕਾ ਸ੍ਰੀ ਸਵਨਾ ਨੇ ਕਿਹਾ ਕਿ ਮੌਜੂਦਾ ਸਰਕਾਰ ਨੌਜਵਾਨ ਵਰਗ ਦੀ ਭਲਾਈ ਲਈ ਲਗਾਤਾਰ ਯਤਨਸ਼ੀਲ ਹੈ। ਨੌਜਵਾਨ ਵਰਗ ਨੂੰ ਮਾੜੀ ਕੁਰੀਤੀਆਂ ਤੋਂ ਬਚਾਉਣ ਲਈ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਖੇਡ ਮੈਦਾਨ ਤਿਆਰ ਕੀਤੇ ਜਾ ਰਹੇ ਹਨ ਜਿਥੇ ਲਗਾਤਾਰ ਮਿਹਨਤ ਕਰਕੇ ਜਿਥੇ ਇਕ-ਇਕ ਨੌਜਵਾਨ ਸਿਹਤਮੰਦ ਰਹੇਗਾ ਤੇ ਖੇਡਾਂ ਖੇਡ ਕੇ ਆਪਣੀ ਐਨਰਜੀ ਨੂੰ ਸਕਰਾਤਮਕ ਗਤੀਵਿਧੀਆਂ ਵੱਲ ਲਗਾਏਗਾ ।

ਇਸ ਮੌਕੇ ਪਰਮਜੀਤ ਸਿੰਘ ਨੂਰਸ਼ਾਹ, ਲਖਵੀਰ ਸਿੰਘ ਸਰਪੰਚ, ਅਮਰੀਕ ਸਿੰਘ ਬਲਾਕ ਪ੍ਰਧਾ, ਸਰਪੰਚ ਪ੍ਰੇਮ ਸਿੰਘ, ਸੁਰਿੰਦਰ ਕੰਬੋਜ ਬਲਾਕ ਪ੍ਰਧਾਨ, ਜਗਸੀਰ ਸਿੰਘ, ਲਖਵਿੰਦਰ ਸਿੰਘ ਸਰਪੰਚ, ਮਨਦੀਪ ਸਿੰਘ ਆਦਿ ਆਗੂ ਮੌਜੂਦ ਸਨ।

# ਸਸ਼ਕਤ ਨਾਰੀ, ਸਸ਼ਕਤ ਪੰਜਾਬ - ਮਹਿਲਾ ਉਦਮਤਾ ਦਿਵਸ 'ਤੇ ਮਹਿਲਾਵਾਂ ਦਾ

**ਲੁਧਿਆਣਾ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਮਹਿਲਾ ਵਿੰਗ ਲੁਧਿਆਣਾ ਸ਼ਹਿਰੀ ਵੱਲੋਂ ਪ੍ਰਧਾਨ ਮਨੀਸ਼ਾ ਕਪੂਰ ਦੀ ਅਗਵਾਈ ਵਿੱਚ ਅੱਜ ਮਹਿਲਾ ਉਦਮਤਾ ਦਿਵਸ ਸਮਰਪਿਤ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਇਹ ਪ੍ਰੋਗਰਾਮ ਪੰਜਾਬ ਪ੍ਰਧਾਨ ਡਾ. ਅਮਨਦੀਪ ਕੌਰ ਅਰੋੜਾ ਅਤੇ ਪੰਜਾਬ ਪ੍ਰਭਾਰੀ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਕਰਵਾਇਆ ਗਿਆ।

ਸਮਾਰੋਹ ਦੌਰਾਨ ਵੱਖ-ਵੱਖ ਖੇਤਰਾਂ ਵਿੱਚ ਉੱਤਮ ਪ੍ਰਾਪਤੀਆਂ ਕਰਨ ਵਾਲੀਆਂ ਮਹਿਲਾਵਾਂ ਨੂੰ ਸਨਮਾਨਿਤ ਕਰਕੇ ਉਨ੍ਹਾਂ ਦਾ ਮਨੋਬਲ ਵਧਾਇਆ ਗਿਆ।

ਮਹਿਲਾਵਾਂ ਨੂੰ ਆਤਮਨਿਰਭਰ ਬਣਨ ਅਤੇ ਸਮਾਜ ਵਿੱਚ ਨੇਤ੍ਰਤਵ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕੀਤਾ ਗਿਆ।

ਇਸ ਮੌਕੇ ਮੁੱਖ ਮਹਿਮਾਨ ਵਜੋਂ ਪ੍ਰਸਿੱਧ ਸਮਾਜ ਸੇਵਕ ਦੀਪਕ ਗਰਗ ਹਾਜ਼ਰ ਰਹੇ, ਜਦਕਿ ਜ਼ੋਨ ਇੰਚਾਰਜ ਅਜਿੰਦਰ ਕੌਰ, ਹਲਕਾ ਕੋਆਰਡੀਨੇਟਰ ਪੂਨਮ ਅਰੋੜਾ, ਸੁਖਪ੍ਰੀਤ ਕੌਰ, ਅਲਕਾ ਮਲਹੋਤਰਾ, ਰਾਧਾ ਮਲਹੋਤਰਾ ਅਤੇ ਬਲਾਕ ਪ੍ਰਧਾਨ ਵੀ ਸ਼ਾਮਲ ਰਹੇ।

ਮਨੀਸ਼ਾ ਕਪੂਰ ਨੇ ਕਿਹਾ ਕਿ ਮਹਿਲਾਵਾਂ ਦੀ ਸਸ਼ਕਤੀਕਰਨ ਤੋਂ ਬਿਨਾਂ ਪੰਜਾਬ ਦੀ ਤਰੱਕੀ ਸੰਭਵ ਨਹੀਂ। ਆਮ ਆਦਮੀ ਪਾਰਟੀ ਹਮੇਸ਼ਾਂ ਮਹਿਲਾਵਾਂ ਨੂੰ ਅੱਗੇ ਲਿਆਉਣ ਲਈ ਵਚਨਬੱਧ ਹੈ।

# ਲੁਧਿਆਣਾ ਵਿਖੇ ਅਕਾਲੀ ਦਲ 'ਵਾਰਿਸ ਪੰਜਾਬ ਦੇ' ਦੀ ਕੋਰ ਕਮੇਟੀ ਦੀ ਹੋਈ ਅਹਿਮ ਮੀਟਿੰਗ



**ਲੁਧਿਆਣਾ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਅਕਾਲੀ ਦਲ 'ਵਾਰਿਸ ਪੰਜਾਬ ਦੇ' ਦੀ ਕੋਰ ਕਮੇਟੀ ਦੀ ਇੱਕ ਅਹਿਮ ਮੀਟਿੰਗ ਮਾਡਲ ਟਾਊਨ ਵਿੱਚ ਹੋਈ, ਜਿਸ ਵਿੱਚ ਤਰਨਤਾਰਨ ਜ਼ਿਮਨੀ ਚੋਣਾਂ ਵਿੱਚ ਪਾਰਟੀ ਨੂੰ ਹੋਈ ਹਾਰ ਬਾਰੇ ਵਿਸਥਾਰ ਨਾਲ ਚਿੰਤਨ ਕੀਤਾ ਗਿਆ। ਮੀਟਿੰਗ ਦੀ ਪ੍ਰਧਾਨਗੀ ਸ. ਤਰਸੇਮ ਸਿੰਘ ਖਾਲਸਾ ਸਮੇਤ ਕਈ ਸੀਨੀਅਰ ਆਗੂਆਂ ਨੇ ਕੀਤੀ।

ਮੀਟਿੰਗ ਤੋਂ ਬਾਅਦ ਪ੍ਰੈਸ ਕਾਨਫਰੰਸ ਦੌਰਾਨ ਸ. ਤਰਸੇਮ ਸਿੰਘ ਖਾਲਸਾ ਨੇ ਕਿਹਾ ਕਿ ਜਿਮਨੀ ਚੋਣਾਂ ਦੌਰਾਨ ਉਮੀਦਵਾਰ ਦੇ ਐਲਾਨ ਵਿੱਚ ਹੋਈ ਦੇਰੀ ਅਤੇ ਵਿਰੋਧੀ ਧਿਰਾਂ ਵੱਲੋਂ ਪੈਸੇ-ਤਾਕਤ ਦੀ ਦੁਰਵਰਤੋਂ ਕਾਰਨ ਪਾਰਟੀ ਨੂੰ ਨੁਕਸਾਨ ਝੱਲਣਾ ਪਿਆ।

ਉਨ੍ਹਾਂ ਕਿਹਾ ਕਿ ਇਸ ਤੋਂ ਸਬਕ ਲੈਂਦਿਆਂ ਭਵਿੱਖ ਦੀ ਰਣਨੀਤੀ ਮੁੜ ਤਿਆਰ ਕੀਤੀ ਜਾ ਰਹੀ ਹੈ।

ਉਨ੍ਹਾਂ ਐਲਾਨ ਕੀਤਾ ਕਿ ਪਾਰਟੀ ਸ਼੍ਰੀ ਖਡੂਰ ਸਾਹਿਬ ਦੀ ਆਉਣ ਵਾਲੀ ਜਿਮਨੀ ਚੋਣ ਵਿਚ ਸਰਗਰਮ ਹਿੱਸਾ ਲਵੇਗੀ ਅਤੇ ਅਗਲੀ ਵਾਰ ਉਮੀਦਵਾਰਾਂ ਦਾ ਐਲਾਨ ਸਮੇਂ ਸਿਰ ਕੀਤਾ ਜਾਵੇਗਾ। ਪਾਰਟੀ ਜੱਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਆਉਂਦੇ ਦਿਨਾਂ ਵਿੱਚ ਸੂਬੇ ਭਰ ਵਿੱਚ ਮੀਟਿੰਗਾਂ ਕੀਤੀਆਂ ਜਾਣਗੀਆਂ।

ਮੀਟਿੰਗ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਸਬੰਧੀ ਮਾਮਲੇ 'ਤੇ ਵੀ ਚਰਚਾ ਹੋਈ, ਜਿਸ ਬਾਰੇ ਖਾਲਸਾ ਨੇ ਦੱਸਿਆ ਕਿ ਸੁਪਰੀਮ ਕੋਰਟ ਨੇ ਹਾਈ ਕੋਰਟ ਨੂੰ ਨਿਰਧਾਰਤ ਸਮੇਂ ਅੰਦਰ ਐਨ.ਐਸ.ਏ ਬਾਰੇ ਫੈਸਲਾ ਕਰਨ ਲਈ ਕਿਹਾ ਹੈ।

ਇਸ ਮੌਕੇ ਕਾਰਜਕਾਰਨੀ ਕਮੇਟੀ ਦੇ ਕਈ ਮੈਂਬਰ ਅਤੇ ਪਾਰਟੀ ਦੇ ਵੱਡੇ ਆਗੂ ਹਾਜ਼ਰ ਸਨ।

# ਵਿਦਿਆਰਥਣਾਂ ਨੂੰ ਜੈਪੁਰ, ਆਗਰਾ, ਮਥੁਰਾ ਅਤੇ ਬ੍ਰਿੰਦਾਵਨ ਵਿਖੇ ਵਿਦਿਅਕ ਟੂਰ ਤੇ ਲਿਜਾਇਆ ਗਿਆ

**ਬਰਨਾਲਾ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਵਿਦਿਆਰਥਣਾਂ ਵਿੱਚ ਕਿਤਾਬੀ ਗਿਆਨ ਦੇ ਨਾਲ-ਨਾਲ ਬਾਹਰੀ ਦੁਨੀਆ ਨੂੰ ਦੇਖਣ ਤੇ ਸਮਝਣ ਦੀ



ਸਮਝ ਵਿਕਸਤ ਕਰਨ ਦੇ ਉਦੇਸ਼ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੱਟੂ ਦੀਆਂ 60 ਵਿਦਿਆਰਥਣਾਂ ਨੂੰ 13 ਨਵੰਬਰ ਤੋਂ 16 ਨਵੰਬਰ ਤੱਕ ਜੈਪੁਰ, ਆਗਰਾ, ਮਥੁਰਾ ਅਤੇ ਬ੍ਰਿੰਦਾਵਨ ਵਿਖੇ ਵਿਦਿਅਕ ਟੂਰ ਤੇ ਲਿਜਾਇਆ ਗਿਆ।

ਇਸ ਵਿਦਿਅਕ ਯਾਤਰਾ ਬਾਰੇ ਜਾਣਕਾਰੀ ਦਿੰਦਿਆਂ ਸਕੂਲ ਮੁਖੀ ਮੈਡਮ ਰੇਨੂੰ ਬਾਲਾ ਨੇ ਦੱਸਿਆ ਕਿ ਇਨ੍ਹਾਂ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਦੀ ਯਾਤਰਾ ਨਾਲ ਵਿਦਿਆਰਥਣਾਂ ਨੂੰ ਭਾਰਤੀ ਸਭਿਆਚਾਰ, ਵਿਰਾਸਤ ਅਤੇ ਸਥਾਪਤੀਆਂ ਬਾਰੇ ਬਹੁਮੁੱਲੀ ਜਾਣਕਾਰੀ ਪ੍ਰਾਪਤ ਹੋਈ।

ਟੂਰ ਇੰਚਾਰਜ ਵਜੋਂ ਸ. ਲਖਵੀਰ ਸਿੰਘ ਧਨੇਸਰ (ਲੈਕਚਰਾਰ ਪੰਜਾਬੀ) ਨੇ ਜਿ ੰਮੇਵਾਰੀ ਸੰਭਾਲੀ। ਇਸ ਯਾਤਰਾ ਦੌਰਾਨ ਮੈਡਮ ਗੁਰਸਿਮਰਤ ਕੌਰ, ਮੈਡਮ ਜਸਵਿੰਦਰ ਕੌਰ, ਸ.ਕਰਮਜੀਤ ਸਿੰਘ ਰੰਗੀਆਂ, ਸ.ਅਮਨਦੀਪ ਸਿੰਘ ਧਾਲੀਵਾਲ, ਸ.ਗੁਰਵਿੰਦਰ ਸਿੰਘ ਭੱਠਲ ਵੀ ਵਿਦਿਆਰਥਣਾਂ ਦੇ ਨਾਲ ਰਹੇ।

ਵਿਦਿਆਰਥਣਾਂ ਨੇ ਜੈਪੁਰ ਦਾ ਇਤਿਹਾਸਕ ਜੈਗੜ੍ਹ ਕਿਲ੍ਹਾ,ਹਵਾ ਮਹਿਲ, ਜੰਤਰ ਮੰਤਰ, ਜਲ ਮਹਿਲ, ਆਗਰਾ ਦਾ ਤਾਜ ਮਹਿਲ, ਮਥੁਰਾ ਅਤੇ ਬ੍ਰਿੰਦਾਵਨ ਦੇ ਧਾਰਮਿਕ ਸਥਾਨ ਵੇਖੇ ਅਤੇ ਉਨ੍ਹਾਂ ਦੇ ਸੱਭਿਆਚਾਰਕ ਮਹੱਤਵ ਬਾਰੇ ਜਾਣਿਆ। ਯਾਤਰਾ ਵਿਦਿਆਰਥਣਾਂ ਲਈ ਗਿਆਨਵਰਧਕ ਅਤੇ ਪ੍ਰੇਰਣਾਦਾਇਕ ਸਾਬਤ ਹੋਈ।

# ਅੰਨਦਾਤਾ ਨੂੰ ਮਜਬੂਤ, ਸਸ਼ਕਤ ਅਤੇ ਖੁਸ਼ਹਾਲ ਬਨਾਉਣਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਸੰਕਲਪ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

**ਚੰਡੀਗੜ੍ਹ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਅੱਜ ਤਮਿਲਨਾਡੂ ਦੇ ਕੋਯੰਬਟੂਰ ਤੋਂ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨੀਧੀ ਯੋਜਨਾ ਤਹਿਤ ਪੂਰੇ ਦੇਸ਼ ਦੇ ਕਿਸਾਨਾਂ ਦੇ ਖਾਤਿਆਂ ਵਿੱਚ 21ਵੀਂ ਕਿਸਤ ਜਾਰੀ ਕੀਤੀ। ਇਸ ਮੌਕੇ 'ਤੇ ਹਰਿਆਣਾ ਦੇ 15 ਲੱਖ 82 ਹਜਾਰ ਕਿਸਾਨਾਂ ਨੂੰ 316 ਕਰੋੜ 38 ਲੱਖ ਕਰੋੜ ਰੁਪਏ ਦੀ ਰਕਮ ਸਿੱਧੇ ਲਾਭਕਾਰਾਂ ਦੇ ਖਾਤਿਆਂ ਵਿੱਚ ਟ੍ਰਾਂਸਫਰ ਕੀਤੀ ਗਈ।

ਇਸ ਮੌਕੇ 'ਤੇ ਜਿਲ੍ਹਾ ਪਲਵਲ ਵਿੱਚ ਰਾਜ ਪੱਧਰੀ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਮੁੱਖ ਮਹਿਮਾਨ ਵਜੋ ਸ਼ਾਮਿਲ ਹੋਏ। ਇਸ ਤੋਂ ਇਲਾਵਾ, ਸਾਰੇ ਜਿਲ੍ਹਿਆਂ ਵਿੱਚ ਵੀ ਪ੍ਰੋਗਰਾਮ ਆਯੋਜਿਤ ਕੀਤੇ ਗਏ, ਜਿਸ ਵਿੱਚ ਕੈਬਨਿਟ ਮੰਤਰੀਆਂ, ਰਾਜ ਮੰਤਰੀਆਂ ਅਤੇ ਸਾਂਸਦਾਂ ਨੇ ਹਿੱਸਾ ਲਿਆ। ਸਮਾਰੋਹ ਦੌਰਾਨ ਪ੍ਰਧਾਨ ਮੰਤਰੀ ਦੇ ਸੰਬੋਧਨ ਦਾ ਲਾਇਵ ਪ੍ਰਸਾਰਣ ਦੇਖਿਆ ਅਤੇ ਸੁਣਿਆ ਗਿਆ।

ਮੁੱਖ ਮੰਤਰੀ ਨੇ ਸੂਬੇ ਦੇ ਕਿਸਾਨਾਂ ਵੱਲੋਂ ਪ੍ਰਧਾਨ ਮੰਤਰੀ ਦਾ 21ਵੀਂ ਕਿਸਤ ਜਾਰੀ ਕਰਨ ਲਈ ਧੰਨਵਾਦ ਕਰਦੇ ਹੋਏ ਦਸਿਆ ਕਿ ਅੱਜ ਜਿਲ੍ਹਾ ਪਲਵਲ ਦੇ 74,299 ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ 14 ਕਰੋੜ 86 ਲੱਖ ਰੁਪਏ ਦੀ ਰਕਮ ਭੇਜੀ ਗਈ ਹੈ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨੀਧੀ ਯੋਜਨਾ ਤਹਿਤ ਹੁਣ ਤੱਕ ਜਾਰੀ 21 ਕਿਸਤਾਂ ਰਾਹੀਂ ਹਰਿਆਣਾ ਦੇ ਕਿਸਾਨਾਂ ਨੂੰ ਕੁੱਲ 7,233 ਕਰੋੜ 74 ਲੱਖ ਰੁਪਏ ਦੀ ਰਕਮ ਪ੍ਰਦਾਨ ਕੀਤੀ ਜਾ ਚੁੱਕੀ ਹੈ।

ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਕਿਸਾਨ ਨੂੰ ਮਜਬੂਤ, ਸਸ਼ਕਤ ਅਤੇ ਖੁਸ਼ਹਾਲ ਬਨਾਉਣ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਰਿਵਾਇਤੀ ਖੇਤੀ ਤੋਂ ਅੱਗੇ ਵੱਧਦੇ ਹੋਏ ਮੁੱਲ-ਵਰਧਿਤ ਫਸਲਾਂ ਦੇ ਵੱਲ ਰੁੱਖ ਕਰਨ, ਫਾਰਮ ਪ੍ਰੋਸੈਸਿੰਗ ਯੂਨਿਟਸ ਸਥਾਪਿਤ ਕਰਨ, ਫਾਰਮ-ਟੂ-ਫੋਰਕ ਮਾਡਲ ਅਪਨਾਉਣ ਅਤੇ ਏਗਰੀ-ਟੂਰੀਜ਼ਮ ਅਤੇ ਬ੍ਰਾਂਡਿੰਗ ਨੂੰ ਪ੍ਰੋਤਸਾਹਨ ਦੇਣ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸਾਲ 2047 ਤੱਕ ਵਿਕਸਿਤ ਭਾਰਤ ਦੇ ਸੰਕਲਪ ਨੂੰ ਪੂਰਾ ਕਰਨ ਲਈ 4 ਥੰਮ੍ਹਾਂ 'ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ। ਇੰਨ੍ਹਾਂ ਵਿੱਚ ਕਿਸਾਨ, ਗਰੀਬ, ਮਹਿਲਾ ਅਤੇ ਨੌਜੁਆਨ ਸ਼ਾਮਿਲ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਸਾਡੇ ਪਹਿਲੇ ਥੰਮ੍ਹ ਕਿਸਾਨ ਭਰਾਵਾਂ ਦੀ ਖੁਸ਼ਹਾਲੀ ਨਾਲ ਹੀ ਇਸ ਸੰਕਲਪ ਨੂੰ ਪੂਰਾ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਇਸੀ ਵਿਜ਼ਨ ਨੂੰ ਸਾਕਾਰ ਕਰਨ ਲਈ ਅਸੀਂ ਹਰਿਆਣਾ ਵਿੱਚ ਕਿਸਾਨਾਂ ਦੀ ਖੁਸ਼ਹਾਲੀ ਅਤੇ ਖੇਤੀਬਾੜੀ ਖੇਤਰ ਨੂੰ ਲਾਭਕਾਰੀ ਬਨਾਉਣ ਲਈ ਲਗਾਤਾਰ ਯਤਨਸ਼ੀਲ ਹਨ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਦੂਰਦਰਸ਼ੀ ਅਗਵਾਈ ਹੇਠ ਹਰਿਆਣਾ ਵਿਕਸਿਤ ਭਾਰਤ-ਵਿਕਸਿਤ ਹਰਿਆਣਾ ਦੀ ਦਿਸ਼ਾ ਵਿੱਚ ਤੇਜੀ ਨਾਲ ਅੱਗੇ ਵੱਧ ਰਿਹਾ ਹੈ।

ਸਾਲ 2047 ਵਿੱਚ ਜਦੋਂ ਭਾਰਤ ਸੁਤੰਤਰਤਾ ਦੀ ਸ਼ਤਾਬਦੀ ਮਨਾਏਗਾ, ਉਦੋਂ ਸਾਡਾ ਕਿਸਾਨ ਆਤਮਨਿਰਭਰ, ਜਲ੍ਹ ਅਤੇ ਵਾਤਾਵਰਣ ਦੇ ਪ੍ਰਤੀ ਸੁਚੇਤ, ਡਿਜੀਟਲ ਰੂਪ ਨਾਲ ਮਜਬੂਤ, ਵਿਸ਼ਵ ਬਾਜਾਰ ਨਾਲ ਜੁੜਿਆ ਹੋਇਆ ਅਤੇ ਉੱਚ ਗੁਣਵੱਤਾ ਅਤੇ ਬ੍ਰਾਂਡੇਡ ਉਤਪਾਦਨ ਦਾ ਪ੍ਰਮੁੱਖ ਕੇਂਦਰ ਹੋਵੇਗਾ।

ਮੁੱਖ ਮੰਤਰੀ ਨੇ ਕਿਸਾਨ ਭਲਾਈ ਲਈ ਚਲਾਈ ਜਾ ਰਹੀ ਵੱਖ-ਵੱਖ ਯੋਜਨਾਵਾਂ ਦਾ ਵਰਨਣ ਕਰਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਕਿਸਾਨ ਹੁਣ ਰਾਸ਼ਟਰੀ ਨੀਤੀ ਦੇ ਕੇਂਦਰ ਬਣ ਚੁੱਕੇ ਹਨ। ਸੂਬੇ ਵਿੱਚ ਜਿੱਥੇ ਕੁਦਰਤੀ ਖੇਤੀ ਨੂੰ ਪ੍ਰੋਤਸਾਹਨ ਦਿੱਤਾ ਜਾ ਰਿਹਾ ਹੈ, ਉੱਥੇ ਰਾਜ ਸਰਕਾਰ ਬਾਗਬਾਨੀ ਫਸਲਾਂ ਨੂੰ ਪਰੰਪਰਾਗਤ ਫਸਲਾਂ ਦੇ ਵਿਕਲਪ ਵਜੋ ਪ੍ਰੋਤਸਾਹਿਤ ਕਰ ਰਹੀ ਹੈ ਤਾਂ ਜੋ ਕਿਸਾਨ ਫੱਲ ਅਤੇ ਸਬਜੀਆਂ ਦੇ ਵੱਲ ਵੱਧ ਦਿਲਚਸਪੀ ਲੈਣ। ਉਨ੍ਹਾਂ ਨੇ ਦਸਿਆ ਕਿ ਪਰਾਲੀ ਪ੍ਰੋਤਸਾਹਨ ਯੋਜਨਾ ਤਹਿਤ ਦਿੱਤੀ ਜਾਣ ਵਾਲੀ ਪ੍ਰੋਤਸਾਹਨ ਰਕਮ ਨੂੰ 1,000 ਰੁਪਏ ਤੋਂ ਵਧਾ ਕੇ



1,200 ਰੁਪਏ ਪ੍ਰਤੀ ਏਕੜ ਕਰ ਦਿੱਤਾ ਗਿਆ ਹੈ। ਬਾਗਬਾਨੀ ਕਿਸਾਨਾਂ ਨੂੰ ਬਾਜ਼ਾਰ ਦੇ ਉਤਾਰ-ਚੜਾਅ ਤੋਂ ਸੁਰੱਖਿਆ ਪ੍ਰਦਾਨ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਭਾਵਾਂਤਰ ਭਰਪਾਈ ਯੋਜਨਾ ਤਹਿਤ ਪਿਛਲੇ 11 ਸਾਲਾਂ ਵਿੱਚ 30 ਹਜਾਰ ਕਿਸਾਨਾਂ ਨੂੰ 135 ਕਰੋੜ ਰੁਪਏ ਦੀ ਸਹਾਇਤਾ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਭੇਜੀ ਜਾ ਚੁੱਕੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਦੇਸ਼ ਦਾ ਪਹਿਲਾਂ ਸੂਬਾ ਹੈ, ਜਿੱਥੇ ਕਿਸਾਨਾਂ ਦੀ ਸਾਰੀ ਫਸਲਾਂ ਦੀ ਸਰਕਾਰੀ ਖਰੀਦ ਘੱਟੋ ਘੱਟ ਸਹਾਇਕ ਮੁੱਲ (ਐਮਐਸਪੀ) 'ਤੇ ਕੀਤੀ ਜਾਂਦੀ ਹੈ ਅਤੇ ਫਸਲ ਖਰੀਦ ਦਾ ਭੁਗਤਾਨ 48 ਘੰਟੇ ਦੇ ਅੰਦਰ ਕਿਸਾਨਾਂ ਨੂੰ ਪ੍ਰਾਪਤ ਹੋ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਯੁਵਾ ਪੀੜ੍ਹੀ ਨੂੰ ਨਵਾਚਾਰ ਅਤੇ ਕਾਰੋਬਾਰ ਵਜੋ ਅਪਣਾ ਰਹੇ ਹਨ। ਡਿਜੀਟਲ ਡੇਟਾ ਵਿਵਸਥਾ ਰਾਹੀਂ ਹੁਣ ਕਿਸਾਨਾਂ ਨੂੰ ਵੱਖ-ਵੱਖ ਯੋਜਨਾਵਾਂ ਦਾ ਲਾਭ ਸਰਲ, ਪਾਰਦਰਸ਼ੀ ਅਤੇ ਤੇਜ ਗਤੀ ਨਾਲ ਉਪਲਬਧ ਹੋ ਰਿਹਾ ਹੈ।

ਪ੍ਰੋਗਰਾਮ ਨੂੰ ਸੰਬੋਧਿਤ ਕਰਦੇ ਹੋਏ ਹਰਿਆਣਾ ਦੇ ਲੋਕ ਨਿਰਮਾਣ ਮੰਤਰੀ ਸ੍ਰੀ ਰਣਬੀਰ ਸਿੰਘ ਗੰਗਵਾ ਨੇ ਕਿਹਾ ਕਿ ਅੱਜ ਪ੍ਰਧਾਨ ਮੰਤਰੀ ਵੱਲੋਂ ਕਿਸਾਨਾਂ ਦੇ ਖਾਤਿਆਂ ਵਿੱਚ 21ਵੀਂ ਕਿਸਤ ਵਜੋ ਕਰੋੜਾਂ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨੀਧੀ ਯੋਜਨਾ ਤਹਿਤ ਕਿਸਾਨਾਂ ਨੂੰ ਪ੍ਰਤੀ ਸਾਲ 6,000 ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਕਿਸਾਨ ਹਿੱਤ ਵਿੱਚ ਅਨੇਕ ਮਹਤੱਵਪੂਰਣ ਯੋਜਨਾਵਾਂ ਸੰਚਾਲਿਤ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਦਾ ਲਾਭ ਪੂਰੇ ਦੇਸ਼ ਦੇ ਕਿਸਾਨ ਚੁੱਕ ਰਹੇ ਹਨ। ਪ੍ਰੋਗਰਾਮ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਪ੍ਰਧਾਨ ਸਕੱਤਰ ਪੰਕਜ ਅਗਰਵਾਲ, ਜਿਲ੍ਹਾ ਪ੍ਰਧਾਨ ਵਿਪਿਨ ਬੈਂਸਲਾ, ਸਾਬਕਾ ਵਿਧਾਇਕ ਜਗਦੀਸ਼ ਨਾਇਰ, ਦੀਪਕ ਮੰਗਲਾ, ਪ੍ਰਵੀਣ ਡਾਂਗਰ, ਸਾਬਕਾ ਸਾਂਸਦ ਲੈਫਟੀਨੈਂਟ ਜਨਰਲ ਡੀ ਪੀ ਵੱਤਸ, ਜਿਲ੍ਹਾ ਪਰਿਸ਼ਦ ਚੇਅਰਮੈਨ ਨਰੇਂਦਰ, ਵਾਇਸ ਚੇਅਰਮੈਨ ਉਮੇਸ਼ ਸਮੇਤ ਹੋਰ ਮਾਣਯੋਗ ਵੀ ਮੌਜੂਦ ਰਹੇ।

# ਘੇਰ ਕੇ ਕੁੱਟਮਾਰ ਕਰਨ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਤੇ 5 ਖਿਲਾਫ ਕੇਸ ਦਰਜ

**ਪਾਤੜਾਂ, 23 ਨਵੰਬਰ -ਮੇਜਰ ਸਿੰਘ ਸੀੜੇ- -ਕੌਮੀ ਪੱਤ੍ਰਿਕਾ ਬਿਊਰੋ-**

ਪਾਤੜਾਂ ਪੁਲਸ ਨੇ ਇੱਕ ਵਿਅਕਤੀ ਨੂੰ ਘੇਰ ਕੇ ਕੁੱਟਮਾਰ ਕਰਨ ਵਾਲੇ 5 ਵਿਅਕਤੀਆਂ ਖਿਲਾਫ ਕੇਸ ਦਰਜ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ ।

ਸ਼ਿਕਾਇਤ ਦਰਜ ਕਰਵਾਉਂਦਿਆਂ ਜਗਸੀਰ ਸਿੰਘ ਪੁੱਤਰ ਫੂਲ ਰਾਮ ਵਾਸੀ ਪਿੰਡ ਤੇਈਪੁਰ ਥਾਣਾ ਪਾਤੜਾਂ ਨੇ ਦੱਸਿਆ ਕਿ ਮਿਤੀ 16-11-2025 ਨੂੰ ਉਹ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਤੇਈਪੁਰ ਦੀਆਂ ਮੜ੍ਹੀਆਂ ਨਜ਼ਦੀਕ ਜਾ ਰਿਹਾ ਸੀ । ਜਿਥੇ ਅਕਸ਼ੈ ਕੁਮਾਰ , ਅੰਕੁਸ਼ ਵਾਸੀ ਪਿੰਡ ਪਾਡਲਾ ਥਾਣਾ ਕੈਂਥਲ ਹਰਿਆਣਾ ਅਤੇ 3 ਹੋਰ ਨਾ ਮਾਲੂਮ ਵਿਅਕਤੀਆਂ ਨੇ ਉਸ ਨੂੰ ਘੇਰ ਕੇ ਉਸ ਦੀ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਅਤੇ ਉਸ ਦੇ ਮੋਟਰਸਾਈਕਲ ਦਾ ਨੁਕਸਾਨ ਕਰ ਦਿੱਤਾ । ਵਜ੍ਹਾ ਰੰਜਿਸ਼ ਪੁਰਾਣੀ ਤਕਰਾਰਬਾਜ਼ੀ ਦੱਸੀ ਜਾ ਰਹੀ ਹੈ ।

ਪੁਲਸ ਨੇ ਪੀੜਤ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮੁਕੱਦਮਾ ਨੰਬਰ 286, ਬੀ ਐੱਨ ਐੱਸ ਤਹਿਤ ਥਾਣਾ ਪਾਤੜਾਂ ਵਿਖੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ।

# ਰਣਜੀਤ ਸਿੰਘ ਗਿੱਲ ਪੱਤਰਕਾਰ ਦੀ ਘਟਨਾ ਦੇ ਸਬੰਧ ਵਿੱਚ ਐੱਸ ਡੀ ਐੱਮ ਨੂੰ ਮੰਗ ਪੱਤਰ ਸੌਂਪਿਆ

**ਜੈਤੋਂ,23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**



ਪਿਛਲੇ ਦਿਨੀ ਮਲੋਟ ਵਿਚ ਪੱਤਰਕਾਰ ਰਣਜੀਤ ਸਿੰਘ ਗਿੱਲ ਨਾਲ ਵਾਪਰੀ ਘਟਨਾ ਨੇ ਪੱਤਰਕਾਰ ਭਾਈਚਾਰੇ ਵਿਚ ਗੰਭੀਰ ਚਿੰਤਾ ਅਤੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ ਹੈ। ਪੱਤਰਕਾਰਾਂ ਵਿਰੁੱਧ ਵਧ ਰਹੀਆਂ ਘਟਨਾਵਾਂ ਨੂੰ ਲੋਕਤੰਤਰ ਦੇ ਚੌਥੇ ਖੰਭੇ ਲਈ ਵੱਡਾ ਖਤਰਾ ਮੰਨਦਿਆਂ ਪ੍ਰੈੱਸ ਕਲੱਬ ਗੰਗਸਰ ਜੈਤੋ (ਰਜਿ) ਵੱਲੋਂ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਅੱਜ ਕਲੱਬ ਦੇ ਸਮੂਹ ਅਹੁਦੇਦਾਰ ਵੱਡੀ ਗਿਣਤੀ ਵਿਚ ਇਕੱਠੇ ਹੋ ਕੇ ਪ੍ਰਧਾਨ ਗੁਰਮੀਤਪਾਲ ਸ਼ਰਮਾ ਰੋੜੀਕਪੂਰਾ ਦੀ ਅਗਵਾਈ ਹੇਠ ਐਸ.ਡੀ.ਐਮ. ਜੈਤੋ ਸੂਰਜ ਕੁਮਾਰ ਨੂੰ ਮਿਲੇ ਅਤੇ ਉਨ੍ਹਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਤੇ ਮੰਗ ਪੱਤਰ ਸੌਂਪਿਆ। ਅਹੁਦੇਦਾਰਾਂ ਨੇ ਐਸ.ਡੀ.ਐਮ. ਨੂੰ ਦੱਸਿਆ ਕਿ ਪੱਤਰਕਾਰਾਂ ਦੀ ਸੁਰੱਖਿਆ ਲਈ ਪ੍ਰਸ਼ਾਸਨਿਕ ਤੰਤਰ ਵਲੋਂ ਤੁਰੰਤ ਅਤੇ ਸਖ਼ਤ ਕਦਮ ਚੁੱਕਣ ਬਹੁਤ ਜ਼ਰੂਰੀ ਹਨ, ਕਿਉਂਕਿ ਪੱਤਰਕਾਰ ਹੀ ਮੈਦਾਨ ਵਿੱਚ ਜਾ ਕੇ ਲੋਕਾਂ ਦੀ ਆਵਾਜ਼ ਬਣਦੇ ਹਨ। ਮੰਗ ਪੱਤਰ ਵਿੱਚ ਸਪੱਸ਼ਟ ਰੂਪ ਵਿੱਚ ਮਲੋਟ ਘਟਨਾ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਗਈ ਹੈ। ਸਮੂਹ ਅਹੁਦੇਦਾਰਾਂ ਨੇ ਐਸ.ਡੀ.ਐਮ. ਨੂੰ ਅਪੀਲ ਕੀਤੀ ਕਿ ਮਾਮਲੇ ਨੂੰ ਤਰਜੀਹੀ ਅਧਾਰ 'ਤੇ ਲੈ ਕੇ ਪੱਤਰਕਾਰਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਇਸ ਮੌਕੇ ਪ੍ਰਧਾਨ ਗੁਰਮੀਤ ਪਾਲ ਸ਼ਰਮਾ ਰੋੜੀ ਕਪੂਰਾ ਸਰਪਰਸਤ ਰੇਸ਼ਮ ਵੜਤੀਆ, ਮੁੱਖ ਸਲਾਹਕਾਰ ਅਸ਼ੋਕ ਜਿੰਦਲ, ਜਰਨਲ ਸਕੱਤਰ ਸਤਵਿੰਦਰ ਪਾਲ ਸਿੰਘ ਆਦਿ ਹਾਜ਼ਰ ਸਨ।

# ਇੰਸਪੈਕਟਰ ਗਗਨਦੀਪ ਸਿੰਘ ਨੇ ਚਾਰਜ ਸੰਭਾਲਿਆ

**ਪਾਤੜਾਂ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**



ਥਾਣਾ ਘੱਗਾ ਦਾ ਚਾਰਜ ਇੰਸਪੈਕਟਰ ਗਗਨਦੀਪ ਸਿੰਘ ਨੇ ਸੰਭਾਲ ਲਿਆ ਹੈ । ਇਹ ਪਟਿਆਲਾ ਤੋਂ ਬਦਲ ਕੇ ਇੱਥੇ ਆਏ ਹਨ । ਇੰਨ੍ਹਾਂ ਤੋਂ ਪਹਿਲਾਂ ਇੱਥੇ ਸਬ ਇੰਸਪੈਕਟਰ ਪਵਿੱਤਰ ਸਿੰਘ ਸਨ, ਜਿਨ੍ਹਾਂ ਦੀ ਬਦਲੀ ਪਟਿਆਲਾ ਦੀ ਹੋ ਗਈ ਹੈ ।

ਪ੍ਰੈਸ ਨਾਲ ਗੱਲਬਾਤ ਕਰਦਿਆਂ ਨਵ ਨਿਯੁਕਤ ਇੰਚਾਰਜ ਇੰਸਪੈਕਟਰ ਗਗਨਦੀਪ ਸਿੰਘ ਨੇ ਕਿਹਾ ਕਿ ਥਾਣੇ ਵਿਚ ਮੋਹਤਵਰ ਵਿਅਕਤੀਆਂ ਦਾ ਪੂਰਾ ਸਤਿਕਾਰ ਕੀਤਾ ਜਾਵੇਗਾ, ਪ੍ਰੰਤੂ ਸਮਾਜ ਵਿਰੋਧੀ ਅਤੇ ਨਸ਼ਾ ਤਸਕਰ ਆਪਣੀਆਂ ਹਰਕਤਾਂ ਤੋਂ ਬਾਜ਼ ਆ ਜਾਣ ਵਰਨਾ ਉਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ । ਉਨ੍ਹਾਂ ਪਬਲਿਕ ਨੂੰ ਸਾਥ ਦੇਣ ਦੀ ਅਪੀਲ ਵੀ ਕੀਤੀ ।

# ਅਮਰੀਕਾ ਨਾਲ ਭਾਰਤ ਵਲੋਂ ਟੋਟਲਾਈਜ਼ੇਸ਼ਨ ਸਮਝੌਤੇ ਦੀ ਤਿਆਰੀ

**ਨਵੀਂ ਦਿੱਲੀ, 23 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਨੇ ਹਜ਼ਾਰਾਂ ਭਾਰਤੀ ਕਾਮਿਆਂ ਨੂੰ ਸਮਾਜਿਕ ਸੁਰੱਖਿਆ ਦੇ ਦੋਹਰੇ ਕਰ (ਡਬਲ ਟੈਕਸੇਸ਼ਨ) ਤੋਂ ਬਚਾਉਣ ਲਈ ਅਮਰੀਕਾ ਨਾਲ ਟੋਟਲਾਈਜ਼ੇਸ਼ਨ ਸਮਝੌਤਾ ਕਰਨ ਦਾ ਪ੍ਰਸਤਾਵ ਪੇਸ਼ ਕੀਤਾ ਹੈ। ਇਹ ਪ੍ਰਸਤਾਵ ਅਮਰੀਕਾ ਨਾਲ ਚੱਲ ਰਹੀਆਂ ਵਪਾਰਕ ਗੱਲਬਾਤ ਦੌਰਾਨ ਕੀਤਾ ਗਿਆ ਹੈ।

ਜੇਕਰ ਇਹ ਸਮਝੌਤਾ ਹੁੰਦਾ ਹੈ ਤਾਂ ਅਮਰੀਕਾ 'ਚ ਕੰਮ ਕਰ ਰਹੇ ਹਜ਼ਾਰਾਂ ਹੁਨਰਮੰਦ ਅਤੇ ਅਰਧ-ਹੁਨਰਮੰਦ ਭਾਰਤੀ ਕਾਮਿਆਂ ਦੀ ਪ੍ਰਤੀਯੋਗਤਾ 'ਚ ਸੁਧਾਰ ਹੋਵੇਗਾ ਅਤੇ ਉਨ੍ਹਾਂ ਦੀ ਲਾਗਤ 'ਚ ਕਮੀ ਆਵੇਗੀ।

**ਕੀ ਹੈ ਟੋਟਲਾਈਜ਼ੇਸ਼ਨ ਸਮਝੌਤਾ**

ਟੋਟਲਾਈਜ਼ੇਸ਼ਨ ਸਮਝੌਤਾ ਦੋਹਾਂ ਹਸਤਾਖਰਕਰਤਾਵਾਂ ਦੇ ਦੇਸ਼ਾਂ ਦੀਆਂ ਸਮਾਜਿਕ ਸੁਰੱਖਿਆ ਪ੍ਰਣਾਲੀਆਂ ਵਿਚਕਾਰ ਤਾਲਮੇਲ ਸਥਾਪਤ ਕਰਦਾ ਹੈ। ਇਸ ਦਾ ਮਕਸਦ ਦੂਜੇ ਦੇਸ਼ 'ਚ ਕੰਮ ਕਰਨ ਵਾਲੇ ਕਾਮਿਆਂ ਨੂੰ ਸਮਾਜਿਕ ਸੁਰੱਖਿਆ ਦੇ ਦੋਹਰੇ ਕਰ ਤੋਂ ਰੋਕਣਾ ਹੈ। ਇਸ ਨਾਲ ਕਾਮਿਆਂ ਨੂੰ ਇੱਕੋ ਕੰਮ ਲਈ ਦੋਹਾਂ ਦੇਸ਼ਾਂ ਦੀਆਂ ਪ੍ਰਣਾਲੀਆਂ 'ਚ ਭੁਗਤਾਨ ਕਰਨ ਤੋਂ ਬਚਾਇਆ ਜਾਂਦਾ ਹੈ।

ਭਾਰਤ ਨੇ ਇਸ ਸਾਲ ਦੇ ਸ਼ੁਰੂ 'ਚ ਬ੍ਰਿਟੇਨ ਨਾਲ ਡਬਲ ਕੌਂਟ੍ਰੀਬਿਊਸ਼ਨ ਕਨਵੈਨਸ਼ਨ (DCC) 'ਸਮਝੌਤੇ 'ਤੇ ਦਸਤਖਤ ਕੀਤੇ ਸਨ। ਭਾਰਤ ਅਤੇ ਬ੍ਰਿਟੇਨ ਵਿਚਾਲੇ ਹੋਏ ਇਸ ਟੋਟਲਾਈਜ਼ੇਸ਼ਨ ਸਮਝੌਤੇ ਤਹਿਤ ਭਾਰਤੀ ਕਾਮਿਆਂ ਨੂੰ ਤਿੰਨ ਸਾਲ ਦੀ ਮਿਆਦ ਲਈ ਆਪਣੇ ਹੀ ਦੇਸ਼ 'ਚ ਸਮਾਜਕ ਸੁਰੱਖਿਆ ਯੋਗਦਾਨ ਦਾ ਭੁਗਤਾਨ ਕਰਨ ਦੀ ਇਜਾਜ਼ਤ ਮਿਲਦੀ ਹੈ।



**ਕਾਮਿਆਂ ਨੂੰ ਕਿਉਂ ਹੈ ਇਸ ਦੀ ਜ਼ਰੂਰਤ ?**

ਭਾਰਤ ਦੇ ਕਾਮਿਆਂ ਵਲੋਂ ਅਮਰੀਕਾ ਦੀ ਸਮਾਜਿਕ ਸੁਰੱਖਿਆ ਪ੍ਰਣਾਲੀ 'ਚ ਸਾਲਾਨਾ ਲਗਭਗ ਤਿੰਨ ਅਰਬ ਡਾਲਰ ਦਾ ਯੋਗਦਾਨ ਪਾਇਆ ਜਾਂਦਾ ਹੈ ਹਾਲਾਂਕਿ ਅਮਰੀਕੀ ਸਮਾਜਕ ਸੁਰੱਖਿਆ ਲਾਭ ਪ੍ਰਾਪਤ ਕਰਨ ਲਈ ਕਾਮਿਆਂ ਨੂੰ ਘੱਟੋ-ਘੱਟ 10 ਸਾਲ (ਜਾਂ 40 ਤਿਮਾਹੀਆਂ) ਅਮਰੀਕਾ 'ਚ ਯੋਗਦਾਨ ਦੇਣਾ ਪੈਂਦਾ ਹੈ।

ਮਸਲਾ ਇਹ ਹੈ ਕਿ ਜ਼ਿਆਦਾਤਰ **H-1B** ਅਤੇ **L-1** ਵੀਜ਼ਿਆਂ ਵਾਲੇ ਭਾਰਤੀ ਕਾਮੇ ਆਪਣੇ ਵੀਜ਼ਾ ਦੀ ਮਿਆਦ ਨਾ ਵਧਾਏ ਜਾਣ ਦੀ ਸੂਰਤ 'ਚ 2 ਤੋਂ 5 ਸਾਲਾਂ ਦੇ ਅੰਦਰ ਹੀ ਭਾਰਤ ਪਰਤ ਆਉਂਦੇ ਹਨ। ਇਸ ਕਾਰਨ ਉਹ ਸਮਾਜਿਕ ਸੁਰੱਖਿਆ ਲਾਭਾਂ ਦਾ ਦਾਅਵਾ ਕਰਨ ਲਈ ਅਯੋਗ ਹੋ ਜਾਂਦੇ ਹਨ। ਨਤੀਜੇ ਵਜੋਂ ਉਨ੍ਹਾਂ ਵਲੋਂ ਅਮਰੀਕਾ ਦੀ ਸਮਾਜਕ ਸੁਰੱਖਿਆ 'ਚ ਪਾਇਆ ਯੋਗਦਾਨ ਜ਼ਬਤ ਹੋ ਜਾਂਦਾ ਹੈ, ਅਤੇ ਉਨ੍ਹਾਂ ਨੂੰ ਵਾਪਸ ਪ੍ਰਾਪਤ ਕਰਨ ਲਈ ਕੋਈ ਤੰਤਰ ਨਹੀਂ।

ਹਾਰਵਰਡ ਜਰਨਲ ਦੀ 2016 ਦੀ ਰਿਪੋਰਟ ਅਨੁਸਾਰ, ਪਿਛਲੇ ਇੱਕ ਦਹਾਕੇ 'ਚ ਅਮਰੀਕਾ 'ਚ ਕੰਮ ਕਰਨ ਵਾਲੇ ਭਾਰਤੀ ਨਾਗਰਿਕਾਂ ਨੇ ਅਮਰੀਕੀ ਸਮਾਜਿਕ ਸੁਰੱਖਿਆ ਪ੍ਰਣਾਲੀ 'ਚ 27.6 ਅਰਬ ਡਾਲਰ ਤੋਂ ਵੱਧ ਦਾ ਯੋਗਦਾਨ ਪਾਇਆ ਹੈ ਜੋ ਅਜਿਹੇ ਕਾਰਨਾਂ ਕਰਕੇ ਜ਼ਬਤ ਹੋ ਜਾਂਦਾ ਹੈ। 'ਰਤ ਲੰਬੇ ਸਮੇਂ ਤੋਂ ਅਮਰੀਕੀ ਅਧਿਕਾਰੀਆਂ ਨੂੰ ਇਸ ਸਮਝੌਤੇ 'ਤੇ ਦਸਤਖਤ ਕਰਨ ਲਈ ਰਾਜ਼ੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਭਾਵੇਂ ਇਸ ਸਮਝੌਤੇ ਨਾਲ ਕਾਮਿਆਂ ਨੂੰ ਅਮਰੀਕਾ 'ਚ ਕੰਮ ਕਰਦੇ ਸਮੇਂ ਉਸ ਦੇਸ਼ ਦੀ ਸਮਾਜਿਕ ਸੁਰੱਖਿਆ ਦਾ ਲਾਭ ਨਾ ਮਿਲੇ, ਪਰ ਇਸ ਨਾਲ ਅਮਰੀਕਾ 'ਚ ਦਿੱਤੇ ਗਏ ਯੋਗਦਾਨ ਨੂੰ ਭਾਰਤ 'ਚ ਵਾਪਿਸ ਲਿਆਉਣ 'ਚ ਮਦਦ ਮਿਲ ਸਕਦੀ ਹੈ।

# ਮੰਤਰੀ ਦੀ ਕੋਠੀ ਨੇੜੇ ਪੈਟਰੋਲ ਸਣੇ ਟੈਂਕੀ 'ਤੇ ਚੜ੍ਹੇ ਹੈਲਥ ਵਰਕਰ

## ਉਮਰ ਹੱਦ 'ਚ ਛੋਟ ਦੀ ਮੰਗ; ਮੀਟਿੰਗ ਮੁਕੱਰਰ ਹੋਣ 'ਤੇ ਵੀ ਨਾ ਉਤਰੇ ਨੌਜਵਾਨ

**ਪਟਿਆਲਾ, 23 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਅੱਜ ਹਾਲਾਤ ਉਸ ਵੇਲੇ ਚਿੰਤਾਜਨਕ ਬਣ ਗਏ ਜਦੋਂ ਨੌਕਰੀ ਲਈ ਉਮਰ ਹੱਦ 'ਚ ਛੋਟ ਦੀ ਮੰਗ ਨੂੰ ਲੈ ਕੇ ਬੇਰੁਜ਼ਗਾਰ ਮਲਟੀਪਰਪਜ਼ ਹੈਲਥ ਵਰਕਰ ਯੂਨੀਅਨ ਦੇ ਆਗੂ ਮੱਖਣ ਸਿੰਘ ਚੀਮਾ ਮੰਡੀ ਅਤੇ ਹੀਰਾ ਲਾਲ ਅੰਮ੍ਰਿਤਸਰ ਆਤਮਦਾਹ ਲਈ ਪੈਟਰੋਲ ਦੀਆਂ ਭਰੀਆਂ ਬੋਤਲਾਂ ਨਾਲ਼ ਲੈਸ ਹੋ ਕੇ ਪਾਣੀ ਵਾਲ਼ੀ ਇੱਕ ਉੱਚੀ ਟੈਂਕੀ 'ਤੇ ਜਾ ਚੜ੍ਹੇ। ਇਹ ਟੈਂਕੀ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਕੋਠੀ ਕੋਲ਼ ਹੈ।



ਇਸ ਦੌਰਾਨ ਪੁਲੀਸ ਫੋਰਸ ਤਾਇਨਾਤ ਕੀਤੀ ਗਈ ਤੇ ਐਂਬੂਲੈਂਸ ਅਤੇ ਫਾਇਰ ਬ੍ਰਿ ?ਗੇਡ ਆਦਿ ਪ੍ਰਬੰਧ ਵੀ ਕੀਤੇ ਗਏ ਪਰ ਇਹ ਵਰਕਰ ਦੇਰ ਰਾਤ ਤੱਕ ਵੀ ਹੇਠਾਂ ਨਾ ਆਏ। ਜ਼ਿਕਰਯੋਗ ਹੈ ਕਿ ਮੰਤਰੀ ਨਾਲ 21 ਲਈ ਮੀਟਿੰਗ ਮੁਕੱਰਰ ਹੋ ਚੁੱਕੀ ਹੈ। ਇਨ੍ਹਾਂ ਦੇ ਬਾਕੀ ਸਾਥੀਆਂ ਨੇ ਨਜ਼ਦੀਕ ਹੀ ਇੱਕ ਆਮ ਆਦਮੀ ਕਲੀਨਿਕ ਵਿਚ ਡੇਰੇ ਲਾ ਲਏ। ਦੋਵਾਂ ਆਗੂਆਂ ਨੇ ਮੰਗ ਮੰਨਣ ਦਾ ਐਲਾਨ ਨਾ ਕਰਨ 'ਤੇ ਦੋ ਵਾਰ ਧਮਕੀ ਦਿੱਤੀ ਪਰ ਫੇਰ ਅਧਿਕਾਰੀਆਂ ਨੇ ਪ੍ਰਧਾਨ ਸੁਖਵਿੰਦਰ ਢਿੱਲਵਾਂ ਅਤੇ ਸਿਹਤ ਮੰਤਰੀ ਦਰਮਿਆਨ 21 ਨਵੰਬਰ ਨੂੰ 11 ਵਜੇ ਲਈ ਮੀਟਿੰਗ ਮੁਕੱਰਰ ਕਰਵਾ ਦਿਤੀ ਪਰ ਦੋਵੇਂ ਆਗੂਆਂ ਦਾ ਕਹਿਣਾ ਹੈ ਕਿ ਮੰਗ ਮੰਨਣ 'ਤੇ ਹੀ ਉਹ ਹੇਠਾਂ ਆਉਣਗੇ।

# ਮਜ਼ਦੂਰਾਂ ਵੱਲੋਂ ਪੰਜਾਬ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ

## ਮੰਗਾਂ ਦੀ ਪ੍ਰਾਪਤੀ ਲਈ ਅਣਮਿੱਥੇ ਸਮੇਂ ਦਾ ਧਰਨਾ ਸ਼ੁਰੂ

**ਬਠਿੰਡਾ, 23 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੇਂਡੂ ਤੇ ਖੇਤ ਮਜ਼ਦੂਰ ਜੱਥੇਬੰਦੀਆ ਦੇ ਸਾਂਝੇ ਮੋਰਚੇ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਅੱਜ ਡੀਸੀ ਬਠਿੰਡਾ ਦੇ ਦਫ਼ਤਰ ਅੱਗੇ ਧਰਨਾ ਸ਼ੁਰੂ ਕੀਤਾ ਗਿਆ ਹੈ।

ਇਸ ਮੌਕੇ ਉਨ੍ਹਾਂ ਆਪਣੀਆਂ ਮੰਗਾਂ ਜਿੰਨ੍ਹਾਂ ਵਿੱਚ ਮਨਰੇਗਾ ਦੇ ਬੰਦ ਕੀਤੇ ਕੰਮ ਨੂੰ ਚਲਾਉਣ, ਮਨਰੇਗਾ ਦਿਹਾੜੀ 700 ਰੁਪਏ, ਮੀਂਹਾ ਕਾਰਨ ਡਿੱਗੇ ਤੇ ਨੁਕਸਾਨੇ ਘਰਾਂ ਦਾ ਮੁਆਵਜ਼ਾ, ਔਰਤਾਂ ਨੂੰ 1100 ਰੁਪਏ ਮਹੀਨਾ ਅਤੇ ਰਸੋਈ ਵਰਤੋਂ ਦੀਆਂ ਸਾਰੀਆਂ ਵਸਤਾਂ ਸਸਤੇ ਭਾਅ ਦਿਵਾਉਣ, ਪੰਚਾਇਤੀ ਜਮੀਨਾਂ ਮਜ਼ਦੂਰਾਂ ਨੂੰ ਸਸਤੇ ਭਾਅ ਤੇ ਮਜ਼ਦੂਰਾਂ ਨੂੰ ਦਿਵਾਉਣ, ਤਿੱਖੇ ਜਮੀਨੀ ਸੁਧਾਰ ਕਰਨ ਸਮੇਤ ਚੋਣਾਂ ਦੌਰਾਨ ਕੀਤੇ ਵਾਅਦਿਆ ਨੂੰ ਲਾਗੂ ਕਰਵਾਉਣ ਲਈ ਧਰਨਾ ਲਾਕੇ ਮਾਨ ਦੀ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਤਿੱਖੇ ਰੋਹ ਦਾ ਪ੍ਰਗਟਾਵਾ ਕੀਤਾ ਗਿਆ।



ਇਸ ਮੌਕੇ ਦਿਹਾਤੀ ਮਜ਼ਦੂਰ ਸਭਾ ਦੇ ਆਗੂ ਪ੍ਰਕਾਸ਼ ਸਿੰਘ ਨੰਦਗੜ੍ਹ,ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਜੋਰਾ ਸਿੰਘ ਨਸਰਾਲੀ ਤੇ ਮਨਦੀਪ ਸਿੰਘ ਸਿਬੀਆ, ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਆਗੂ ਮਿੱਠੂ ਸਿੰਘ ਘੁਦਾ ,ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਅਮੀਲਾਲ ਤੇ ਦਰਸਨ ਸਿੰਘ ਖਾਲਸਾ ,ਦਲਿਤ ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਸੁਖਪਾਲ ਸਿੰਘ ਖਿਆਲੀਵਾਲਾ ਤੇ ਭਗਵੰਤ ਸਿੰਘ ਧੂਰਕੋਟ, ਮਜਦੂਰ ਅਧਿਕਾਰ ਅੰਦੋਲਨ ਦੇ ਆਗੂ ਨਛੱਤਰ ਸਿੰਘ ਰਾਮਨਗਰ ਤੇ ਲਾਭ ਸਿੰਘ ਅਕਲੀਆ ਨੇ ਸੰਬੋਧਨ ਕੀਤਾ।

ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਤੇ ਪੰਜਾਬ ਦੀ ਭਗਵੰਤ ਮਾਨ ਦੀ ਸਰਕਾਰ ਨੇ ਮਨਰੇਗਾ ਦਾ ਕੰਮ ਬੰਦ ਕਰਕੇ ਮਜ਼ਦੂਰਾਂ ਕੋਲੋਂ ਰੁਜ਼ਗਾਰ ਖੋਹਿਆ ਹੈ। ਇਸ ਤੋਂ ਇਲਾਵਾ ਹਰ ਸਾਲ ਮਨਰੇਗਾ ਬਜਟ ਵਿਚ ਕਟੌਤੀ ਕਰਕੇ ਇਸ ਨੂੰ ਖਤਮ ਕਰਨ ਵੱਲ ਵਧਿਆ ਜਾ ਰਿਹਾ ਹੈ।ਬੁਲਾਰਿਆ ਨੇ ਭਗਵੰਤ ਮਾਨ ਦੀ ਕਰੜੇ ਸ਼ਬਦਾ ਵਿੱਚ ਨਿਖੇਧੀ ਕਰਦਿਆ ਕਿਹਾ ਕਿ ਬਦਲਾਅ ਦਾ ਹੋਕਾ ਦੇਕੇ ਸਤਾ ਵਿੱਚ ਆਈ ਸਰਕਾਰ ਨੇ ਕੀਤੇ ਵਾਅਦਿਆ ਨੂੰ ਲਾਗੂ ਕਰਨ ਦੀ ਵਜਾਏ ਹੱਕ ਮੰਗਦੇ ਮਜ਼ਦੂਰਾਂ ਅਤੇ ਹੋਰ ਤਬਕਿਆਂ ਨੂੰ ਵਿਰੁੱਧ ਚਾਲਾਂ ਚੱਲੀਆਂ ਜਾ ਰਹੀਆ ਹਨ।

# ਲੋਹਟਬੱਦੀ ਤੋਂ ਆਰੰਭ ਨਗਰ ਕੀਰਤਨ ਦਾ ਪਿੰਡ ਬਾਲਿਓਂ ਵਿਖੇ ਹੋਇਆ ਭਰਵਾਂ ਸਵਾਗਤ



**ਮਾਛੀਵਾੜਾ ਸਾਹਿਬ, 23 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੌਵੇਂ ਪਾਤਸ਼ਾਹ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਮੁੱਖ ਰੱਖਦਿਆਂ ਪੰਜਾਬ ਭਰ ਵਿੱਚ ਵੱਖ-ਵੱਖ ਥਾਵਾਂ ਤੋਂ ਵਿਸ਼ਾਲ ਅਲੌਕਿਕ ਨਗਰ ਕੀਰਤਨ ਸਜਾਏ ਜਾ ਰਹੇ ਹਨ। ਜਿਸ ਲੜੀ ਤਹਿਤ ਸੰਤ ਜਸਦੇਵ ਸਿੰਘ ਲੋਹਟਬੱਦੀ ਵਾਲਿਆਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ, ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਦਿਆਲਾ ਜੀ, ਭਾਈ ਮਤੀ ਦਾਸ, ਭਾਈ ਸਤੀ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਦਵਾਰਾ ਬੁੰਢਾਸਰ ਸਾਹਿਬ ਲੋਹਟਬੱਦੀ ਤੋਂ ਅਨੰਦਪੁਰ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਗਿਆ।

ਸਮਰਾਲਾ ਨੇੜਲੇ ਪਿੰਡ ਬਾਲਿਓਂ ਵਿਖੇ ਸੰਗਤਾਂ ਵੱਲੋਂ ਇਸ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਸ੍ਰੀ ਮਹੰਤ ਰੇਸ਼ਮ ਸਿੰਘ ਸ੍ਰੀ ਮਹੰਤ ਨਿਰਮਲੇ ਪੰਚਾਇਤੀ ਅਖਾੜਾ ਡੇਰਾ ਧਰਮ ਧੁਜਾ ਪਟਿਆਲਾ, ਮਹੰਤ ਹਾਕਮ ਸਿੰਘ ਜੀ ਗੰਡਾ ਸਿੰਘ ਵਾਲੇ ਜਨਰਲ ਸਕੱਤਰ ਨਿਰਮਲ ਭਾਰਤ ਮਹਾਂਮੰਡਲ, ਮਹੰਤ ਚਮਕੌਰ ਸਿੰਘ ਜੀ ਲੋਹਗੜ੍ਹ ਪ੍ਰਧਾਨ ਮਾਲਵਾ ਸਾਧੂ ਸੰਗਿ ਸਮਾਜ, ਮਹੰਤ ਜਸਪਾਲ ਸਿੰਘ,ਮਹੰਤ ਚਮਕੌਰ ਸਿੰਘ ਪੰਜ ਗਰਾਈਂ ਕਲਾਂ, ਮਹੰਤ ਕਮਲਜੀਤ ਸਿੰਘ ਸ਼ਾਸਤਰੀ ਸੁਖਾਨੰਦ, ਮਹੰਤ ਅਮਨਦੀਪ ਸਿੰਘ ਐਡਵੋਕੇਟ ਉਗੋਕੇ, ਮਹੰਤ ਭੁਪਿੰਦਰ ਸਿੰਘ ਕੋਟ ਭਾਈ, ਮਹੰਤ ਕੇਵਲ ਕ੍ਰਿਸ਼ਨ ਹੋਢਿਆਵਾਲਾ, ਮਹੰਤ ਸੁੱਖਵਿੰਦਰ ਸਿੰਘ ਸੁਖਪੁਰਾ, ਮਹੰਤ ਕਸ਼ਮੀਰ ਸਿੰਘ ਮੁਕਤਸਰ ਸਾਹਿਬ, ਮਹੰਤ ਜਗਤਾਰ ਸਿੰਘ ਕਾਉਂਕੇ, ਭਾਈ ਜਸਵੀਰ ਸਿੰਘ ਡੇਰਾ ਬਾਬਾ ਮੱਖਣ ਸ਼ਾਹ ਜੀ ਨਿਰਮਲੇ ਲੱਖੋਂ, ਸਕੱਤਰ ਸਿੰਘ ਪ੍ਰਧਾਨ, ਮਨਿੰਦਰ ਸਿੰਘ ਸਰਪੰਚ ਬਾਲਿਓਂ, ਨਿਰਭੈ ਸਿੰਘ ਬਾਲਿਓਂ, ਭਾਈ ਦਰਸ਼ਨ ਸਿੰਘ,ਪਰਮਜੀਤ ਸਿੰਘ, ਬਲਜੀਤ ਸਿੰਘ, ਸ਼ਿਗਾਰਾ ਸਿੰਘ ਸਾਬਕਾ ਸਰਪੰਚ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੁੰਦਿਆਂ ਰੁਮਾਲਾ ਸਾਹਿਬ ਭੇਂਟ ਕੀਤਾ ਗਿਆ ਅਤੇ ਪੰਜ ਪਿਆਰਿਆਂ ਨੂੰ ਸਿਰੋਪਾਓ ਪਾਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਗਤਾਂ ਵੱਲੋਂ ਨਗਰ ਕੀਰਤਨ ਵਿੱਚ ਸ਼ਾਮਿਲ ਸੰਗਤਾਂ ਲਈ ਵੱਖ ਵੱਖ ਪਕਵਾਨਾਂ ਦੇ ਲੰਗਰ ਲਗਾਏ ਗਏ। ਵੱਡੀ ਗਿਣਤੀ ਵਿੱਚ ਨਗਰ ਕੀਰਤਨ ਵਿੱਚ ਸ਼ਾਮਿਲ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਆਪਣੀ ਅਗਲੀ ਮੰਜ਼ਿਲ ਲਈ ਰਵਾਨਾ ਹੋਈਆਂ।

# ਕਾਲਜ ਵਿੱਚ ਕਰਵਾਇਆ ਗਿਆ ਸਟ੍ਰੈੱਸ ਮੈਨੇਜਮੈਂਟ ਐਂਡ ਮੈਂਟਲ ਹੈਲਥ ਵਿਸ਼ੇ ਤੇ ਲੈਕਚਰ



**ਮਾਛੀਵਾੜਾ ਸਾਹਿਬ, 23 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵੂਮੈਨ ਝਾੜ ਸਾਹਿਬ ਦੇ ਪ੍ਰਿੰਸੀਪਲ ਡਾਕਟਰ ਰਜਿੰਦਰ ਕੌਰ ਦੀ ਯੋਗ ਅਗਵਾਈ ਅਤੇ ਆਈ ਕਿਊ ਏਸੀ ਦੇ ਤਹਿਤ ਕਾਲਜ ਦੇ ਪੁਲੇਸਮੈਂਟ ਅਤੇ ਗਾਈਡੈਂਸ ਸੈੱਲ ਵੱਲੋਂ ਯੂ.ਪੀ.ਐਸ.ਸੀ.ਅਤੇ ਐਨ.ਡੀ.ਏ. ਦੀ ਤਿਆਰੀ ਕਰ ਰਹੀਆਂ ਵਿਦਿਆਰਥਣਾਂ ਲਈ ਸਟ੍ਰੈੱਸ ਮੈਨੇਜਮੈਂਟ ਅਤੇ ਮੈਂਟਲ ਹੈਲਥ ਵਿਸ਼ੇ ਤੇ ਇੱਕ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਗਿਆ। ਇਹ ਲੈਕਚਰ ਮਾਹਿਰ ਲੈਕਚਰਾਰ ਮਿਸ ਰਜਿਤਾ ਕੌਸ਼ਲ ਚੰਡੀਗੜ੍ਹ ਵੱਲੋਂ ਦਿੱਤਾ ਗਿਆ। ਸੈਸ਼ਨ ਦੌਰਾਨ ਮਿਸਟਰ ਰਜਿਤਾ ਕੌਸ਼ਲ ਨੇ ਤਣਾਅ ਦੇ ਕਾਰਨ, ਇਸ ਦੇ ਪ੍ਰਭਾਵ ਅਤੇ ਇਸ ਨਾਲ ਨਜਿੱਠਣ ਲਈ ਪ੍ਰਭਾਵਸ਼ਾਲੀ ਤਰੀਕਿਆਂ ਬਾਰੇ ਵਿਦਿਆਰਥਣ ਨੂੰ ਵਿਸਥਾਰਪੂਰਵਕ ਜਾਣੂ ਕਰਵਾਇਆ। ਲੈਕਚਰ ਵਿੱਚ ਇੱਕ ਡੈਮੋ ਰਾਹੀਂ ਪ੍ਰੈਕਟੀਕਲ ਐਕਸਸਾਈਜ਼ ਅਤੇ ਵੱਖ ਵੱਖ ਮੁਕਾਬਲਿਆਂ ਦੀ ਪ੍ਰੀਖਿਆ ਦੀ ਤਿਆਰੀ ਕਰਦੇ ਵਿਦਿਆਰਥੀਆਂ ਨੂੰ ਇਸ ਬਾਰੇ ਦੱਸਿਆ ਗਿਆ। ਇਸ ਲੈਕਚਰ ਦਾ ਉਦੇਸ਼ ਵਿਦਿਆਰਥੀਆਂ ਵਿੱਚ ਤਣਾਅ ਬਾਰੇ ਜਾਗਰੂਕਤਾ ਵਧਾਉਣਾ, ਉਸ ਨੂੰ ਠੀਕ ਕਰਨ ਦੇ ਤਰੀਕੇ ਦੱਸਣਾ ਅਤੇ ਮਾਨਸਿਕ ਤੰਦਰੁਸਤੀ ਨੂੰ ਬਣਾਈ ਰੱਖਣਾ ਮੁੱਖ ਤੌਰ ਤੇ ਸ਼ਾਮਿਲ ਸੀ, ਜਿਸ ਨਾਲ ਉਹਨਾਂ ਨੂੰ ਉਤਸਾਹਿਤ ਕਰਨਾ ਵੀ ਜਰੂਰੀ ਸੀ। ਵਿਦਿਆਰਥੀਆਂ ਨੂੰ ਇਸ ਲੈਕਚਰ ਤੋਂ ਲੰਬੇ ਸਮੇਂ ਦੀ ਪ੍ਰੀਖਿਆ ਦੀ ਤਿਆਰੀ ਦੌਰਾਨ ਤਣਾਅ ਪ੍ਰਬੰਧਨ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ। ਇਸ ਲੈਕਚਰ ਤੋਂ ਬਾਅਦ ਵੱਖ-ਵੱਖ ਵਿਦਿਆਰਥੀਆਂ ਦਾ ਕੌਂਸਲਿੰਗ ਸੈਸ਼ਨ ਕੀਤਾ ਗਿਆ। ਜਿਸ ਵਿੱਚ ਵਿਦਿਆਰਥੀਆਂ ਨੇ ਇੱਕ ਇੱਕ ਕਰਕੇ ਆਪਣੀਆਂ ਵਿਅਕਤੀਗਤ ਸਮੱਸਿਆਵਾਂ ਸਾਂਝੀਆਂ ਕੀਤੀਆਂ ਅਤੇ ਪੜ੍ਹਾਈ ਉੱਤੇ ਧਿਆਨ ਕੇਂਦਰਿਤ ਕਰਨ ਅਤੇ ਚਿੰਤਾ ਤੇ ਕਾਬੂ ਪਾਉਣ ਬਾਰੇ ਸਲਾਹ ਮਸ਼ਵਰਾ ਹਾਸਿਲ ਕੀਤਾ। ਇਸ ਤੋਂ ਇਲਾਵਾ ਹੋਰ ਵਿਦਿਆਰਥੀਆਂ ਨੇ ਸਟ੍ਰੈੱਸ ਨੂੰ ਮੈਨੇਜ ਕਰਨ ਲਈ ਕਈ ਸਵਾਲ ਵੀ ਪੁੱਛੇ ਜਿਨ੍ਹਾਂ ਦਾ ਵਿਸਤਾਰ ਪੂਰਵਕ ਜਵਾਬ ਦਿੱਤਾ ਗਿਆ। ਵਿਦਿਆਰਥੀਆਂ ਨੇ ਇਸ ਲੈਕਚਰ ਵਿੱਚ ਬੇਹਦ ਰੁਚੀ ਵਿਖਾਈ ਅਤੇ ਮੰਗ ਕੀਤੀ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਲੈਕਚਰ ਪ੍ਰੋਗਰਾਮ ਆਯੋਜਿਤ ਕੀਤੇ ਜਾਣ।

ਇਸ ਮੌਕੇ ਡਾਕਟਰ ਮੈਡਮ ਸੁਨੀਤਾ ਕੌਸ਼ਲ , ਮੈਡਮ ਆਰਤੀ ਰਾਣੀ, , ਮੈਡਮ ਸਿਮਰਨ ਪ੍ਰੀਤ ਕੌਰ ,ਪ੍ਰੋਫੈਸਰ ਸਾਹਿਬਾਨ ਜਸਵੀਰ ਕੌਰ ,ਰਣਵੀਰ ਸਿੰਘ ਸੋਮਲ ,ਸੰਦੀਪ ਕੌਰ ,ਸੁਖਦੀਪ ਕੌਰ, ਗੁਰਕਰਨ ਸਿੰਘ ਵੀ ਸ਼ਾਮਿਲ ਸਨ। ਅਖੀਰ ਵਿੱਚ ਡਾਕਟਰ ਅਮਨਪ੍ਰੀਤ ਕੌਰ ਨੇ ਮਿਸ ਰਜਿਤਾ ਕੌਸ਼ਲ ਦਾ ਧੰਨਵਾਦ ਪ੍ਰਗਟ ਕੀਤਾ ਤੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਕਾਲਜ ਵਿੱਚ ਇਸ ਦਿੱਤੇ ਗਏ ਲੈਕਚਰ ਦਾ ਵਿਦਿਆਰਥੀਆਂ ਨੂੰ ਭਰਪੂਰ ਲਾਭ ਮਿਲੇਗਾ ਅਤੇ ਅਜਿਹੇ ਲੈਕਚਰ ਭਵਿੱਖ ਵਿੱਚ ਵੀ ਕਰਵਾਏ ਜਾਣਗੇ ਤਾਂ ਜੋ ਵਿਦਿਆਰਥੀ ਚਿੰਤਾ

# ਭਾਰਤ ਨੇ ਆਪ੍ਰੇਸ਼ਨ ਸਿੰਧੂਰ ਦੌਰਾਨ ਵਰਤੇ ਵਿਸ਼ੇਸ਼ ਤੋਪਖਾਨੇ 'ਚ ਗੋਲਾ-ਬਾਰੂਦ ਦਾ ਸਟਾਕ ਮੁੜ ਭਰਿਆ

**ਨਵੀਂ ਦਿੱਲੀ, 23 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਨੇ ਵਿਸ਼ੇਸ਼ ਤੋਪਖਾਨੇ 'ਐਕਸਕੈਲੀਬਰ' ਵਿਚ ਗੋਲਾ-ਬਾਰੂਦ ਦਾ ਆਪਣਾ ਸਟਾਕ ਮੁੜ ਭਰ ਦਿੱਤਾ ਹੈ। ਇਸ ਤੋਪਖਾਨੇ ਵਿਚਲੇ ਸਟਾਕ ਦੀ ਵਰਤੋਂ ਆਪਰੇਸ਼ਨ ਸਿੰਧੂਰ ਦੌਰਾਨ ਪਾਕਿਸਤਾਨ ਵਿੱਚ ਦਹਿਸ਼ਤੀ ਕੈਂਪਾਂ ਨੂੰ ਨਿਸ਼ਾਨਾ ਬਣਾਉਣ ਲਈ ਕੀਤੀ ਗਈ ਸੀ। ਭਾਰਤ ਨੇ 216 'ਐਕਸਕੈਲੀਬਰ ਪ੍ਰੋਜੈਕਟਾਈਲ' ਮੰਗੇ ਹਨ, ਜਿਨ੍ਹਾਂ ਨੂੰ ਅਮਰੀਕਾ ਨੇ 47.1 ਮਿਲੀਅਨ ਡਾਲਰ ਦੇ ਸੌਦੇ ਦੇ ਨਾਲ-ਨਾਲ ਕਰੀਬ 100 ਜੈਵਲਿਨ ਮਿਜ਼ਾਈਲ ਸਿਸਟਮ ਖਰੀਦਣ ਲਈ 45.7 ਡਾਲਰ ਦੇ ਇੱਕ ਹੋਰ ਸੌਦੇ ਤਹਿਤ ਮਨਜ਼ੂਰੀ ਦੇ ਦਿੱਤੀ ਹੈ।

ਤੋਪਖਾਨੇ ਦਾ ਗੋਲਾ-ਬਾਰੂਦ 'ਐਕਸਕੈਲੀਬਰ ਪ੍ਰੋਜੈਕਟਾਈਲ' ਐਮ-777 ਅਲਟਰਾ ਲਾਈਟਤੋਂ ਫਾਇਰ ਕੀਤਾ ਜਾਂਦਾ ਹੈ। ਭਾਰਤ ਨੇ ਕਰੀਬ ਇੱਕ ਦਹਾਕੇ ਪਹਿਲਾਂ ਅਮਰੀਕਾ ਤੋਂ ਅਜਿਹੀਆਂ 145 ਤੋਪਾਂ ਖਰੀਦੀਆਂ ਸਨ। 'ਐਕਸਕੈਲੀਬਰ' ਆਪਣੇ ਨਿਸ਼ਾਨੇ ਨੂੰ ਪੂਰੀ ਸਟੀਕਤਾ ਨਾਲ ਫੁੰਡਣ ਦੇ ਸਮਰੱਥ ਹੈ। 7 ਮਈ ਨੂੰ ਪਾਕਿਸਤਾਨ ਦੇ ਕੁਝ ਦਹਿਸ਼ਤੀ ਕੈਂਪਾਂ ਨੂੰ ਐਕਸਕੈਲੀਬਰ ਨਾਲ ਨਿਸ਼ਾਨਾ ਬਣਾਇਆ ਗਿਆ ਸੀ। ਐਕਸਕੈਲੀਬਰ ਅਤੇ ਜੈਵਲਿਨ ਨੂੰ ਵਿਦੇਸ਼ੀ ਫੌਜੀ ਵਿਕਰੀ ਰੂਟ ਤਹਿਤ ਮਨਜ਼ੂਰੀ ਦੇ ਦਿੱਤੀ ਗਈ ਹੈ। ਅਗਸਤ ਮਹੀਨੇ ਭਾਰਤ-ਅਮਰੀਕਾ ਸਬੰਧਾਂ ਵਿੱਚ ਕਸ਼ੀਦਗੀ ਵਧਣ ਤੋਂ ਬਾਅਦ ਇਹ ਪਹਿਲਾ ਅਜਿਹਾ ਸੌਦਾ ਹੈ।

ਅਮਰੀਕਾ ਨੇ ਭਾਰਤੀ ਦਰਾਮਦਾਂ 'ਤੇ 50 ਫੀਸਦ ਟੈਰਿਫ ਲਗਾਇਆ ਹੈ, ਜਿਸ ਵਿਚ ਰੂਸ ਤੋਂ ਕੱਚੇ ਤੇਲ ਦੀ ਖਰੀਦ ਬਦਲੇ ਲਾਇਆ 25 ਫੀਸਦ ਦਾ ਜੁਰਮਾਨਾ ਵੀ ਸ਼ਾਮਲ ਹੈ। ਅਮਰੀਕੀ ਡਿਫੈਂਸ ਸਕਿਓਰਿਟੀ ਸਹਿਯੋਗ ਏਜੰਸੀ (ਡੀਐਸਸੀਏ) ਨੇ ਬੁੱਧਵਾਰ ਨੂੰ ਕਾਂਗਰਸ ਨੂੰ ਸੂਚਿਤ ਕਰਦੇ ਹੋਏ ਭਾਰਤ ਨੂੰ ਦੋਵਾਂ ਵਿਕਰੀਆਂ ਲਈ ਲੋੜੀਂਦਾ ਪ੍ਰਮਾਣੀਕਰਣ ਪ੍ਰਦਾਨ ਕਰ ਦਿੱਤਾ।

ਡੀਐਸਸੀਏ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਭਾਰਤ ਨੇ 216 ਐਕਸਕੈਲੀਬਰ ਟੈਕਟੀਕਲ ਪ੍ਰੋਜੈਕਟਾਈਲ ਖਰੀਦਣ ਦੀ ਬੇਨਤੀ ਕੀਤੀ ਹੈ। ਡੀਐਸਸੀਏ ਨੇ ਸੌਦੇ ਨਾਲ ਇੱਕ ਪੋਰਟੇਬਲ ਇਲੈਕਟ੍ਰਾਨਿਕ ਫਾਇਰ ਕੰਟਰੋਲ ਸਿਸਟਮ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਅਮਰੀਕੀ ਸਰਕਾਰ ਤਕਨੀਕੀ ਸਹਾਇਤਾ, ਤਕਨੀਕੀ ਡੇਟਾ, ਮੁਰੰਮਤ ਅਤੇ ਲੌਜਿਸਟਿਕਸ ਅਤੇ ਪ੍ਰੋਗਰਾਮ ਸਹਾਇਤਾ ਦੇ ਹੋਰ ਸਬੰਧਤ ਤੱਤ ਵੀ ਪ੍ਰਦਾਨ ਕਰੇਗੀ।

ਡੀਐਸਸੀਏ ਨੇ ਵੱਖਰੇ ਤੌਰ 'ਤੇ ਕਾਂਗਰਸ (ਸਦਨ) ਨੂੰ ਜੈਵਲਿਨ ਮਿਜ਼ਾਈਲ ਸਿਸਟਮ ਅਤੇ ਸਬੰਧਤ ਉਪਕਰਣਾਂ ਦੀ ਵਿਕਰੀ ਬਾਰੇ ਵੀ ਸੂਚਿਤ ਕੀਤਾ ਜਿਸ ਦੀ ਅਨੁਮਾਨਤ ਕੀਮਤ £45.7 ਮਿਲੀਅਨ ਹੈ। ਭਾਰਤ ਨੇ ਸੌ ਜੈਵਲਿਨ ਰਾਊਂਡ ਅਤੇ 25 ਜੈਵਲਿਨ ਲਾਈਟਵੇਟ ਕਮਾਂਡ ਲਾਂਚ ਯੂਨਿਟ ਖਰੀਦਣ ਦੀ ਬੇਨਤੀ ਵੀ ਕੀਤੀ ਹੈ।

ਇਸ ਸੌਦੇ ਵਿੱਚ ਮਿਜ਼ਾਈਲ ਸਿਮੂਲੇਸ਼ਨ ਰਾਊਂਡ; ਬੈਟਰੀ ਕੂਲੈਂਟ ਯੂਨਿਟ; ਇੰਟਰਐਕਟਿਵ ਇਲੈਕਟ੍ਰਾਨਿਕ ਟੈਕਨੀਕਲ ਮੈਨੂਅਲ; ਲਾਈਫਸਾਈਕਲ ਸਪੋਰਟ; ਫਿਜ਼ੀਕਲ ਸੁਰੱਖਿਆ ਇੰਸਪੈਕਸ਼ਨ; ਸਪੇਅਰ ਪਾਰਟਸ; ਸਿਸਟਮ ਏਕੀਕਰਣ ਅਤੇ ਚੈੱਕ ਆਊਟ ਅਤੇ ਲੌਜਿਸਟਿਕਸ ਅਤੇ ਪ੍ਰੋਗਰਾਮ ਸਪੋਰਟ ਦੇ ਹੋਰ ਸਬੰਧਤ ਤੱਤ ਸ਼ਾਮਲ ਹਨ।

# 'ਯੁੱਧ ਨਸ਼ਿਆਂ ਵਿਰੁੱਧ': 263ਵੇਂ ਦਿਨ, ਪੰਜਾਬ ਪੁਲਿਸ ਵੱਲੋਂ 1.8 ਕਿਲੋਗ੍ਰਾਮ ਹੈਰੋਇਨ ਸਮੇਤ 110 ਨਸ਼ਾ ਤਸਕਰ ਗ੍ਰਿਫ਼ਤਾਰ

## 'ਡੀ-ਅਡਿਕਸ਼ਨ' ਹਿੱਸੇ ਵਜੋਂ, ਪੰਜਾਬ ਪੁਲਿਸ ਨੇ 21 ਵਿਅਕਤੀਆਂ ਨੂੰ ਨਸ਼ਾ ਛੁਡਾਊ ਇਲਾਜ ਕਰਵਾਉਣ ਲਈ ਕੀਤਾ ਰਾਜ਼ੀ

**ਚੰਡੀਗੜ੍ਹ, 23 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ ਨਸ਼ਾ ਵਿਰੁੱਧ ਜੰਗ ÷ਯੁੱਧ ਨਸ਼ਿਆਂ ਵਿਰੁੱਧ÷ ਨੂੰ ਲਗਾਤਾਰ 263ਵੇਂ ਦਿਨ ਵੀ ਜਾਰੀ ਰੱਖਦਿਆਂ, ਪੰਜਾਬ ਪੁਲਿਸ ਨੇ ਅੱਜ 298 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੌਰਾਨ ਸੂਬੇ ਭਰ ਵਿੱਚ 92 ਐਫਆਈਆਰਜ਼ ਦਰਜ ਕਰਕੇ 110 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ, 263 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 37,392 ਹੋ ਗਈ ਹੈ।

ਇਸ ਛਾਪੇਮਾਰੀ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 1.8 ਕਿਲੋ ਹੈਰੋਇਨ, 1928 ਨਸ਼ੀਲੀਆਂ ਗੋਲੀਆਂ ਅਤੇ 7650 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਇਸ ਆਪਰੇਸ਼ਨ ਦੌਰਾਨ 60 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 800 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 100 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 298 ਛਾਪੇ ਮਾਰੇ ਹਨ। ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 316 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ।

ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ 'ਡੀ-ਅਡਿਕਸ਼ਨ' ਹਿੱਸੇ ਵਜੋਂ ਅੱਜ 21 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਪੰਜਾਬ-ਹਰਿਆਣਾ 'ਵਰਸਿਟੀ ਮੁੱਦਾ ਆਪਸ 'ਚ ਨਿਬੇੜਨ: ਸ਼ਾਹ

## ਦੋਵੇਂ ਸੂਬਿਆਂ ਨੂੰ ਆਮ ਸਹਿਮਤੀ ਨਾਲ ਮਸਲੇ ਦਾ ਹੱਲ ਕੱਢਣ ਲਈ ਕਿਹਾ



**ਚੰਡੀਗੜ੍ਹ, 23 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 'ਚ ਹਰਿਆਣਾ ਦਾ ਹਿੱਸਾ ਬਹਾਲ ਕਰਨ ਦੀ ਮੰਗ 'ਤੇ ਕੋਈ ਨਿਰਦੇਸ਼ ਜਾਰੀ ਕਰਨ ਤੋਂ ਗੁਰੇਜ਼ ਕਰਦਿਆਂ ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਅਤੇ ਹਰਿਆਣਾ ਨੂੰ ਕਿਹਾ ਹੈ ਕਿ ਉਹ ਇਸ ਮੁੱਦੇ ਦਾ ਸਰਬਸੰਮਤੀ ਨਾਲ ਨਿਬੇੜਾ ਕਰਨ।

ਉੱਤਰੀ ਜ਼ੋਨਲ ਕੌਂਸਲ ਦੀ 17 ਨਵੰਬਰ ਨੂੰ ਹੋਈ ਮੀਟਿੰਗ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੰਜਾਬ ਅਤੇ ਹਰਿਆਣਾ ਨੂੰ ਅਪੀਲ ਕੀਤੀ ਕਿ ਉਹ ਆਪਸ 'ਚ ਗੱਲਬਾਤ ਕਰਕੇ ਮੁੱਦੇ ਦਾ ਢੁੱਕਵਾਂ ਹੱਲ ਕੱਢਣ। ਮੰਤਰਾਲੇ ਨੇ ਕਿਹਾ ਕਿ ਇਸ ਮੁੱਦੇ 'ਤੇ ਸਿੱਖਿਆ ਮੰਤਰਾਲੇ ਤਹਿਤ ਉੱਚ ਸਿੱਖਿਆ ਵਿਭਾਗ ਨੋਡਲ ਅਥਾਰਿਟੀ ਹੈ। ਵਿਭਾਗ ਵੱਲੋਂ ਪਹਿਲਾਂ ਹੀ ਇਸ ਬਾਰੇ ਕਾਨੂੰਨੀ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ। ਵਿਭਾਗ ਵੱਲੋਂ 15 ਅਕਤੂਬਰ ਨੂੰ ਲਿਖੇ ਪੱਤਰ 'ਚ ਕਿਹਾ ਗਿਆ, "ਮਾਮਲੇ ਦੀ ਜਾਂਚ ਕੀਤੀ ਗਈ ਹੈ ਅਤੇ ਇਹ ਦੇਖਿਆ ਗਿਆ ਕਿ ਪੰਜਾਬ ਯੂਨੀਵਰਸਿਟੀ ਵਿੱਚ ਹਰਿਆਣਾ ਨੂੰ ਇੱਕ ਹਿੱਸੇਦਾਰ ਵਜੋਂ ਸ਼ਾਮਲ ਕਰਨ ਬਾਰੇ ਸਕਾਰਾਤਮਕ ਢੰਗ ਨਾਲ ਵਿਚਾਰ ਕੀਤਾ ਜਾ ਸਕਦਾ ਹੈ। ਇਸ ਨਾਲ ਹਰਿਆਣਾ ਦੇ ਕਾਲਜਾਂ ਤੋਂ ਐਫੀਲੀਏਸ਼ਨ ਫੀਸਾਂ ਰਾਹੀਂ ਯੂਨੀਵਰਸਿਟੀ ਦੀ ਆਮਦਨ ਵਧਣ ਦੀ ਸੰਭਾਵਨਾ ਹੈ ਅਤੇ ਇਸ ਨਾਲ ਕੇਂਦਰ ਸਰਕਾਰ 'ਤੇ ਵਿੱਤੀ ਬੋਝ ਘਟੇਗਾ। ਹਾਲਾਂਕਿ, ਹਰਿਆਣਾ ਦੀ ਦਾਅਵੇਦਾਰੀ ਬਹਾਲ ਕਰਨ ਲਈ ਕੁਝ ਕਾਨੂੰਨੀ ਅਤੇ ਵਿਧਾਨਕ ਨੁਕਤਿਆਂ 'ਚ ਤਬਦੀਲੀਆਂ ਕਰਨੀਆਂ ਪੈਣਗੀਆਂ। ਸਲਾਹ ਲਈ ਮਾਮਲਾ ਕਾਨੂੰਨ ਅਤੇ ਨਿਆਂ ਮੰਤਰਾਲੇ ਦੇ ਕਾਨੂੰਨੀ ਮਾਮਲਿਆਂ ਦੇ ਵਿਭਾਗ ਨੂੰ ਭੇਜ ਦਿੱਤਾ ਗਿਆ ਹੈ।" ਮੀਟਿੰਗ ਦੌਰਾਨ ਕਿਸੇ ਅੰਤਿਮ ਫ਼ੈਸਲੇ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ ਪਰ ਪੰਜਾਬ ਅਤੇ ਹਰਿਆਣਾ ਨੇ ਮੁੱਦੇ 'ਤੇ ਆਪੋ ਆਪਣਾ ਪੱਖ ਜ਼ਰੂਰ ਰੱਖਿਆ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਯੂਨੀਵਰਸਿਟੀ ਅਤੇ ਚੰਡੀਗੜ੍ਹ 'ਤੇ ਪੰਜਾਬ ਦਾ ਦਾਅਵਾ ਠੋਕਦਿਆਂ ਕਿਹਾ ਕਿ ਹਰਿਆਣਾ ਨੇ ਦਹਾਕਿਆਂ ਪਹਿਲਾਂ ਆਪਣਾ ਹਿੱਸਾ ਛੱਡ ਦਿੱਤਾ ਸੀ ਅਤੇ ਉਹ ਹੁਣ ਇਸ ਨੂੰ ਦੁਬਾਰਾ ਨਹੀਂ ਮੰਗ ਸਕਦਾ ਹੈ। ਮਾਨ ਨੇ ਕਿਹਾ ਕਿ ਪੰਜਾਬ 50 ਸਾਲਾਂ ਤੋਂ ਯੂਨੀਵਰਸਿਟੀ ਦੀ ਮਦਦ ਕਰ ਰਿਹਾ ਹੈ ਅਤੇ ਉਨ੍ਹਾਂ ਹਰਿਆਣਾ ਵੱਲੋਂ ਇਸ 'ਚ ਪਿਛਲੇ ਦਰਵਾਜ਼ਿਉਂ ਦਾਖ਼ਲੇ ਦਾ ਵਿਰੋਧ ਕੀਤਾ। ਉਧਰ ਹਰਿਆਣਾ ਨੇ ਦਲੀਲ ਦਿੱਤੀ ਕਿ ਇਹ ਮੰਗ ਪੂਰੀ ਹੋਣ ਨਾਲ ਪੰਚਕੂਲਾ, ਅੰਬਾਲਾ ਅਤੇ ਯਮੁਨਾਨਗਰ ਵਰਗੇ ਜ਼ਿਲ੍ਹਿਆਂ ਦੇ ਕਾਲਜਾਂ ਨੂੰ ਲਾਹਾ ਮਿਲੇਗਾ। ਹਰਿਆਣਾ ਨੇ ਮੰਗ ਕੀਤੀ ਕਿ ਕਾਲਜਾਂ ਨੂੰ ਯੂਨੀਵਰਸਿਟੀ ਤੋਂ ਮਾਨਤਾ ਮਿਲੇ ਅਤੇ ਉਸ ਨੇ ਗ੍ਰਾਂਟ 'ਚ ਹਿੱਸਾ ਦੇਣ ਦੀ ਵੀ ਪੇਸ਼ਕਸ਼ ਕੀਤੀ ਹੈ। ਦੋਵੇਂ ਸੂਬਿਆਂ ਨੇ ਮੀਟਿੰਗ ਦੌਰਾਨ ਯੂਨੀਵਰਸਿਟੀ ਦੇ ਮੁੱਦੇ ਦਾ ਨਿਬੇੜਾ ਮੰਗਿਆ ਸੀ ਪਰ ਸ਼ਾਹ ਨੇ ਕਿਹਾ ਕਿ ਅਜਿਹੇ ਮੁੱਦੇ ਆਪਸ 'ਚ ਵਾਰਤਾ ਰਾਹੀਂ ਹੀ ਹੱਲ ਹੋ ਸਕਦੇ ਹਨ। ਰਿਪੋਰਟਾਂ ਮੁਤਾਬਕ ਭਗਵੰਤ ਮਾਨ ਵੱਲੋਂ ਤਿੱਖਾ ਇਤਰਾਜ਼ ਜਤਾਏ ਜਾਣ ਮਗਰੋਂ ਕੇਂਦਰ ਨੇ ਪੰਜਾਬ ਨਾਲ ਸਬੰਧਤ ਅਹਿਮ ਮੁੱਦਿਆਂ ਨੂੰ ਅੱਗੇ ਪਾਉਣ ਦਾ ਫ਼ੈਸਲਾ ਕੀਤਾ ਹੈ।

# ਨੌਵੇਂ ਪਾਤਸ਼ਾਹ ਦੇ 350ਵੇਂ ਸ਼ਹੀਦੀ ਦਿਹਾੜੇ ਸਬੰਧੀ ਸ੍ਰੀਨਗਰ ਤੋਂ ਅਰੰਭ ਹੋਏ ਨਗਰ ਕੀਰਤਨ ਦਾ ਸੰਗਤ ਅਤੇ ਮੁਕਾਮੀ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਥਾਂ-ਥਾਂ ਸਵਾਗਤ

**ਚੰਡੀਗੜ੍ਹ, 23 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਸਬੰਧੀ ਜੰਮੂ-ਕਸ਼ਮੀਰ ਦੀ ਰਾਜਧਾਨੀ ਸ੍ਰੀਨਗਰ ਸਥਿਤ ਗੁਰਦੁਆਰਾ ਪਾਤਸ਼ਾਹੀ ਛੇਵੀਂ ਤੋਂ ਅਰੰਭ ਹੋਏ ਨਗਰ ਕੀਰਤਨ ਦੇ ਪਹਿਲੇ ਪੜਾਅ ਤਹਿਤ ਕਰੀਬ 250 ਕਿਲੋਮੀਟਰ ਦਾ ਸਫ਼ਰ ਤੈਅ ਕਰਨ ਵਾਲੇ ਨਗਰ ਕੀਰਤਨ ਦਾ ਰਸਤੇ ਵਿੱਚ ਥਾਂ-ਥਾਂ 'ਤੇ ਸੰਗਤ ਅਤੇ ਮੁਕਾਮੀ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਵਾਗਤ ਕੀਤਾ ਗਿਆ।





ਜ਼ਿਲ੍ਹਾ ਕੁਲਗਾਮ ਦੇ ਸਿੱਖ ਆਬਾਦੀ ਵਾਲੇ ਪਿੰਡ ਪਾਲਪੁਰਾ ਦੀ ਸੰਗਤ ਸਣੇ ਐਸ.ਐਸ.ਪੀ. ਟ੍ਰੈਫਿਕ ਕਸ਼ਮੀਰ ਪ੍ਰੋਵਿੰਸ ਰਵਿੰਦਰ ਪਾਲ ਸਿੰਘ, ਐਡੀਸ਼ਨਲ ਡਿਪਟੀ ਕਮਿਸ਼ਨਰ ਅਨੰਤਨਾਗ ਸੰਦੀਪ ਸਿੰਘ ਬਾਲੀ, ਐਸ.ਡੀ.ਐਮ. ਡੂਰੂ ਪ੍ਰਵੇਜ਼ ਰਹੀਮ, ਤਹਿਸੀਲਦਾਰ ਕਾਜ਼ੀਗੁੰਡ ਸੱਜਾਦ ਅਹਿਮਦ ਨੇ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ। ਸੰਗਤਾਂ ਵਲੋਂ ਗੁਰੂ ਸਾਹਿਬ ਨੂੰ ਸੁੰਦਰ ਰੁਮਾਲੇ ਭੇਟ ਕੀਤੇ ਗਏ ਅਤੇ ਨਗਰ ਕੀਰਤਨ ਵਿੱਚ ਸ਼ਾਮਲ ਸੰਗਤਾਂ ਲਈ ਚਾਹ ਅਤੇ ਫਲਾਂ ਦਾ ਲੰਗਰ ਲਗਾਇਆ ਗਿਆ। ਇਸ ਤੋਂ ਬਾਅਦ ਜ਼ਿਲ੍ਹਾ ਅਨੰਤਨਾਗ ਦੇ ਪਿੰਡ ਕਾਜ਼ੀਗੁੰਡ ਵਿਖੇ ਸੰਗਤ ਵੱਲੋਂ ਲੰਗਰ ਦਾ ਪ੍ਰਬੰਧ ਕੀਤਾ ਗਿਆ।

ਜ਼ਿਲ੍ਹਾ ਪ੍ਰਸ਼ਾਸਨ ਰਾਮਬਨ ਵਲੋਂ ਚੰਦਰਪੁਰ ਵਿਖੇ ਨਗਰ ਕੀਰਤਨ ਦਾ ਸਵਾਗਤ ਕੀਤਾ ਗਿਆ ਅਤੇ ਸੰਗਤ ਲਈ ਚਾਹ ਅਤੇ ਪਕੌੜਿਆਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਅਲਿਆਜ਼ ਖ਼ਾਨ, ਐਸ.ਐਸ.ਪੀ. ਟ੍ਰੈਫਿਕ ਆਦਿਲ ਹਮੀਦ, ਵਧੀਕ ਡਿਪਟੀ ਕਮਿਸ਼ਨਰ ਵਰੁਣਜੀਤ ਚਾੜਕ, ਏ.ਸੀ.ਐਸ. ਸ਼ੌਕਤ ਮੱਟੂ, ਵਧੀਕ ਐਸ.ਪੀ. ਮੁਜੀਬ-ਉਰ-ਰਹਿਮਾਨ, ਤਹਿਸੀਲਦਾਰ ਦੀਪ ਕੁਮਾਰ ਹਾਜ਼ਰ ਸਨ। ਇਸੇ ਦੌਰਾਨ ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਮਬਨ ਵਲੋਂ ਵੀ ਨਗਰ ਕੀਰਤਨ ਦਾ ਸਵਾਗਤ ਕੀਤਾ ਗਿਆ।

ਜੰਮੂ-ਕਸ਼ਮੀਰ ਪ੍ਰਸ਼ਾਸਨ ਵਲੋਂ ਨਗਰ ਕੀਰਤਨ ਲਈ ਉਚੇਚੇ ਟ੍ਰੈਫਿਕ ਪ੍ਰਬੰਧਾਂ ਸਣੇ ਅੱਗ ਬੁਝਾਊ ਟੀਮਾਂ ਅਤੇ ਐਂਬੂਲੈਂਸ ਤੇ ਮੈਡੀਕਲ ਸਟਾਫ਼ ਆਦਿ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ।

ਦੱਸ ਦੇਈਏ ਕਿ ਸ੍ਰੀਨਗਰ ਤੋਂ ਸਜਾਇਆ ਜਾ ਰਿਹਾ ਨਗਰ ਕੀਰਤਨ 22 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਪਹੁੰਚਣ ਤੱਕ ਕੁੱਲ 544 ਕਿਲੋਮੀਟਰ ਦੀ ਦੂਰੀ ਤੈਅ ਕਰੇਗਾ। ਅਗਲੇ ਪੜਾਅ ਤਹਿਤ ਨਗਰ ਕੀਰਤਨ ਜੰਮੂ ਤੋਂ ਰਵਾਨਾ ਹੋ ਕੇ 20 ਨਵੰਬਰ ਨੂੰ ਪਠਾਨਕੋਟ ਵਿਖੇ ਠਹਿਰਾਅ ਕਰੇਗਾ, ਜਦਕਿ 21 ਨਵੰਬਰ ਨੂੰ ਹੁਸ਼ਿਆਰਪੁਰ ਵਿਖੇ ਨਗਰ ਕੀਰਤਨ ਦਾ ਠਹਿਰਾਅ ਹੋਵੇਗਾ।

# ਟਾਟਾ ਏਆਈਏ ਲਾਈਫ ਇੰਸ਼ੋਰੈਂਸ ਅਤੇ ਸੀਐਨਬੀਸੀ-ਟੀਵੀ18 ਵਿੱਤੀ ਸਲਾਹ ਨੂੰ ਉਤਸ਼ਾਹਿਤ ਕਰਨ ਲਈ ਸਹਿਯੋਗ ਕਰਨਗੇ

**ਅੰਮ੍ਰਿਤਸਰ, 23 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਵਿਸ਼ਵਵਿਆਪੀ ਵਿਕਾਸ ਵਿੱਚ ਸਭ ਤੋਂ ਅੱਗੇ ਹੈ - ਇੱਕ ਵਿਕਾਸ ਜੋ ਦੇਸ਼ ਦੇ ਤੇਜ਼ ਆਰਥਿਕ ਵਿਕਾਸ, ਵਧੀ ਹੋਈ ਨਵੀਨਤਾ ਅਤੇ ਵਿਸ਼ਵ ਪੱਧਰ 'ਤੇ ਵਧ ਰਹੇ ਪ੍ਰਭਾਵ ਦੁਆਰਾ ਦਰਸਾਇਆ ਗਿਆ ਹੈ। ਇਸਨੇ ਭਾਰਤੀਆਂ ਲਈ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਅਤੇ ਸਫਲਤਾ ਪ੍ਰਾਪਤ ਕਰਨ ਦੇ ਬਹੁਤ ਮੌਕੇ ਖੋਲ੍ਹੇ ਹਨ। ਵਧਦੀ ਖੁਸ਼ਹਾਲੀ ਦੇ ਨਾਲ ਨਾਗਰਿਕਾਂ ਲਈ ਵਿੱਤੀ ਯੋਜਨਾਬੰਦੀ ਅਤੇ ਸੁਰੱਖਿਆ ਦੀ ਜ਼ਰੂਰਤ ਆਉਂਦੀ ਹੈ। ਟਾਟਾ ਏਆਈਏ ਨੇ ਪਿਛਲੇ ਕੁਝ ਸਾਲਾਂ ਵਿੱਚ ਦੇਸ਼ ਭਰ ਦੇ ਖਪਤਕਾਰਾਂ ਦੀ ਮਦਦ ਕਰਦੇ ਹੋਏ ਕਈ ਨਵੀਨਤਾਕਾਰੀ ਸੁਰੱਖਿਆ ਹੱਲ ਪ੍ਰਦਾਨ ਕੀਤੇ ਹਨ। ਕੰਪਨੀ ਭਾਰਤ ਦੇ ਜੀਵਨ ਬੀਮਾ ਸੁਰੱਖਿਆ ਦੇ ਮੋਹਰੀ ਪ੍ਰਦਾਤਾ ਵਜੋਂ ਉਭਰੀ ਹੈ।

ਟਾਟਾ ਏਆਈਏ ਲਾਈਫ ਇੰਸ਼ੋਰੈਂਸ ਦੇ ਐਮਡੀ ਅਤੇ ਸੀਈਓ ਸ਼੍ਰੀ ਵੈਂਕੀ ਅਈਅਰ ਨੇ ਕਿਹਾ: ਟਾਟਾ ਏਆਈਏ ਵਿਖੇ, ਅਸੀਂ ਤੁਹਾਡੇ ਸੁਪਨਿਆਂ ਦੀ ਰੱਖਿਆ ਕਰਨ ਅਤੇ ਤੁਹਾਡੇ ਭਵਿੱਖ ਨੂੰ ਸੁਰੱਖਿਅਤ ਕਰਨ ਦਾ ਵਾਅਦਾ ਕਰਦੇ ਹਾਂ, ਅਤੇ ਇਹ ਵਾਅਦਾ ਸਾਡੇ ਖਪਤਕਾਰਾਂ 'ਤੇ ਪੂਰੀ ਤਰ੍ਹਾਂ ਕੇਂਦ੍ਰਿਤ ਹੈ। ਸਾਡੇ ਸਲਾਹਕਾਰ ਸਾਡੇ ਭਰੋਸੇਮੰਦ ਭਾਈਵਾਲ ਹਨ ਜੋ ਖਪਤਕਾਰਾਂ ਨੂੰ ਉਨ੍ਹਾਂ ਦੇ ਜੀਵਨ ਦੇ ਵੱਖ-ਵੱਖ ਪੜਾਵਾਂ 'ਤੇ ਸੇਵਾ ਕਰਨ ਵਿੱਚ ਮਦਦ ਕਰਦੇ ਹਨ। ਟਾਟਾ ਏਆਈਏ ਔਰਾ ਦੇ ਨਾਲ, ਅਸੀਂ ਆਪਣੇ ਵਿੱਤੀ ਸਲਾਹਕਾਰ ਭਾਈਚਾਰੇ ਦੀ ਉੱਦਮੀ ਭਾਵਨਾ ਅਤੇ ਸਫਲਤਾ ਦਾ ਸਨਮਾਨ ਕਰਨਾ ਚਾਹੁੰਦੇ ਹਾਂ। CNBC-TVAH ਨਾਲ ਸਾਡੀ ਸਾਂਝੇਦਾਰੀ ਦਾ ਉਦੇਸ਼ ਸਲਾਹਕਾਰ-ਉੱਦਮੀਆਂ ਦੀ ਅਗਲੀ ਪੀੜ੍ਹੀ ਨੂੰ ਪ੍ਰੇਰਿਤ ਕਰਨਾ ਹੈ ਜੋ ਬੀਮਾ ਨੂੰ ਇੱਕ ਪੂਰੇ ਸਮੇਂ ਦੇ ਪੇਸ਼ੇ ਵਜੋਂ ਅਪਣਾ ਸਕਦੇ ਹਨ।

ਨਿਊਜ਼18 ਸਟੂਡੀਓ ਦੇ ਸੀਈਓ ਸ਼ਿਵਕੁਮਾਰ ਐਸ ਨੇ ਕਿਹਾ: ਟਾਟਾ ਏਆਈਏ ਲਾਈਫ ਇੰਸ਼ੋਰੈਂਸ ਨਾਲ ਇਹ ਸਹਿਯੋਗ ਸਲਾਹਕਾਰਾਂ ਦੀ ਅਟੁੱਟ ਵਚਨਬੱਧਤਾ ਨੂੰ ਉਜਾਗਰ ਕਰਦਾ ਹੈ ਜੋ ਆਪਣੇ ਕੰਮ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹਨ, ਹਰ ਪਰਿਵਾਰ ਦੀਆਂ ਜ਼ਰੂਰਤਾਂ ਦਾ ਧਿਆਨ ਰੱਖਦੇ ਹਨ, ਅਤੇ ਲਗਾਤਾਰ ਇਹ ਸੇਵਾ ਪ੍ਰਦਾਨ ਕਰਦੇ ਹਨ। ਉਨ੍ਹਾਂ ਦੀਆਂ ਯਾਤਰਾਵਾਂ ਨੂੰ ਸਾਂਝਾ ਕਰਕੇ, ਅਸੀਂ ਅੱਜ ਦੇ ਗਤੀਸ਼ੀਲ ਵਿੱਤੀ ਸਮੇਂ ਵਿੱਚ ਜ਼ਿੰਮੇਵਾਰ ਸਲਾਹ ਦੀ ਮਹੱਤਤਾ ਨੂੰ ਹੋਰ ਮਜ਼ਬੂਤ ਕਰਨਾ ਚਾਹੁੰਦੇ ਹਾਂ।

ਜੀਵਨ ਬੀਮਾ - ਹੁਣ ਇੱਕ ਜ਼ਰੂਰੀ ਸ਼੍ਰੇਣੀ ਜੀਵਨ ਬੀਮਾ ਨੂੰ GST ਤੋਂ ਛੋਟ ਦੇਣ ਦੇ ਭਾਰਤ ਸਰਕਾਰ ਦੇ ਇਤਿਹਾਸਕ ਕਦਮ ਨੇ ਜੀਵਨ ਬੀਮਾ ਨੂੰ ਹੋਰ ਵੀ ਕਿਫਾਇਤੀ ਬਣਾ ਦਿੱਤਾ ਹੈ, ਇਸਨੂੰ ਭਾਰਤੀ ਪਰਿਵਾਰਾਂ ਲਈ 'ਜ਼ਰੂਰੀ ਸ਼੍ਰੇਣੀ' ਸੂਚੀ ਵਿੱਚ ਰੱਖਿਆ ਹੈ।

ਬੀਮਾ ਸਲਾਹਕਾਰ ਸਿਰਫ਼ ਮਾਰਗਦਰਸ਼ਨ ਹੀ ਨਹੀਂ ਦਿੰਦੇ, ਉਹ ਕਾਰੋਬਾਰੀ ਵਿਕਾਸ ਨੂੰ ਤੇਜ਼ ਵੀ ਕਰਦੇ ਹਨ ਅਤੇ ਉੱਦਮਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਦੇ ਹਨ। ਜੀਵਨ ਬੀਮਾ ਸਲਾਹਕਾਰ ਵਿੱਤੀ ਸਲਾਹ ਸੰਬੰਧੀ ਭਾਰਤੀ ਪਰਿਵਾਰਾਂ ਲਈ ਸੰਪਰਕ ਦਾ ਇੱਕ ਮੁੱਖ ਪਹਿਲਾ ਬਿੰਦੂ ਹਨ। ਟਾਟਾ 191 ਕੋਲ 1.5 ਲੱਖ ਤੋਂ ਵੱਧ ਸਲਾਹਕਾਰ ਹਨ, ਅਤੇ ਕੰਪਨੀ ਉਨ੍ਹਾਂ ਨੂੰ ਪੇਸ਼ਕਸ਼ਾਂ ਅਤੇ ਸਾਧਨਾਂ ਨਾਲ ਲੈਸ ਕਰਨ ਲਈ ਵਚਨਬੱਧ ਹੈ।



# ਕਬਜ਼ ਨੂੰ ਨਾ ਕਰੋ ਨਜ਼ਰਅੰਦਾਜ਼

**ਕਬਜ਼ ਇਨ੍ਹਾਂ ਬਿਮਾਰੀਆਂ ਦੀ ਜੜ੍ਹ ਹੈ ਜਿਵੇਂ ਤੇਜ਼ਾਬ, ਐਸਿਡੀਟੀ, ਬਦਹਜ਼ਮੀ, ਪੇਟ, ਗੈਸ, ਖੱਟੇ ਡਕਾਰ, ਪੇਟ 'ਚ ਸੋਜ ਬਵਾਸੀਰ, ਸਿਰ ਦਰਦ, ਚਿੜਚਿੜਾਪਨ, ਬੇਚੈਨੀ,ਘਬਰਾਹਟ ,ਚੱਕਰ ਆਉਣੇ ਆਦਿ...**

ਇਨਸਾਨ ਆਪਣੀ ਸਿਹਤ ਦਾ ਪੂਰੀ ਤਰ੍ਹਾਂ ਖ਼ਿਆਲ ਨਹੀਂ ਰੱਖਦਾ ਜਿਸ ਕਾਰਨ ਛੋਟੀਆਂ-ਛੋਟੀਆਂ ਬਿਮਾਰੀਆਂ ਗੰਭੀਰ ਹੋ ਜਾਂਦੀਆਂ ਹਨ। ਜੇ ਉਨ੍ਹਾਂ ਦਾ ਸਮੇਂ ਸਿਰ ਇਲਾਜ ਕੀਤਾ ਜਾਵੇ ਤਾਂ ਬਿਮਾਰੀਆਂ ਨੂੰ ਅਸਾਨੀ ਨਾਲ ਰੋਕਿਆ ਜਾ ਸਕਦਾ ਹੈ। ਮਨੁੱਖੀ ਸਰੀਰ 'ਚ ਆਮ ਬਿਮਾਰੀਆਂ ਦੇ ਨਾਲ-ਨਾਲ ਕਬਜ਼ ਦੀ ਬਿਮਾਰੀ ਵੱਡੀ ਗਿਣਤੀ 'ਚ ਪਾਈ ਜਾਂਦੀ ਹੈ। ਕਬਜ਼ ਹੋਰ ਵੀ ਅਨੇਕਾਂ ਬਿਮਾਰੀਆਂ ਨੂੰ ਜਨਮ ਦਿੰਦੀ ਹੈ ਜਿਵੇਂ ਤੇਜ਼ਾਬ, ਐਸਿਡੀਟੀ, ਬਦਹਜ਼ਮੀ, ਪੇਟ, ਗੈਸ, ਖੱਟੇ ਡਕਾਰ, ਪੇਟ 'ਚ ਸੋਜ ਬਵਾਸੀਰ, ਸਿਰ ਦਰਦ, ਚਿੜਚਿੜਾਪਨ, ਬੇਚੈਨੀ ਆਦਿ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

### ਕਾਰਨ

ਇਸ ਦਾ ਮੁੱਖ ਕਾਰਨ ਫਾਸਟ ਫੂਡ, ਤਲੀਆਂ ਹੋਈਆਂ ਚੀਜ਼ਾਂ, ਮੈਦੇ ਤੋਂ ਬਣੀਆਂ ਚੀਜ਼ਾਂ, ਤੰਬਾਕੂ, ਸਿਗਰਟ, ਬੀੜੀ, ਪਾਣੀ ਦਾ ਬਦਲਣਾ, ਸਰੀਰਕ ਕਸਰਤ ਨਾ ਕਰਨਾ, ਇਕ ਸੀਟ 'ਤੇ ਬੈਠ ਕੇ ਕੰਮ ਕਰਨਾ ਆਦਿ ਨਾਲ ਕਬਜ਼ ਹੋ ਸਕਦੀ ਹੈ।

### ਇਲਾਜ

ਸਵੇਰੇ ਉੱਠ ਕੇ ਕੋਸੇ ਪਾਣੀ ਦਾ ਸੇਵਨ ਕਰਨਾ, ਦਿਨ 'ਚ ਘੱਟੋ-ਘੱਟ 8-10 ਗਲਾਸ ਪਾਣੀ ਜ਼ਰੂਰ ਪੀਓ, ਫਾਇਬਰ ਯੁਕਤ ਭੋਜਨ ਦੀ ਵਰਤੋਂ ਕਰੋ, ਤਰਲ ਚੀਜ਼ਾਂ ਦੀ ਜ਼ਿਆਦਾ ਵਰਤੋਂ ਕਰੋ, ਸੰਤਰਾ, ਪਪੀਤਾ, ਅੰਬ ਆਦਿ ਦਾ ਸੇਵਨ ਕਰਨ ਨਾਲ ਇਸ ਬਿਮਾਰੀ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

- ਰੋਜ਼ ਘੱਟੋ-ਘੱਟ 5-6 ਕਿਲੋਮੀਟਰ ਸੈਰ ਕਰੋ, ਕੋਲਡ ਡਰਿੰਕਸ ਤੇ ਆਇਸ ਕਰੀਮ ਤੋਂ ਪਰਹੇਜ਼ ਰੱਖੋ।
- ਸ਼ਾਮ ਦਾ ਖਾਣਾ ਸੌਣ ਤੋਂ ਲਗਪਗ ਤਿੰਨ ਘੰਟੇ ਪਹਿਲਾਂ ਖਾਓ। ਦੁੱਧ, ਦਹੀ, ਲੱਸੀ ਦੀ ਵਰਤੋਂ ਵੱਧ ਤੋਂ ਵੱਧ ਕਰੋ, ਹੋ ਸਕੇ ਤਾਂ ਅੰਗਰੇਜੀ ਦਵਾਈਆਂ ਤੋਂ ਪਰਹੇਜ਼ ਕਰੋ। ਜੇ ਇਨ੍ਹਾਂ ਗੱਲਾਂ ਵੱਲ ਧਿਆਨ ਦਿੱਤਾ ਜਾਵੇ ਤਾਂ ਸਾਡਾ ਸਰੀਰ ਬਿਮਾਰੀਆਂ ਤੋਂ ਮੁਕਤ ਹੋਵੇਗਾ ਤੇ ਨਾਲ ਹੀ ਸਾਡੀ ਸਿਹਤ ਵਧੀਆ ਅਤੇ ਤੰਦਰੁਸਤ ਰਹੇਗੀ।



# ਡ੍ਰਾਈਫਰੂਟ 'ਚ ਸਭ ਤੋਂ ਵਧੀਆ ਮਖਾਣੇ

ਮਖਾਣੇ ਸਰੀਰ ਦੀਆਂ ਕਈ ਬਿਮਾਰੀਆਂ ਨੂੰ ਖ਼ਤਮ ਕਰਦੇ ਹਨ। ਸਰਦੀਆਂ 'ਚ ਡ੍ਰਾਈਫਰੂਟ ਖਾਣੇ ਸਿਹਤ ਲਈ ਬਹੁਤ ਵਧੀਆ ਹਨ। ਇਸ ਨਾਲ ਸਰੀਰ ਨੂੰ ਗਰਮੀ ਮਿਲਦੀ ਹੈ। ਸਫ਼ੈਦ ਰੰਗ ਦੇ ਮਖਾਣਿਆਂ ਦਾ ਇਸਤੇਮਾਲ ਖਾਣ ਦੇ ਨਾਲ-ਨਾਲ ਪੂਜਾ 'ਚ ਵੀ ਕੀਤਾ ਜਾਂਦਾ ਹੈ ਪਰ ਇਹ ਸਿਹਤ ਲਈ ਬਹੁਤ ਵਧੀਆ ਹੁੰਦੇ ਹਨ। ਮਖਾਣੇ ਕਮਲ ਦੇ ਬੀਜ ਤੋਂ ਬਣਦੇ ਹਨ ਤੇ ਖਾਣ 'ਚ ਵੀ ਬਹੁਤ ਸੁਆਦ ਹੁੰਦੇ ਹਨ। ਇਨ੍ਹਾਂ ਨੂੰ ਨਮਕੀਨ, ਮਠਿਆਈ, ਖੀਰ ਤੇ ਸਬਜ਼ੀਆਂ 'ਚ ਪਾ ਕੇ ਵੀ ਖਾਧਾ ਜਾਂਦਾ ਹੈ। ਇਹ ਕਿਡਨੀ ਤੇ ਦਿਲ ਲਈ ਲਾਭਕਾਰੀ ਹਨ। ਆਓ ਜਾਣਦੇ ਹਾਂ ਇਨ੍ਹਾਂ ਦੇ ਫ਼ਾਇਦੇ।

### ਸਰੀਰਕ ਕਮਜ਼ੋਰੀ ਕਰਨ ਦੂਰ

ਅੱਜਕੱਲ੍ਹ ਇਕ ਤਾਂ ਲੋਕ ਮੋਟਾਪੇ ਤੋਂ ਪਰੇਸ਼ਾਨ ਹਨ ਤੇ ਕਈ ਇਸ ਤਰ੍ਹਾਂ ਦੇ ਵੀ ਹਨ ਜੋ ਜ਼ਰੂਰਤ ਤੋਂ ਜ਼ਿਆਦਾ ਪਤਲੇ ਹਨ। ਮਖਾਣੇ 'ਚ ਮੌਜੂਦ ਪ੍ਰੋਟੀਨ ਮਸਲਸ ਬਣਾਉਣ ਤੇ ਫਿਟ ਰੱਖਣ 'ਚ ਮਦਦਗਾਰ ਹਨ।

### ਭੁੱਖ ਘੱਟ ਲੱਗਣਾ

ਲੰਮੇ ਸਮੇਂ ਤਕ ਘਰ ਤੋਂ ਦੂਰ ਰਹਿਣ ਵਾਲੇ ਲੋਕਾਂ ਲਈ ਮਖਾਣੇ ਬਹੁਤ ਹੀ ਲਾਭਕਾਰੀ ਹਨ ਕਿਉਂਕਿ ਇਸ ਨੂੰ ਖਾਣ ਤੋਂ ਬਾਅਦ ਕਾਫ਼ੀ ਦੇਰ ਭੁੱਖ ਨਹੀਂ ਲਗਦੀ। ਇਸ 'ਚ ਕੈਲੋਰੀ ਤੇ ਸੋਡੀਅਮ ਦੀ ਮਾਤਰਾ ਘੱਟ ਹੋਣ ਕਰਕੇ ਇਸ ਨੂੰ ਕਿਸੇ ਵੀ ਸਮੇਂ ਖਾਧਾ ਜਾ ਸਕਦਾ ਹੈ।

### ਬਲੱਡ ਪ੍ਰੈਸ਼ਰ

ਅੱਜਕੱਲ੍ਹ ਬਹੁਤ ਲੋਕਾਂ ਨੂੰ ਬਲੱਡ ਪ੍ਰੈਸ਼ਰ ਦੀ ਸਮੱਸਿਆ ਰਹਿੰਦੀ ਹੈ। ਇਸ ਪਰੇਸ਼ਾਨੀ 'ਚ ਮਖਾਣਿਆਂ ਦਾ ਸੇਵਨ ਕਰਨਾ ਚਾਹੀਦਾ ਹੈ ਕਿਉਂਕਿ ਇਸ 'ਚ ਸੋਡੀਅਮ ਘੱਟ ਪਰ ਪੋਟੈਸ਼ੀਅਮ ਤੇ ਮੈਗਨੀਸ਼ੀਅਮ ਵਧੀਆ ਮਾਤਰਾ 'ਚ ਹੁੰਦੀ ਹੈ।

### ਹੱਡੀਆਂ ਦੇ ਲਈ ਲਾਭਦਾਇਕ

ਕੈਲਸ਼ੀਅਮ ਨਾਲ ਭਰਪੂਰ ਮਖਾਣੇ ਹੱਡੀਆਂ ਲਈ ਬਹੁਤ ਹੀ ਵਧੀਆ ਹਨ। ਜਿਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਹੱਡੀਆਂ ਦਾ ਕੈਂਸਰ ਬਹੁਤ ਜ਼ਿਆਦਾ ਹੋ ਰਿਹਾ ਹੈ ਤੇ ਔਰਤਾਂ 'ਚ 30 ਸਾਲ ਦੀ ਉਮਰ ਤੋਂ ਬਾਅਦ ਹੱਡੀਆਂ ਦਾ ਕਮਜ਼ੋਰ ਹੋ ਜਾਣਾ ਆਮ ਜਿਹੀ ਗੱਲ ਹੈ। ਮਖਾਣੇ ਖਾਣ ਨਾਲ ਇਨ੍ਹਾਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।

## ਘਰੇਲੂ ਨੁਸਖ਼ੇ

ਮੂੰਹ ਦੇ ਛਾਲਿਆਂ ਦੀ ਪਰੇਸ਼ਾਨੀ ਸਾਡਾ ਖਾਣ-ਪੀਣ ਠੀਕ ਨਾ ਹੋਣਾ, ਜਿਸ ਕਰ ਕੇ ਸਾਨੂੰ ਇਸ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।

- ਜਾਮਣ ਦੇ ਕੋਮਲ ਪੱਤਿਆਂ ਨੂੰ ਪੀਸ ਕੇ ਪਾਣੀ 'ਚ ਮਿਲਾ ਕੇ ਕਰੂਲ਼ਾ ਕਰਨ ਨਾਲ ਛਾਲੇ ਠੀਕ ਹੋ ਜਾਂਦੇ ਹਨ।
- ਪਿੱਪਲ ਦੀ ਛਾਲ ਦੇ ਪੱਤਿਆਂ ਨੂੰ ਪੀਸ ਕੇ ਛਾਲਿਆਂ 'ਤੇ ਲਗਾਉਣ ਨਾਲ ਵੀ ਫ਼ਾਇਦਾ ਮਿਲਦਾ ਹੈ।
- ਅਮਰੂਦ ਦੇ ਪੱਤਿਆਂ ਨੂੰ ਖਾਣ ਨਾਲ ਵੀ ਛਾਲੇ ਠੀਕ ਹੁੰਦੇ ਹਨ।
- 50 ਗ੍ਰਾਮ ਘਿਓ ਤੇ ਉਸ 'ਚ 6 ਗ੍ਰਾਮ ਕਪੂਰ ਪਾ ਕੇ ਉਸ ਨੂੰ ਚੰਗੀ ਤਰ੍ਹਾਂ ਮਿਲਾ ਕੇ ਗਰਮ ਕਰ ਕੇ ਛਾਲਿਆਂ 'ਤੇ ਲਗਾਉਣ ਨਾਲ ਇਸ ਬਿਮਾਰੀ ਤੋਂ ਰਾਹਤ ਪਾਈ ਜਾ ਸਕਦੀ ਹੈ।
- ਇਕ ਤੋਲਾ ਹਲਦੀ ਨੂੰ ਇਕ ਲੀਟਰ ਪਾਣੀ 'ਚ ਉਬਾਲ ਕੇ ਪਾਣੀ ਠੰਢਾ ਹੋਣ 'ਤੇ ਦਿਨ 'ਚ ਦੋ ਵਾਰ ਗਰਾਰੇ ਕਰੋ ਇਸ ਨਾਲ ਦੋ ਦਿਨ 'ਚ ਹੀ ਛਾਲਿਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਸ ਤਰ੍ਹਾਂ ਦੇ ਘਰੇਲੂ ਨੁਸਖ਼ਿਆਂ ਨਾਲ ਇਨ੍ਹਾਂ ਪਰੇਸ਼ਾਨੀਆਂ ਤੋਂ ਬਚੋ।

# ਛਾਤੀ ਦੀਆਂ ਗਿਲਟੀਆਂ ਦੇ ਕਾਰਨ



ਡਾ. ਤਰਨੀਤ ਕੌਰ ਆਨੰਦ
ਮੋਬਾਈਲ : 98141-04434



ਛਾਤੀ ਦੀਆਂ ਗਿਲਟੀਆਂ ਅੱਜਕੱਲ੍ਹ ਆਮ ਹੀ ਦੇਖਣ ਨੂੰ ਮਿਲਦੀਆਂ ਹਨ। ਇਸ ਦੀ ਨਾ ਤਾਂ ਕੋਈ ਉਮਰ ਰਹੀ ਹੈ ਤੇ ਨਾ ਹੀ ਕੋਈ ਵਿਸ਼ੇਸ਼ ਕਾਰਨ। ਬੱਚਿਆਂ ਤੋਂ ਲੈ ਕੇ ਵੱਡਿਆਂ ਤਕ ਹਰ ਉਮਰ 'ਚ ਇਸ ਬਿਮਾਰੀ ਦਾ ਸਾਹਮਣਾ ਕੀਤਾ ਜਾ ਸਕਦਾ ਹੈ। ਸ਼ਾਇਦ ਇਸ ਦਾ ਪ੍ਰਮੁੱਖ ਕਾਰਨ ਸਾਡਾ ਅੱਜਕੱਲ੍ਹ ਦਾ ਰਹਿਣ-ਸਹਿਣ ਤੇ ਖਾਣ-ਪੀਣ ਹੈ। ਅਜੋਕੇ ਸਮੇਂ 'ਚ ਹਰ ਇਕ ਵਿਅਕਤੀ ਦੌੜ-ਭੱਜ ਦੀ ਜ਼ਿੰਦਗੀ ਜੀਅ ਰਿਹਾ ਹੈ ਜਿਸ ਕਾਰਨ ਚਿੰਤਾ, ਸੋਚ-ਵਿਚਾਰ ਤੇ ਮਾਨਸਿਕ ਤਣਾਅ ਬਹੁਤ ਜ਼ਿਆਦਾ ਵੱਧ ਗਿਆ ਹੈ। ਜੋ ਕਿ ਸਾਨੂੰ ਬਿਮਾਰੀਆਂ ਵੱਲ ਧੱਕ ਰਿਹਾ ਹੈ।

### ਕਾਰਨ

- ਮਾਨਸਿਕ ਤਣਾਓ।
- ਬਾਂਝਪਣ।
- ਤੇਜ਼ ਮਿਰਚ ਮਸਾਲੇ ਦੀ ਜ਼ਿਆਦਾ ਵਰਤੋਂ।
- ਮੈਦਾ-ਦਹੀਂ-ਚਾਵਲ ਦੀ ਜ਼ਿਆਦਾ ਵਰਤੋਂ।

### ਲੱਛਣ

ਛਾਤੀ ਦੀ ਗਿਲਟੀ 'ਚ ਦਰਦ ਤੋਂ ਬਿਨਾਂ ਤੇ ਹੌਲੀ-ਹੌਲੀ ਵਧਦੀ ਨਜ਼ਰ ਆਉਂਦੀ ਹੈ। ਇਸ ਦਾ ਸਿੱਧਾ ਸਬੰਧ ਹਾਰਮੋਨਜ਼ ਨਾਲ ਹੈ। ਹਾਰਮੋਨਜ਼ ਦੇ ਵਧਣ-ਘੱਟਣ ਕਾਰਨ ਜੋ ਅਸੰਤੁਲਨ ਪੈਦਾ ਹੁੰਦਾ ਹੈ ਉਹ ਹੀ ਇਸ ਨੂੰ ਬਣਾਉਣ ਵਿਚ ਸਹਾਇਕ ਬਣਦਾ ਹੈ। ਇਸ ਦੀ ਪਛਾਣ ਕਲੀਨਿਕ ਜਾਂਚ ਅਲਟਰਾਸਾਊਂਡ, ਮੈਮੋਗ੍ਰਾਫੀ ਜਾਂ ਫਿਰ ਨੀਡਲ ਬਾਇਓਪਸੀ ਦੁਆਰਾ ਕੀਤੀ ਜਾਂਦੀ ਹੈ। ਗਰਭ ਕਾਲ ਦੌਰਾਨ ਇਸ ਤਰ੍ਹਾਂ ਦੀ ਗਿਲਟੀ ਵੱਧ ਜਾਂਦੀ ਹੈ। ਇਸਦਾ ਜ਼ਿਆਦਾ ਸਬੰਧ ਹਾਰਮੋਨਜ਼ ਨਾਲ ਹੁੰਦਾ ਹੈ। ਔਰਤਾਂ ਸ਼ੁਰੂਆਤੀ ਤੌਰ 'ਤੇ ਇਸ ਬਾਰੇ ਅਣਗਹਿਲੀ ਕਰਦੀਆਂ ਹਨ, ਜਿਸ ਦੇ ਕਾਰਨ ਹੀ ਇਹ ਗਿਲਟੀਆਂ ਵਧਦੀਆਂ ਜਾਂਦੀਆਂ ਤੇ ਇਨ੍ਹਾਂ ਦਾ ਇਲਾਜ ਮੁਸ਼ਕਿਲ ਹੁੰਦਾ ਜਾਂਦਾ ਹੈ। ਸਾਨੂੰ ਚਾਹੀਦਾ ਹੈ ਕਿ ਰੋਗ ਦਾ ਪਤਾ ਲਗਣ 'ਤੇ ਤੁਰੰਤ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ ਤਾਂ ਜੋ ਰੋਗ ਨੂੰ ਵਧਣ ਤੋਂ ਰੋਕਿਆ ਜਾ ਸਕੇ।

### ਇਲਾਜ

ਛਾਤੀ ਦੀਆਂ ਗਿਲਟੀਆਂ ਦਾ ਇਲਾਜ ਸੰਭਵ ਹੈ। ਛਾਤੀ ਦੀਆਂ ਗਿਲਟੀਆਂ ਦਾ ਜਿੰਨਾ ਜਲਦੀ ਪਤਾ ਲੱਗ ਜਾਵੇ, ਓਨੀ ਹੀ ਜਲਦੀ ਇਲਾਜ ਕਰਵਾਉਣਾ ਚਾਹੀਦਾ ਹੈ। ਇਲਾਜ ਰਾਹੀਂ ਇਨ੍ਹਾਂ ਗਿਲਟੀਆਂ ਨੂੰ ਪੂਰੀ ਤਰ੍ਹਾਂ ਖ਼ਤਮ ਵੀ ਕੀਤਾ ਜਾ ਸਕਦਾ ਹੈ। ਸਹੀ ਸਮੇਂ, ਸਹੀ ਜਾਂਚ ਤੇ ਇਲਾਜ ਹੈ। ਦਸ਼ਮੂਲ, ਕਾਂਚਨਾਰ, ਗੁਗਲ ਗਿਲੋਅ ਆਦਿ ਅਣਗਿਣਤ ਔਸ਼ਧੀਆਂ ਇਸ ਵਿਚ ਕੰਮ ਕਰਦੀਆਂ ਹਨ। ਜੋ ਇਨ੍ਹਾਂ ਗਿਲਟੀਆਂ ਨੂੰ ਜੜ੍ਹੋਂ ਖ਼ਤਮ ਕਰਨ ਵਿਚ ਸਹਾਇਕ ਹਨ। ਛਾਤੀ ਦੀਆਂ ਗਿਲਟੀਆਂ ਨਾ ਤਾਂ ਬਹੁਤ ਭਿਆਨਕ ਬਿਮਾਰੀ ਹੈ ਅਤੇ ਨਾ ਹੀ ਮਾਮੂਲੀ ਜਿਹੀ ਕਹਿਣ ਦਾ ਭਾਵ ਇਸ ਤੋਂ ਡਰਨਾ ਅਤੇ ਇਸਨੂੰ ਅਣਦੇਖਿਆ ਕਰਨਾ ਦੋਨੋਂ ਹੀ ਗ਼ਲਤ ਹਨ। ਆਮ ਬਿਮਾਰੀਆਂ ਵਾਂਗ ਇਹ ਵੀ ਇਕ ਸਰੀਰਕ ਰੋਗ ਹੈ ਜਿਸਦਾ ਸਮੇਂ ਸਿਰ ਸੁਚੱਜੇ ਢੰਗ ਨਾਲ ਇਲਾਜ ਹੋਣਾ ਜ਼ਰੂਰੀ ਹੈ। ਆਮ ਤੌਰ 'ਤੇ

***ਗਿਲਟੀਆਂ ਦੀ ਪਛਾਣ ਕਲੀਨਿਕ ਜਾਂਚ ਅਲਟਰਾਸਾਊਂਡ, ਮੈਮੋਗ੍ਰਾਫੀ ਜਾਂ ਫਿਰ ਨੀਡਲ ਬਾਇਓਪਸੀ ਦੁਆਰਾ ਕੀਤੀ ਜਾਂਦੀ ਹੈ...***

# ਵਿਟਾਮਿਨ ਡੀ ਦੀ ਘਾਟ ਨੂੰ ਅਣਦੇਖਿਆ ਨਾ ਕਰੋ

ਸਰੀਰ ਦੇ ਵਿਕਾਸ ਲਈ ਵਿਟਾਮਿਨ ਬਹੁਤ ਜ਼ਰੂਰੀ ਹੈ। ਜਦੋਂ ਸਰੀਰ 'ਚ ਵਿਟਾਮਿਨ ਡੀ ਦੀ ਘਾਟ ਹੋਣ ਲੱਗਦੀ ਹੈ ਤਾਂ ਕਈ ਤਰ੍ਹਾਂ ਦੇ ਸੰਕੇਤ ਮਿਲਣੇ ਸ਼ੁਰੂ ਹੋ ਜਾਂਦੇ ਹਨ। ਤੁਸੀ ਦੁੱਧ ਪੀਣ ਤੋਂ ਪਰਹੇਜ਼ ਕਰਦੇ ਹੋ ਤੇ ਸਹੀ ਮਾਤਰਾ 'ਚ ਧੁੱਪ ਵੀ ਨਹੀਂ ਲੈਂਦੇ ਤਾਂ ਸਰੀਰ 'ਚ ਕੈਲਸ਼ੀਅਮ ਦੇ ਨਾਲ-ਨਾਲ ਵਿਟਾਮਿਨ ਡੀ ਦੀ ਘਾਟ ਹੋ ਸਕਦੀ ਹੈ। ਇਹ ਕਾਫ਼ੀ ਗੰਭੀਰ ਸਮੱਸਿਆ ਹੈ। ਵਿਟਾਮਿਨ ਡੀ ਦੀ ਸਮੱਸਿਆ ਹੋਣ ਨਾਲ ਹੱਡੀਆਂ ਤੇ ਦੰਦ ਕਮਜ਼ੋਰ ਹੋ ਜਾਂਦੇ ਹਨ।

### ਲੱਛਣ

ਹੱਡੀਆਂ ਤੇ ਮਾਸ-ਪੇਸ਼ੀਆਂ ਕਮਜ਼ੋਰ

ਹੱਡੀਆਂ 'ਚ ਦਰਦ, ਕਮਜ਼ੋਰੀ ਦੇ ਨਾਲ-ਨਾਲ ਮਾਸ-ਪੇਸ਼ੀਆਂ 'ਚ ਲਗਾਤਾਰ ਦਰਦ ਮਹਿਸੂਸ ਹੁੰਦੀ ਹੈ ਤਾਂ ਇਸ ਤਰ੍ਹਾਂ ਵਿਟਾਮਿਨ ਡੀ ਦੀ ਘਾਟ ਦੇ ਕਾਰਨ ਹੀ ਹੋ ਸਕਦਾ ਹੈ। ਵਿਟਾਮਿਨ ਡੀ ਹੱਡੀਆਂ, ਦੰਦ ਤੇ ਮਾਸ-ਪੇਸ਼ੀਆਂ ਲਈ ਬਹੁਤ ਜ਼ਰੂਰੀ ਹੈ।

### ਤਣਾਅ

ਜਿਨ੍ਹਾਂ ਲੋਕਾਂ ਦੇ ਸਰੀਰ 'ਚ ਵਿਟਾਮਿਨ ਡੀ ਦੀ ਘਾਟ ਹੁੰਦੀ ਹੈ ਉਹ ਹਮੇਸ਼ਾ ਉਦਾਸ ਤੇ ਤਣਾਅਗ੍ਰਸਤ ਹੁੰਦੇ ਹਨ। ਵਿਟਾਮਿਨ ਸਾਡੇ ਮੂਡ ਨੂੰ ਠੀਕ ਤੇ ਡੀਪਰੈਸ਼ਨ 'ਚੋਂ ਬਾਹਰ ਕੱਢਣ 'ਚ ਮਦਦਗਾਰ ਹੈ।

### ਜ਼ਿਆਦਾ ਪਸੀਨਾ ਆਉਣਾ

ਸਰੀਰ 'ਚ ਵਿਟਾਮਿਨ ਸੀ ਦੀ ਘਾਟ ਹੋਣ ਕਾਰਨ ਬਹੁਤ ਜ਼ਿਆਦਾ ਪਸੀਨਾ ਆਉਂਦਾ ਹੈ। ਬੱਚਿਆਂ ਦੇ ਹੱਥਾਂ ਨੂੰ ਜ਼ਿਆਦਾ ਪਸੀਨਾ ਆਉਂਦਾ ਹੈ ਤਾਂ ਹੋ ਸਕਦਾ ਹੈ ਕਿ ਉਨ੍ਹਾਂ 'ਚ ਵਿਟਾਮਿਨ ਡੀ ਦੀ ਘਾਟ ਹੋਵੇ। ਇਸ ਨੂੰ ਅਣਦੇਖਿਆ ਨਹੀਂ ਕਰਨਾ ਚਾਹੀਦਾ।





# ਸਰਦੀਆਂ ਵਿਚ ਦਿਲ ਦਾ ਰੱਖੋ ਖਿਆਲ

ਡਾ. ਬੇਦੀ

ਪੰਜਾਬ ਵਿਚ 1000 ਵਿੱਚੋਂ 61 ਲੋਕ ਇਸਦੇ ਮਰੀਜ਼ ਹਨ ਅਤੇ ਸਭ ਤੋਂ ਫਿਕਰ ਵਾਲੀ ਗੱਲ ਇਹ ਹੈ ਕਿ 30 ਤੋਂ 40 ਸਾਲ ਦੇ ਲੋਕਾਂ ਵਿਚ ਇਹ ਬਿਮਾਰੀ ਵੱਧ ਰਹੀ ਹੈ। ਅਨੇਕਾਂ ਉਦਾਹਰਣਾਂ, ਤਣਾਅ, ਉਦਾਸ ਜੀਵਨ-ਸ਼ੈਲੀ ਅਤੇ ਮਾੜੀ ਖ਼ੁਰਾਕ ਆਦਿ। ਸਾਡੀ ਮਾੜੀ ਜੀਵਨਸ਼ੈਲੀ ਇਸ ਦੌਰੇ ਦਾ ਕਾਰਨ ਬਣਦੀ ਹੈ। ਸਰਦੀਆਂ ਦੇ ਮੌਸਮ ਵਿਚ ਦਿਲ ਦੇ ਦੌਰੇ ਦਾ ਖ਼ਤਰਾ ਦੁੱਗਣਾ ਹੁੰਦਾ ਹੈ। ਕਈ ਕਾਰਨਾਂ ਕਰਕੇ ਸਰਦੀ ਦਿਲ ਦੇ ਮਰੀਜ਼ਾਂ ਲਈ ਜ਼ਿਆਦੀ ਮਾੜੀ ਹੁੰਦੀ ਹੈ। ਜਦੋਂ ਬੰਦਾ ਸਿੱਧਾ ਠੰਡੇ ਮੌਸਮ ਦੇ ਸੰਪਰਕ ਵਿਚ ਆਉਂਦਾ ਹੈ ਤਾਂ ਉਸਦੇ ਸਰੀਰ ਦੀਆਂ ਖ਼ੂਨ ਨਾੜੀਆਂ ਸੁੰਗੜ ਜਾਂਦੀਆਂ ਹਨ ਤਾਂ ਜੋ ਸਰੀਰ ਦੀ ਗਰਮੀ ਬਣੀ ਰਹੇ। ਇਨ੍ਹਾਂ ਸੁੰਗੜੀਆਂ ਨਾੜਾ ਕਰਕੇ ਬਲੱਡ ਪ੍ਰੈਸ਼ਰ ਵੱਧ ਜਾਂਦਾ ਹੈ। ਜਿਸਦਾ ਅਸਰ ਦਿਲ 'ਤੇ ਪੈਂਦਾ ਹੈ। ਦਿਲ ਨੂੰ ਵੱਧ ਕੰਮ ਕਰਨਾ ਪੈਂਦਾ ਹੈ। ਸੁੰਗੜੀਆਂ ਖ਼ੂਨ ਦੀਆਂ ਨਾੜਾਂ ਸਦਕਾ ਖ਼ੂਨ ਦੀ ਸਪਲਾਈ ਘੱਟ ਜਾਂਦੀ ਹੈ। ਆਮ ਹਾਲਤਾਂ ਵਿਚ ਦਿਲ ਇਸ ਸਥਿਤੀ ਨੂੰ ਸਹਿਣ ਕਰ ਲੈਂਦਾ ਹੈ ਪਰ ਜੇ ਦਿਲ ਬਿਮਾਰ ਹੈ ਤਾਂ ਦਿਲ ਦੇ ਦੌਰੇ ਦੇ ਆਸਾਰ ਵੱਧ ਜਾਂਦੇ ਹਨ। ਸਰਦੀਆਂ ਵਿਚ ਕੋਲੈਸਟ੍ਰੋਲ ਦਾ ਲੈਵਲ ਵੀ ਵੱਧ ਜਾਂਦਾ ਹੈ। ਲੋਕ ਸਰਦੀਆਂ ਵਿਚ ਸ਼ੌਂਕ ਨਾਲ ਖਾਂਦੇ-ਪੀਂਦੇ ਹਨ ਜਿਸ ਸਦਕਾ ਮਨੁੱਖ ਦਾ ਭਾਰ ਵੀ ਵੱਧਦਾ ਹੈ। ਇਨ੍ਹਾਂ ਸਭ ਕੁੱਝ ਦਾ ਮਨੁੱਖੀ ਦਿਲ ਉਪਰ ਮਾੜਾ ਅਸਰ ਪੈਂਦਾ ਹੈ। ਦਵਾਈ ਲੈਣੀ ਕਦੇ ਵੀ ਭੁੱਲਣੀ ਨਹੀਂ ਚਾਹੀਦੀ ਅਤੇ ਨਾ ਹੀ ਉਨ੍ਹਾਂ ਨਿਸ਼ਾਨੀਆਂ ਨੂੰ ਅਣਦੇਖਿਆ ਕਰਨਾ ਚਾਹੀਦਾ ਹੈ ਜੋ ਦਿਲ ਦੀ ਬਿਮਾਰੀ ਦੀ ਸ਼ੰਕਾ ਪਾਉਂਦੀਆਂ ਹਨ। ਸਹੀ ਸਲਾਹ ਲਈ ਚੰਗੇ ਡਾਕਟਰ ਕੋਲ ਜਾਣਾ ਚਾਹੀਦਾ ਹੈ। ਤੰਬਾਕੂ, ਕੌਫੀ, ਚਾਹ, ਅਲਕੋਹਲ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਕਾਰਨ ਕਰਕੇ ਦਿਲ 'ਤੇ ਦਬਾਅ ਵੱਧਦਾ ਹੈ। ਧੁੱਪ ਵਿਚ ਬੈਠਣ ਨਾਲ ਮਨੁੱਖੀ ਸਰੀਰ ਨੂੰ ਵਿਟਾਮਿਨ ਡੀ ਮਿਲਦਾ ਹੈ ਜਿਹੜਾ ਮਨੁੱਖੀ ਸਿਹਤ ਲਈ ਲਾਹੇਵੰਦ ਹੈ। ਰੋਜ਼ਾਨਾ ਕਸਰਤ ਸਰਦੀਆਂ ਵਿਚ ਲਾਜ਼ਮੀ ਹੈ ਪਰ ਇਨ੍ਹਾਂ ਦਿਨਾਂ ਵਿਚ ਸੈਰ ਸੂਰਜ ਚੜ੍ਹੇ 'ਤੇ ਹੀ ਕਰਨੀ ਚਾਹੀਦੀ ਹੈ। ਇਕਦਮ ਤੇਜ਼ ਕਸਰਤ ਦਿਲ ਦੇ ਮਰੀਜ਼ਾਂ ਨੂੰ ਨਹੀਂ ਕਰਨੀ ਚਾਹੀਦੀ। ਕਿਸੇ ਮਾਹਿਰ ਦੀ ਨਿਗਰਾਨੀ ਵਿਚ ਹੀ ਕਸਰਤ ਕਰਨ ਦਾ ਫ਼ਾਇਦਾ ਹੈ।

***ਦਵਾਈ ਲੈਣੀ ਕਦੇ ਵੀ ਭੁੱਲਣੀ ਨਹੀਂ ਚਾਹੀਦੀ ਅਤੇ ਨਾ ਹੀ ਉਨ੍ਹਾਂ ਨਿਸ਼ਾਨੀਆਂ ਨੂੰ ਅਣਦੇਖਿਆ ਕਰਨਾ ਚਾਹੀਦਾ ਹੈ ਜੋ ਦਿਲ ਦੀ ਬਿਮਾਰੀ ਦੀ ਸ਼ੰਕਾ ਪਾਉਂਦੀਆਂ ਹਨ। ਸਹੀ ਸਲਾਹ ਲਈ ਚੰਗੇ ਡਾਕਟਰ ਕੋਲ ਜਾਣਾ ਚਾਹੀਦਾ ਹੈ। ਤੰਬਾਕੂ, ਕੌਫੀ, ਚਾਹ, ਅਲਕੋਹਲ ਤੋਂ ਪਰਹੇਜ਼ ਕਰਨਾ ਚਾਹੀਦਾ ਹੈ...***

# ਟ੍ਰਾਂਸਫੈਟ ਖਾ ਕੇ ਨਾ ਦੇਈਏ ਬਿਮਾਰੀਆਂ ਨੂੰ ਸੱਦਾ



ਖਾਧ ਤੇਲ ਨੂੰ ਵਾਰ-ਵਾਰ ਗਰਮ ਕਰਕੇ ਇਸ'ਚ ਬਣਾਏ ਭੋਜਨ ਤੋਂ ਸਾਡੇ ਸਰੀਰ ਨੂੰ ਮਿਲਣ ਵਾਲੀ ਮਾੜੀ ਚਰਬੀ ਟ੍ਰਾਂਸਫੈਟ ਹੈ। ਇਹ ਦੋ ਤਰ੍ਹਾਂ ਦੀ ਹੁੰਦੀ ਹੈ। ਆਓ ਜਾਣਦੇ ਹਾਂ ਇਸ ਦੇ ਬਾਰੇ।

ਕਈ ਵਾਰ ਰੋਗੀ ਨੂੰ ਪਰੇਸ਼ਾਨੀ ਸਿਰਫ਼ ਬਿਮਾਰੀ ਕਾਰਨ ਨਹੀਂ ਹੁੰਦੀ ਸਗੋਂ ਇਹ ਸੋਚ ਕੇ ਹੁੰਦੀ ਹੈ ਕਿ ਖਾਣ ਪੀਣ 'ਚ ਏਨਾ ਪਰਹੇਜ਼ ਰੱਖਣ ਦੇ ਬਾਵਜੂਦ ਉਨ੍ਹਾਂ ਨੂੰ ਇਹ ਬਿਮਾਰੀ ਹੋਈ ਕਿਉਂ? ਇਹ ਪਰੇਸ਼ਾਨੀ ਇਕ ਮਰੀਜ਼ ਦੀ ਨਹੀਂ ਹੈ। ਡਾਕਟਰ ਦਾ ਆਮ ਕਰ ਕੇ ਮੰਨਣਾ ਹੈ ਕਿ ਇਥੇ ਅੱਧੇ ਤੋਂ ਵੱਧ ਲੋਕ ਇਸ ਲਈ ਬਿਮਾਰ ਹੁੰਦੇ ਹਨ ਕਿ ਉਨ੍ਹਾਂ ਨੂੰ ਬਿਮਾਰੀ ਬਾਰੇ ਪਹਿਲਾਂ ਕੋਈ ਜਾਣਕਾਰੀ ਨਹੀਂ ਹੁੰਦੀ। ਉਨ੍ਹਾਂ ਨੂੰ ਇਹੀ ਪਤਾ ਨਹੀਂ ਕਿ ਕੁੱਝ ਗੱਲਾਂ ਦਾ ਧਿਆਨ ਰੱਖ ਕੇ ਉਹ ਅਸਾਨੀ ਨਾਲ ਕਈ ਬਿਮਾਰੀਆਂ ਨੂੰ ਆਪਣੇ ਆਪ ਤੋਂ ਦੂਰ ਰੱਖ ਸਕਦੇ ਹਨ। ਲੋਕ ਖਾਣਾ ਖਾਂਦੇ ਹਨ ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਉਹ ਅਜਿਹਾ ਭੋਜਨ ਖਾ ਰਹੇ ਹਨ ਉਸ ਨਾਲ ਸਰੀਰ ਨੂੰ ਨੁਕਸਾਨ ਜਾਂ ਫ਼ਾਇਦਾ ਪਹੁੰਚਾਉਣ ਵਾਲੀਆਂ ਕਿਹੜੀਆਂ ਚੀਜ਼ਾਂ ਹਨ।

ਇਸ ਬਾਰੇ ਬਹੁਤ ਘੱਟ ਲੋਕ ਜਾਗਰੂਕ ਹਨ ਕਿ ਕਿਹੜੀ ਚੀਜ਼ ਕਿਸ ਤਰ੍ਹਾਂ ਪਕਾਈ ਜਾਵੇ ਕਿ ਉਸ ਨਾਲ ਵੱਧ ਤੋਂ ਵੱਧ ਫ਼ਾਇਦਾ ਹੋਵੇ। ਅਜਿਹੀ ਹੀ ਇਕ ਚੀਜ਼ ਜਿਸ ਬਾਰੇ ਲੋਕਾਂ ਨੂੰ ਲੋੜੀਂਦੀ ਜਾਣਕਾਰੀ ਨਹੀਂ ਹੈ, ਉਹ ਹੈ ਫੈਟ ਜਾਂ ਚਰਬੀ। ਲੋਕ ਖਾਣੇ 'ਚ ਹਰ ਤਰ੍ਹਾਂ ਦੀ ਫੈਟ ਨੂੰ ਬੁਰਾ ਮੰਨਦੇ ਹਨ ਤੇ ਆਮ ਧਾਰਨਾ ਹੈ ਕਿ ਫੈਟ ਜਾਂ ਚਰਬੀ ਵਾਲੀਆਂ ਚੀਜ਼ਾਂ ਨਹੀਂ ਖਾਣੀਆਂ ਚਾਹੀਦੀਆਂ। ਇਸ ਲਈ ਸਿਹਤ ਪ੍ਰਤੀ ਜਾਗਰੂਕ ਲੋਕ ਚਿਕਨਾਈ ਵਾਲੀਆਂ ਸਭ ਤਰ੍ਹਾਂ ਦੀਆਂ ਚੀਜ਼ਾਂ ਤੋਂ ਪਰਹੇਜ਼ ਕਰਨ ਲੱਗਦੇ ਹਨ ਪਰ ਸਹੀ ਤਾਂ ਇਹ ਹੈ ਕਿ ਇਨਸਾਨੀ ਸਰੀਰ ਲਈ ਚਰਬੀ ਬਹੁਤ ਜ਼ਰੂਰੀ ਹੈ ਕਿਉਂਕਿ ਊਰਜਾ ਦਾ ਇਹ ਨਾ ਸਿਰਫ਼ ਸਭ ਤੋਂ ਪ੍ਰਭਾਵਸ਼ਾਲੀ ਸ੍ਰੋਤ ਹੈ ਸਗੋਂ ਸਾਡੇ ਦਿਮਾਗ਼ ਦਾ 60 ਫ਼ੀਸਦੀ ਹਿੱਸਾ ਚਰਬੀ ਦਾ ਹੀ ਬਣਿਆ ਹੁੰਦਾ ਹੈ। ਕਈ ਜ਼ਰੂਰੀ ਹਾਰਮੋਨਾਂ ਦੀ ਪੈਦਾਵਾਰ ਲਈ ਫੈਟ ਚਾਹੀਦੀ ਹੈ। ਸਾਫ਼ ਹੈ ਕਿ ਫੈਟ ਬਿਨਾਂ ਇਨਸਾਨੀ ਸਰੀਰ ਦਾ ਗੁਜ਼ਾਰਾ ਨਹੀਂ।

### ਸੈਚੂਰੇਟਿਡ ਫੈਟ

ਸਾਡੇ ਖਾਣੇ 'ਚ ਇਹ ਪੂਰਨ ਚਰਬੀ ਵਾਲੀਆਂ ਚੀਜ਼ਾਂ ਦੁੱਧ, ਪਨੀਰ, ਦੇਸੀ ਘਿਓ ਤੇ ਹੋਰ ਡੇਅਰੀ ਵਸਤਾਂ ਤੇ ਨਾਰੀਅਲ ਦੇ ਤੇਲ ਤੋਂ ਹਾਸਲ ਹੁੰਦੀ ਹੈ। ਭੋਜਨ 'ਚ ਕੈਲੋਰੀ ਦੇ ਰੂਪ 'ਚ ਜਦ ਊਰਜਾ ਦਾ ਹਿਸਾਬ-ਕਿਤਾਬ ਲਾਉਂਦੇ ਹਾਂ ਤਾਂ ਇਹ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਫੈਟ ਦੀ ਮਾਤਰਾ 10 ਫ਼ੀਸਦੀ ਊਰਜਾ ਤੋਂ ਵੱਧ ਨਾ ਹੋਵੇ। ਇਕ ਗ੍ਰਾਮ ਫੈਟ 9 ਕੈਲੋਰੀ ਦੇ ਬਰਾਬਰ ਹੁੰਦੀ ਹੈ।

### ਅਨਸੈਚੂਰੇਟਿਡ ਫੈਟ

ਇਹ ਸਰੀਰ ਲਈ ਸਭ ਤੋਂ ਵਧੀਆ ਫੈਟ ਮੰਨੀ ਜਾਂਦੀ ਹੈ ਤੇ ਖਾਣ 'ਚ ਕੁੱਲ ਕੈਲੋਰੀ ਦਾ ਹਿੱਸਾ 10 ਤੋਂ 15 ਫ਼ੀਸਦੀ ਹੋ ਸਕਦਾ ਹੈ। ਸਰੀਰ 'ਚ ਦਿਲ ਦੇ ਰੋਗ ਲਈ ਜ਼ਿੰਮੇਵਾਰ ਬੁਰੇ ਕੋਲੈਸਟਰੋਲ ਨੂੰ ਕੰਟਰੋਲ ਕਰਦੀ ਹੈ ਕੁੱਝ ਕਿਸਮ ਦੇ ਕੈਂਸਰ ਤੋਂ ਵੀ ਬਚਾਉਂਦੀ ਹੈ। ਸਰ੍ਹੋਂ, ਜੈਤੂਨ, ਚਾਵਲ ਦੇ ਛਿਲਕੇ ਤੋਂ ਤਿਆਰ ਤੇਲਾਂ ਤੇ ਮੂੰਗਫਲੀ, ਬਦਾਮ ਦਾ ਤੇਲ ਹਾਸਲ ਕੀਤਾ ਜਾ ਸਕਦਾ ਹੈ।

ਖ਼ਾਸ ਗੱਲ ਇਹ ਹੈ ਕਿ ਟ੍ਰਾਂਸਫੈਟੀ ਐਸਿਡ ਤੋਂ ਬਣੀ ਇਹ ਫੈਟ ਪੂਰੀ ਤਰ੍ਹਾਂ ਸਾਡੇ ਭੋਜਨ ਦੇ ਤਰੀਕੇ ਤੋਂ ਹੀ ਪੈਦਾ ਹੁੰਦੀ ਹੈ ਤੇ ਖਾਣਾ ਪਕਾਉਣ 'ਚ ਥੋੜ੍ਹੀ ਜਿਹੀ ਹੀ ਸਾਵਧਾਨੀ ਰੱਖ ਕੇ ਸਰੀਰ 'ਚ ਇਸ ਦੀ ਮਾਤਰਾ ਸੀਮਿਤ ਕੀਤੀ ਜਾ ਸਕਦੀ ਹੈ।

# ਸੋਇਆਬੀਨ



ਸੋਇਆਬੀਨ ਆਪਣੇ ਪੌਸ਼ਟਿਕ ਗੁਣਾਂ ਕਾਰਨ ਆਦਮੀਆਂ ਅਤੇ ਔਰਤਾਂ, ਦੋਵਾਂ ਲਈ ਲਾਹੇਵੰਦ ਹੈ ਪਰ ਸਿਹਤ ਮਾਹਿਰਾਂ ਅਨੁਸਾਰ ਸੋਇਆਬੀਨ ਦਾ ਇਸਤੇਮਾਲ ਔਰਤਾਂ ਲਈ ਹੋਰ ਵੀ ਜ਼ਿਆਦਾ ਫਾਇਦੇਮੰਦ ਹੈ। ਸੋਇਆਬੀਨ ਪ੍ਰੋਟੀਨ, ਕੈਲਸ਼ੀਅਮ ਅਤੇ ਆਇਰਨ ਦਾ ਇਕ ਉੱਤਮ ਸਰੋਤ ਤਾਂ ਹੈ ਹੀ, ਇਸ ਦਾ ਲਗਾਤਾਰ ਸੇਵਨ ਕਰਨ ਨਾਲ ਔਰਤਾਂ ਦੇ ਸਰੀਰ ਵਿਚ ਹਾਰਮੋਨਜ਼ ਦਾ ਪੱਧਰ ਸੰਤੁਲਤ ਰਹਿੰਦਾ ਹੈ। ਸਿਹਤ ਵਿਗਿਆਨੀਆਂ ਅਨੁਸਾਰ ਸੋਇਆਬੀਨ ਸਰੀਰ ਵਿਚ ਕੋਲੈਸਟ੍ਰੋਲ ਦੇ ਪੱਧਰ ਨੂੰ ਕਾਬੂ ਵਿਚ ਰੱਖਦਾ ਹੈ।

ਇਸ ਦਾ ਪੱਧਰ ਹੇਠਾਂ ਰਹਿਣ ਨਾਲ ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੇ ਦੌਰੇ ਦੀਆਂ ਸੰਭਾਵਨਾਵਾਂ ਕਾਫੀ ਘੱਟ ਜਾਂਦੀਆਂ ਹਨ। ਇਸਤਰੀ ਰੋਗ ਮਾਹਰਾਂ ਅਨੁਸਾਰ ਜਿਨ੍ਹਾਂ ਔਰਤਾਂ ਦਾ ਮੀਨੋਪਜ਼ ਹੋਣ ਵਾਲਾ ਹੈ, ਉਨ੍ਹਾਂ ਨੂੰ ਰੋਜ਼ਾਨਾ 70 ਗ੍ਰਾਮ ਸੋਇਆਬੀਨ ਆਪਣੇ ਭੋਜਨ ਵਿਚ ਸ਼ਾਮਲ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਮੀਨੋਪਾਜ਼ ਤੋਂ ਪਹਿਲਾਂ ਦੀਆਂ ਸਮੱਸਿਆਵਾਂ, ਚਿੜਚਿੜਾਪਨ, ਕਮਜ਼ੋਰੀ ਆਦਿ ਉਪਰ ਕਾਫੀ ਹੱਦ ਤੱਕ ਕਾਬੂ ਪਾਇਆ ਜਾ ਸਕਦਾ ਹੈ।

# ਰੋਗਾਂ 'ਚ ਲਾਭਕਾਰੀ ਪਿਆਜ਼

ਹਰ ਘਰ ਵਿਚ ਪਿਆਜ਼ ਦੀ ਵਰਤੋਂ ਵੱਖ-ਵੱਖ ਰੂਪਾਂ ਵਿਚ ਕੀਤੀ ਜਾਂਦੀ ਹੈ।ਖਾਣ ਦੀ ਵਸਤੂ ਹੋਣ ਦੇ ਨਾਲ-ਨਾਲ ਇਸ ਵਿਚ ਹੋਰ ਵੀ ਗੁਣ ਹਨ।ਇਸ ਦੇ ਸੇਵਨ ਨਾਲ ਰੋਗਾਂ ਨੂੰ ਨਸ਼ਟ ਕੀਤਾ ਜਾਂਦਾ ਹੈ। ਪੱਛਮੀ ਦੇਸ਼ਾਂ 'ਚ ਪਿਆਜ਼ ਖ਼ਾਸ ਤਰੀਕੇ ਨਾਲ ਵਰਤਿਆ ਜਾਂਦਾ ਹੈ। ਚੀਨੀ ਲੋਕ ਇਸ ਨੂੰ ਪਾਣੀ ਵਿਚ ਉਬਾਲ ਕੇ ਖਾਂਦੇ ਹਨ ਉਨ੍ਹਾਂ ਦੇ ਅਨੁਸਾਰ ਅਜਿਹਾ ਕਰਨ ਨਾਲ ਇਸ ਵਿਚਲੇ ਤੱਤ ਨਸ਼ਟ ਨਹੀਂ ਹੁੰਦੇ।

### ਵਿਸ਼ੇਸ਼ਤਾ

ਪਿਆਜ਼ ਦੀ ਲਗਾਤਾਰ ਵਰਤੋਂ ਕਰਨ ਨਾਲ ਬੁਢਾਪੇ ਨੂੰ ਲੰਮੇ ਸਮੇਂ ਤਕ ਟਾਲਿਆ ਜਾ ਸਕਦਾ ਹੈ। ਵਡੇਰੀ ਉਮਰ ਤਕ ਸੋਚਣ ਸ਼ਕਤੀ ਵਿਚ ਬੇਮਿਸਾਲ ਵਾਧਾ ਹੁੰਦਾ ਹੈ। ਇਸ ਦੀ ਰੋਜ਼ਾਨਾ ਵਰਤੋਂ ਨਾਲ ਬਲ ਬੁੱਧੀ, ਸ਼ਕਤੀ ਅਤੇ ਸੁੰਦਰਤਾ ਵਧਦੀ ਹੈ। ਪਿਆਜ਼ ਨਾਲ ਗੈਸ, ਕਬਜ਼, ਚਮੜੀ ਰੋਗਾਂ, ਸਿਰ ਦਰਦ ਵਰਗੀਆਂ ਬਿਮਾਰੀਆਂ ਤੋਂ ਨਿਜਾਤ ਪਾਈ ਜਾ ਸਕਦੀ ਹੈ।

### ਗੁਣ

ਪਿਆਜ਼ ਦਿਲ ਦੇ ਰੋਗਾਂ ਲਈ ਬੜਾ ਕਾਰਗਰ ਸਾਬਤ ਹੋਇਆ ਹੈ। ਇਸ ਦੇ ਸੌ ਗ੍ਰਾਮ ਰਸ ਨੂੰ ਇਕ ਤੋਲਾ ਸ਼ਹਿਦ ਅਤੇ ਦੋ ਕੇਲਿਆਂ ਵਿਚ ਚੰਗੀ ਤਰ੍ਹਾਂ ਮਿਲਾ ਕੇ ਦੁੱਧ ਨਾਲ ਖਾਣ 'ਤੇ ਦਿਲ ਦੀਆਂ ਬਿਮਾਰੀਆਂ ਘੱਟ ਹੁੰਦੀਆਂ ਹਨ ਅਤੇ ਰੋਗਾਂ ਤੋਂ ਬਚਿਆ ਜਾ ਸਕਦਾ ਹੈ।

### ਖ਼ੂਨੀ ਬਵਾਸੀਰ

ਬਵਾਸੀਰ ਦੇ ਰੋਗ ਵਿਚ ਜੇ ਖ਼ੂਨ ਵਗਦਾ ਹੋਵੇ ਤਾਂ ਪਿਆਜ਼ ਦੇ ਰਸ ਵਿਚ ਮਿਸਰੀ ਮਿਲਾ ਕੇ ਲਗਾਉਣ ਨਾਲ ਲਾਭ ਮਿਲਦਾ ਹੈ।

### ਅੰਤੜੀ ਰੋਗ

ਅੰਤੜੀ ਰੋਗਾਂ 'ਚ ਪਿਆਜ਼ ਵਰਦਾਨ ਸਿੱਧ ਹੁੰਦਾ ਹੈ। ਪਿਆਜ਼ ਨਾਲ ਅੰਤੜੀਆਂ ਦੇ ਸੁੰਗੜਣ ਅਤੇ ਫੈਲਣ ਦੀ ਕਿਰਿਆ ਨੂੰ ਉਤੇਜਨਾ ਮਿਲਦੀ ਹੈ ਅਤੇ ਮਲ ਬਾਹਰ ਆ ਜਾਂਦਾ ਹੈ। ਇਸ ਤਰ੍ਹਾਂ ਅੰਤੜੀਆਂ ਸਾਫ਼ ਹੋਣ ਨਾਲ ਰੋਗ ਮੁਕਤ ਹੋ ਜਾਂਦੀਆਂ ਹਨ।

### ਛਾਤੀ ਦਰਦ

ਛਾਤੀ ਵਿਚ ਕਦੇ-ਕਦੇ ਦਰਦ ਹੁੰਦਾ ਹੋਵੇ ਤਾਂ ਪਿਆਜ਼ ਦੇ ਰਸ ਵਿਚ ਚੁਟਕੀ ਭਰ ਹਿੰਗ ਮਿਲਾ ਕੇ ਲਗਾਉਣ ਨਾਲ ਛਾਤੀ ਦਰਦ ਤੋਂ ਰਾਹਤ ਮਿਲੇਗੀ ਅਤੇ ਗੂੜ੍ਹੀ ਨੀਂਦ ਆਵੇਗੀ।

### ਮੋਤੀਆ ਬਿੰਦ

ਪਿਆਜ਼ ਦਾ ਰਸ 10 ਗ੍ਰਾਮ, ਸ਼ੁੱਧ ਸ਼ਹਿਦ 10 ਗ੍ਰਾਮ ਆਦਿ ਸਮੱਗਰੀ ਨੂੰ ਚੰਗੀ ਤਰ੍ਹਾਂ ਮਿਲਾ ਕੇ ਅੱਖਾਂ 'ਚ ਪਾਉਣ ਨਾਲ ਮੋਤੀਆ ਬਿੰਦ ਦਾ ਅਸਰ ਹੋਣਾ ਰੁਕ ਜਾਂਦਾ ਹੈ।

### ਜ਼ਖ਼ਮ

ਜੇ ਸਰੀਰ ਦੇ ਕਿਸੇ ਭਾਗ 'ਤੇ ਜ਼ਖ਼ਮ ਹੈ ਅਤੇ ਉਹ ਠੀਕ ਨਹੀਂ ਹੋ ਰਿਹਾ ਤਾਂ ਨਿੰਮ ਦੇ ਪੱਤਿਆਂ ਨੂੰ 500 ਗ੍ਰਾਮ ਪਾਣੀ ਵਿਚ ਉਬਾਲ ਲਓ ਅਤੇ ਜਦੋਂ ਇਹ ਠੰਢਾ ਹੋ ਜਾਵੇ ਤਾਂ ਇਸ ਵਿਚ 100 ਗ੍ਰਾਮ ਪਿਆਜ਼ ਦਾ ਰਸ ਮਿਲਾ ਦਿਓ। ਇਸ ਮਿਸ਼ਰਣ ਨਾਲ ਜ਼ਖ਼ਮ ਨੂੰ ਦਿਨ 'ਚ ਤਿੰਨ ਵਾਰੀ ਚੰਗੀ ਤਰ੍ਹਾਂ ਸਾਫ਼ ਕਰੋ। ਜ਼ਖਮ ਕੁੱਝ ਦਿਨਾਂ 'ਚ ਠੀਕ ਹੋ ਜਾਵੇਗਾ।

### ਦੰਦ ਦਰਦ

ਜੇ ਦੰਦ ਜਾਂ ਮਸੂੜਿਆਂ 'ਚ ਦਰਦ ਹੋਵੇ ਤਾਂ ਪਿਆਜ਼ ਦਾ ਰਸ ਲਗਾਉਣ 'ਤੇ ਆਰਾਮ ਮਿਲਦਾ ਹੈ।

### ਉਲਟੀਆਂ

ਪਿਆਜ਼ ਅਤੇ ਅਦਰਕ ਦਾ ਰਸ ਬਰਾਬਰ ਮਾਤਰਾ ਵਿਚ ਮਿਲਾ ਕੇ ਦਿਨ ਵਿਚ ਤਿੰਨ ਵਾਰੀ ਪੀਣ ਨਾਲ ਉਲਟੀਆਂ ਆਉਣੀਆਂ ਬੰਦ ਹੋ ਜਾਂਦੀਆਂ ਹਨ।

### ਬੈਠੀ ਹੋਈ ਆਵਾਜ਼

ਪਿਆਜ਼ ਦਾ ਰਸ ਅਤੇ ਸ਼ਹਿਦ ਬਰਾਬਰ ਮਾਤਰਾ 'ਚ ਮਿਲਾ ਕੇ ਹਲਕਾ- ਹਲਕਾ ਗਰਮ ਕਰੋ ਤੇ ਫਿਰ ਕੁੱਝ ਮਾਤਰਾ 'ਚ ਮੁਲੱਠੀ ਪਾਊਡਰ ਮਿਲਾ ਕੇ ਦਿਨ ਵਿਚ ਤਿੰਨ ਵਾਰ ਪੀਓ ਬੈਠੀ ਹੋਈ ਆਵਾਜ਼ ਠੀਕ ਹੋ ਜਾਵੇਗੀ।





ਡਾ. ਪ੍ਰਮੋਦ ਕੁਮਾਰ

# ਸਿਰਦਰਦ ਤੇ ਦਰਦ ਨਿਵਾਰਕ ਦਵਾਈਆਂ

ਅਸੀਂ ਬਿਨਾਂ ਸੋਚੇ-ਸਮਝੇ ਸਿਰਦਰਦ 'ਚ ਤੁਰੰਤ ਪੇਨਕਿਲਰ (ਦਰਦ ਨਿਵਾਰਕ ਦਵਾਈ) ਲੈ ਲੈਂਦੇ ਹਾਂ ਪਰ ਇਸਦੇ ਮਾੜੇ ਪ੍ਰਭਾਵ ਸਿਹਤ ਲਈ ਬਹੁਤ ਹੀ ਖਤਰਨਾਕ ਹੋ ਸਕਦੇ ਹਨ। ਦਰਦ ਨਿਵਾਰਕ ਦਵਾਈ ਦੇ ਇਸਤੇਮਾਲ ਨਾਲ ਸਿਰਦਰਦ 'ਚ ਤੁਰੰਤ ਲਾਭ ਤਾਂ ਮਿਲ ਜਾਂਦਾ ਹੈ ਪਰ ਉਸਦਾ ਸਰੀਰ 'ਤੇ ਉਲਟਾ ਪ੍ਰਭਾਵ ਪੈਂਦਾ ਹੈ ਅਤੇ ਮੂਲ ਕਾਰਨ ਉਸੇ ਤਰ੍ਹਾਂ ਨਾਲ ਬਰਕਰਾਰ ਰਹਿੰਦਾ ਹੈ। ਸਿਰਦਰਦ ਦੇ ਕਈ ਕਾਰਨ ਹੋ ਸਕਦੇ ਹਨ, ਜਿਸ ਕਾਰਨ ਅੱਖਾਂ 'ਚ ਵਿਕਾਰ ਆਉਣੇ ਸਭ ਤੋਂ ਆਮ ਹਨ।

ਰੈਟੀਨਾ ਦੇ ਆਕਾਰ 'ਚ ਤਬਦੀਲੀ ਦੇ ਕਾਰਨ ਅੱਖਾਂ ਵੱਲੋਂ ਦੇਖੇ ਜਾਣ ਵਾਲੀਆਂ ਚੀਜ਼ਾਂ ਰੈਟੀਨਾ 'ਤੇ ਠੀਕ ਤਰ੍ਹਾਂ ਨਾਲ ਪ੍ਰਤਿਬਿੰਬਿਤ ਨਹੀਂ ਹੋ ਸਕਦੀਆਂ, ਜਿਸ ਕਾਰਨ ਲੋਕਾਂ ਨੂੰ ਨੇੜੇ ਜਾਂ ਦੂਰ ਦੀਆਂ ਚੀਜ਼ਾਂ ਦੇਖਣ 'ਚ ਪਰੇਸ਼ਾਨੀ ਹੁੰਦੀ ਹੈ। ਚੀਜ਼ਾਂ ਨੂੰ ਦੇਖਣ ਲਈ ਅੱਖਾਂ 'ਤੇ ਜ਼ਿਆਦਾ ਜ਼ੋਰ ਪੈਣ ਕਾਰਨ ਇਸਦਾ ਪ੍ਰਭਾਵ ਮੱਥੇ ਦੀਆਂ ਨਸਾਂ 'ਤੇ ਪੈਂਦਾ ਹੈ, ਜਿਸਦੇ ਫਲਸਰੂਪ ਸਿਰਦਰਦ ਦੀ ਸਮੱਸਿਆ ਸਾਹਮਣੇ ਆਉਂਦੀ ਹੈ। ਅੱਖਾਂ ਦੀ ਜਾਂਚ ਮਾਹਰ ਡਾਕਟਰ ਕੋਲੋਂ ਕਰਵਾਕੇ ਅਤੇ ਸਹੀ ਨੰਬਰ ਦੀਆਂ ਐਨਕਾਂ ਲਗਵਾ ਕੇ ਇਸ ਸਮੱਸਿਆ ਤੋਂ ਨਿਜਾਤ ਮਿਲ ਸਕਦੀ ਹੈ। ਸਰਦੀ ਦੇ ਕਾਰਨ ਵੀ ਸਿਰਦਰਦ ਹੋ ਸਕਦਾ ਹੈ। ਸਿਰਦਰਦ ਦੌਰਾਨ ਨੱਕ ਦੀਆਂ ਨਸਾਂ 'ਚ ਸੋਜ਼ ਆ ਜਾਂਦੀ ਹੈ, ਜਿਸ ਕਾਰਨ ਇਹ ਵੱਧ ਸਕਦਾ ਹੈ।

ਇਸਦੇ ਨਾਲ ਹੀ ਹਾਈ ਬਲੱਡ ਪ੍ਰੈਸ਼ਰ ਕਾਰਨ ਵੀ ਸਿਰਦਰਦ ਦੀ ਸਮੱਸਿਆ ਹੋ ਸਕਦੀ ਹੈ। ਇਸਦਾ ਪਤਾ ਵੀ ਡਾਕਟਰ ਤੋਂ ਜਾਂਚ ਕਰਵਾਕੇ ਚੱਲ ਸਕਦਾ ਹੈ ਅਤੇ ਇਸਦੀ ਦਵਾਈ ਲੈ ਕੇ ਬਿਮਾਰੀ ਦਾ ਇਲਾਜ ਹੋ ਸਕਦਾ ਹੈ। ਕੁਝ ਲੋਕਾਂ ਨੂੰ ਧੁੱਪ ਜਾਂ ਸ਼ੋਰ ਨਾਲ ਵੀ ਸਿਰਦਰਦ ਦੀ ਸਮੱਸਿਆ ਹੋ ਸਕਦੀ ਹੈ।

ਜੇ ਕਿਸੇ ਮਰੀਜ਼ ਨੂੰ ਧੁੱਪ ਜਾਂ ਸ਼ੋਰ ਨਾਲ ਸਿਰਦਰਦ ਦੀ ਸਮੱਸਿਆ ਹੋ ਰਹੀ ਹੈ ਤਾਂ ਉਸਨੂੰ ਇਸ ਤੋਂ ਬਚਣ ਦੀ ਸਲਾਹ ਦਿੱਤੀ ਜਾਂਦੀ ਹੈ ਕਿ ਕਈ ਵਾਰ ਇਹ ਦੇਖਣ 'ਚ ਆਉਂਦਾ ਹੈ ਕਿ ਕੁਝ ਲੋਕਾਂ ਨੂੰ ਤਣਾਅ ਜਾਂ ਚਿੰਤਾ ਦੇ ਕਾਰਨ ਵੀ ਸਿਰਦਰਦ ਦੀ ਸਮੱਸਿਆ ਹੋ ਜਾਂਦੀ ਹੈ। ਉਕਤ ਸਾਰੇ ਮਾਮਲਿਆਂ 'ਚ ਬਿਨਾਂ ਡਾਕਟਰ ਦੀ ਸਲਾਹ ਤੋਂ ਦਰਦ ਨਿਵਾਰਕ ਦਵਾਈਆਂ ਲੈਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਅਤੇ ਜੇ ਇਹ ਆਮ ਗੱਲ ਹੈ ਤਾਂ ਤੁਰੰਤ ਆਪਣੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।



# ਸ੍ਰੀ ਆਨੰਦਪੁਰ ਸਾਹਿਬ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਤੇ ਗੁਰੂ ਤੇਗ ਬਹਾਦਰ ਦੇ 350ਵੇਂ ਸ਼ਹੀਦੀ ਦਿਹਾੜੇ ਲਈ ਤਿਆਰ



**ਚੰਡੀਗੜ੍ਹ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ, ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ 10ਵਾਂ ਇਜਲਾਸ 24 ਨਵੰਬਰ ਨੂੰ ਦੁਪਹਿਰ 1 ਵਜੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਵੇਗਾ। ਰਾਜਪਾਲ ਨੇ ਸੰਵਿਧਾਨ ਦੀ ਧਾਰਾ 174 ਦੀ ਧਾਰਾ (1) ਦੀ ਵਰਤੋਂ ਕਰਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਈ ਜੈਤਾ ਜੀ ਯਾਦਗਾਰ ਵਿਖੇ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਿਆ ਹੈ। ਪੰਜਾਬ ਅਸੈਂਬਲੀ ਤੋਂ ਬਾਹਰ ਹੋਣ ਵਾਲਾ ਇਹ ਵਿਸ਼ੇਸ਼ ਸੈਸ਼ਨ ਨੌਵੇਂ ਸਿੱਖ ਗੁਰੂ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ 25 ਨਵੰਬਰ ਤੱਕ ਚੱਲ ਰਹੇ ਤਿੰਨ ਰੋਜ਼ਾ ਯਾਦਗਾਰੀ ਸਮਾਗਮਾਂ ਦੇ ਨਾਲ ਹੋ ਰਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਨੂੰ ਐਕਸ ਤੇ ਇਕ ਪੋਸਟ ਵਿੱਚ ਭਾਰਤ ਤੇ ਵਿਦੇਸ਼ਾਂ ਤੋਂ ਸ਼ਰਧਾਲੂਆਂ ਨੂੰ ਸਮਾਗਮਾਂ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਇਹ ਯਾਦਗਾਰੀ ਸਮਾਗਮ ਗੁਰੂ ਤੇਗ ਬਹਾਦਰ ਜੀ ਦੇ ਬੇਮਿਸਾਲ ਬਲੀਦਾਨ ਅਤੇ ਸਿੱਖਿਆਵਾਂ 'ਤੇ ਵਿਚਾਰ ਕਰਨ ਦਾ ਮੌਕਾ ਪ੍ਰਦਾਨ ਕਰਨਗੇ।

ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨੂੰ ਦਰਸਾਉਂਦਾ ਇੱਕ ਪ੍ਰਮੁੱਖ ਸਰਬ-ਧਰਮ ਸੰਮੇਲਨ, ਕੀਰਤਨ, ਇੱਕ ਡਰੋਨ ਸ਼ੋਅ ਅਤੇ ਇੱਕ ਰੋਸ਼ਨੀ ਅਤੇ ਆਵਾਜ਼ ਦੀ ਪੇਸ਼ਕਾਰੀ 24 ਨਵੰਬਰ ਨੂੰ ਆਯੋਜਿਤ ਕੀਤਾ ਜਾਵੇਗਾ। ਮਾਨ ਨੇ ਕਿਹਾ ਕਿ ਸੰਮੇਲਨ ਵਿੱਚ 'ਇਤਿਹਾਸਕ ਫੈਸਲੇ ਲਏ ਜਾਣਗੇ, ਜੋ ਪਹਿਲਾਂ ਕਦੇ ਨਹੀਂ ਲਏ ਗਏ ਸਨ।' ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅਨੰਦਪੁਰ ਸਾਹਿਬ ਵਿਖੇ ਸ਼ੁੱਕਰਵਾਰ ਸ਼ਾਮ ਨੂੰ ਰੌਸ਼ਨੀਆਂ ਨਾਲ ਸਜਿਆ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਸਥਾਨਕ ਬਾਜ਼ਾਰ। ਫੋਟੋ: ਪ੍ਰਦੀਪ ਤਿਵਾੜੀ

ਸ੍ਰੀ ਗੁਰੂ ਤੇਗ ਬਹਾਦਰ, ਜਿਨ੍ਹਾਂ ਦਾ ਜਨਮ 1621 ਵਿੱਚ ਅੰਮ੍ਰਿਤਸਰ ਵਿੱਚ ਗੁਰੂ ਹਰਗੋਬਿੰਦ ਅਤੇ ਮਾਤਾ ਨਾਨਕੀ ਦੇ ਘਰ ਹੋਇਆ ਸੀ, ਆਪਣੀ ਅਧਿਆਤਮਿਕ ਵਿਰਾਸਤ ਅਤੇ ਕੁਰਬਾਨੀ ਲਈ ਸਤਿਕਾਰਯੋਗ ਹਨ। ਉਨ੍ਹਾਂ ਨੂੰ ਅਨੰਦਪੁਰ ਸਾਹਿਬ ਸ਼ਹਿਰ ਦੀ ਸਥਾਪਨਾ ਦਾ ਸਿਹਰਾ ਵੀ ਦਿੱਤਾ ਜਾਂਦਾ ਹੈ। ਇਹ ਵਿਸ਼ੇਸ਼ ਇਜਲਾਸ ਅਜਿਹੇ ਮੌਕੇ ਤੇ ਹੋ ਰਿਹਾ ਹੈ ਜਦੋਂ ਸੱਤਾਧਾਰੀ ਆਪ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ ਤਰਨ ਤਾਰਨ ਹਲਕੇ ਦੀ ਜ਼ਿਮਨੀ ਚੋਣ 12,091 ਵੋਟਾਂ ਦੇ ਫਰਕ ਨਾਲ ਜਿੱਤੀ ਹੈ।

# ਮੱਧ ਪ੍ਰਦੇਸ਼ ਤੇ ਬੰਗਾਲ ਵਿਚ SIR ਦੇ ਕੰਮ 'ਚ ਲੱਗੇ ਤਿੰਨ BLO's ਦੀ ਮੌਤ

## ਪਰਿਵਾਰਕ ਮੈਂਬਰਾਂ ਨੇ ਮੌਤ ਲਈ ਕੰਮ ਦੇ ਦਬਾਅ ਅਤੇ ਕਾਰਵਾਈ ਦੇ ਡਰ ਨੂੰ ਜ਼ਿੰਮੇਵਾਰ ਦੱਸਿਆ



**ਰਾਏਸੇਨ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਮੱਧ ਪ੍ਰਦੇਸ਼ ਤੇ ਪੱਛਮੀ ਬੰਗਾਲ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੋਧ ਵਿਚ ਲੱਗੇ ਬੂਥ ਪੱਧਰ ਦੇ ਅਧਿਕਾਰੀਆਂ (2*®) ਦੀ ਮੌਤ ਤੇ ਖ਼ੁਦਕੁਸ਼ੀ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਮੱਧ ਪ੍ਰਦੇਸ਼ ਦੇ ਰਾਏਸੇਨ ਤੇ ਦਮੋਹ ਜ਼ਿਲ੍ਹਿਆਂ ਵਿਚ ਦੋ ਬੀਐਲਓ ਦੀ ਬਿਮਾਰੀ ਕਰਕੇ ਮੌਤ ਹੋ ਗਈ ਹਾਲਾਂਕਿ ਇਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਵਧੇਰੇ ਕੰਮ ਦਾ ਬੋਝ ਤੇ ਟੀਚਾ ਪੂਰਾ ਨਾ ਹੋਣ 'ਤੇ ਕਾਰਵਾਈ ਦੇ ਡਰ ਨੂੰ ਇਸ ਲਈ ਜ਼ਿੰਮੇਵਾਰ ਦੱਸਿਆ ਹੈ।

ਇੱਕ ਹੋਰ ਬੀਐਲਓ ਨਾਰਾਇਣ ਦਾਸ ਸੋਨੀ, ਰਾਏਸੇਨ ਵਿੱਚ ਪਿਛਲੇ ਛੇ ਦਿਨਾਂ ਤੋਂ ਲਾਪਤਾ ਹੈ। ਇਸ ਦੌਰਾਨ ਬੀਐਲਓ ਰਿੰਕੂ ਤਰਫਦਾਰ ਦੀ ਲਾਸ਼ ਪੱਛਮੀ ਬੰਗਾਲ ਦੇ ਨਾਦੀਆ ਜ਼ਿਲ੍ਹੇ ਵਿੱਚ ਲਟਕਦੀ ਮਿਲੀ। ਪਰਿਵਾਰ ਨੇ ਖ਼ੁਦਕੁਸ਼ੀ ਲਈ SIR ਦੇ ਦਬਾਅ ਨੂੰ ਜ਼ਿੰਮੇਵਾਰ ਠਹਿਰਾਇਆ। ਸੂਤਰਾਂ ਨੇ ਦੱਸਿਆ ਕਿ ਮੱਧ ਪ੍ਰਦੇਸ਼ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੋਧ (SIR) ਲਈ ਸਰਵੇਖਣ ਕਰ ਰਹੇ ਦੋ ਅਧਿਆਪਕ-ਕਮ-ਬੂਥ-ਪੱਧਰ ਦੇ ਅਧਿਕਾਰੀਆਂ (ਬੀਐਲਓ) ਦੀ ਸ਼ੁੱਕਰਵਾਰ ਨੂੰ ਰਾਏਸੇਨ ਅਤੇ ਦਮੋਹ ਜ਼ਿਲ੍ਹਿਆਂ ਵਿੱਚ ÷ਬਿਮਾਰੀ÷ ਕਾਰਨ ਮੌਤ ਹੋ ਗਈ।

ਹਾਲਾਂਕਿ, ਮ੍ਰਿਤਕ ਅਧਿਆਪਕਾਂ ਦੇ ਪਰਿਵਾਰਕ ਮੈਂਬਰਾਂ ਅਤੇ ਦੋਸਤਾਂ ਨੇ ਉਨ੍ਹਾਂ ਦੀ ਮੌਤ ਦਾ ਕਾਰਨ ਜ਼ਿਆਦਾ ਕੰਮ ਅਤੇ ਸਮਾਂ-ਸੀਮਾ ਦੇ ਅੰਦਰ ਟੀਚਿਆਂ ਨੂੰ ਪੂਰਾ ਕਰਨ ਦੇ ਦਬਾਅ ਨੂੰ ਦੱਸਿਆ ਹੈ। ਇਸ ਤੋਂ ਇਲਾਵਾ ਅਧਿਕਾਰੀਆਂ ਨੇ ਦੱਸਿਆ ਕਿ ਰਾਏਸੇਨ ਜ਼ਿਲ੍ਹੇ ਵਿੱਚ ਇੱਕ ਬੀਐਲਓ ਪਿਛਲੇ ਛੇ ਦਿਨਾਂ ਤੋਂ ਲਾਪਤਾ ਹੈ, ਅਤੇ ਉਸ ਨੂੰ ਲੱਭਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਉਨ੍ਹਾਂ ਕਿਹਾ ਕਿ ਸ਼ੁੱਕਰਵਾਰ ਦੇਰ ਰਾਤ ਮਰਨ ਵਾਲੇ ਦੋ ਬੀਐਲਓਜ਼ ਦੀ ਪਛਾਣ ਰਮਾਕਾਂਤ ਪਾਂਡੇ ਅਤੇ ਸੀਤਾਰਾਮ ਗੋਂਡ (50) ਵਜੋਂ ਹੋਈ ਹੈ।

ਉਹ ਰਾਏਸੇਨ ਅਤੇ ਦਮੋਹ ਜ਼ਿਲ੍ਹਿਆਂ ਵਿੱਚ ਤਾਇਨਾਤ ਸਨ। ਭੋਜਪੁਰ ਵਿਧਾਨ ਸਭਾ ਹਲਕੇ ਦੇ ਸਬ-ਡਿਵੀਜ਼ਨਲ ਅਫਸਰ (ਐਸਡੀਓ) ਅਤੇ ਚੋਣ ਰਜਿਸਟ੍ਰੇਸ਼ਨ ਅਫਸਰ ਚੰਦਰਸ਼ੇਖਰ ਸ਼੍ਰੀਵਾਸਤਵ ਨੇ ਸ਼ਨੀਵਾਰ ਨੂੰ ਪੀਟੀਆਈ ਨੂੰ ਦੱਸਿਆ, "ਸਤਲਾਪੁਰ ਇਲਾਕੇ ਦੇ ਇੱਕ ਅਧਿਆਪਕ ਰਮਾਕਾਂਤ ਪਾਂਡੇ, ਮੰਡੀਦੀਪ ਵਿੱਚ ਵੋਟਰ ਸੂਚੀ ਤਸਦੀਕ ਮੁਹਿੰਮ 'ਤੇ ਕੰਮ ਕਰ ਰਹੇ ਸਨ। ਸ਼ੁੱਕਰਵਾਰ ਦੇਰ ਰਾਤ ਗੰਭੀਰ ਬਿਮਾਰੀ ਕਾਰਨ ਉਨ੍ਹਾਂ ਦੀ ਮੌਤ ਹੋ ਗਈ।" ਜਦੋਂ ਪਾਂਡੇ ਦੀ ਮੌਤ ਦੇ ਸਹੀ ਕਾਰਨ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ, "ਅਸੀਂ ਪੋਸਟਮਾਰਟਮ ਰਿਪੋਰਟ ਦੀ ਉਡੀਕ ਕਰ ਰਹੇ ਹਾਂ।" ਸ਼੍ਰੀਵਾਸਤਵ ਨੇ ਕਿਹਾ ਕਿ ਲਾਪਤਾ ਬੀਐਲਓ ਦੀ ਪਛਾਣ ਭਗਵਾ ਸਿਟੀ ਵਿੱਚ ਰਹਿਣ ਵਾਲੇ ਇੱਕ ਅਧਿਆਪਕ ਨਾਰਾਇਣ ਦਾਸ ਸੋਨੀ ਵਜੋਂ ਹੋਈ ਹੈ। ਉਹ ਕਿਸੇ ਨੂੰ ਦੱਸੇ ਬਿਨਾਂ ਘਰੋਂ ਚਲਾ ਗਿਆ ਸੀ ਅਤੇ ਛੇ ਦਿਨਾਂ ਤੋਂ ਲਾਪਤਾ ਹੈ। ਪੁਲੀਸ ਅਤੇ ਸੋਨੀ ਦਾ ਪਰਿਵਾਰ ਉਸ ਦੀ ਭਾਲ ਕਰ ਰਹੇ ਹਨ। ਇਸ ਦੌਰਾਨ, ਪਾਂਡੇ ਦੀ ਪਤਨੀ ਰੇਖਾ ਅਤੇ ਹੋਰ ਪਰਿਵਾਰਕ ਮੈਂਬਰਾਂ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਉਹ ਤਿਲਖੇੜੀ ਦੇ ਇੱਕ ਪ੍ਰਾਇਮਰੀ ਸਕੂਲ ਵਿੱਚ ਤਾਇਨਾਤ ਸੀ ਅਤੇ ਉਸ ਨੂੰ ਵੋਟਰ ਸੂਚੀ ਦੀ ਵਿਆਪਕ ਸੋਧ ਦਾ ਕੰਮ ਸੌਂਪਿਆ ਗਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਉਹ ਭਾਰੀ ਕੰਮ ਦੇ ਬੋਝ ਨਾਲ ਜੂਝ ਰਿਹਾ ਸੀ, ਜਿਸ ਕਾਰਨ ਉਸ ਨੂੰ ਨਿਰਧਾਰਤ ਕੰਮ ਨੂੰ ਪੂਰਾ ਕਰਨ ਲਈ ਹਰ ਰਾਤ ਲੰਬੇ ਘੰਟੇ ਕੰਮ ਕਰਨਾ ਪੈਂਦਾ ਸੀ। ਉਨ੍ਹਾਂ ਦਾਅਵਾ ਕੀਤਾ ਕਿ ਪਾਂਡੇ ਨੂੰ ਕੰਮ ਪੂਰਾ ਕਰਨ ਲਈ ਫ਼ੋਨ 'ਤੇ ਲਗਾਤਾਰ ਹਦਾਇਤਾਂ ਮਿਲਦੀਆਂ ਸਨ। ਰੇਖਾ ਪਾਂਡੇ ਨੇ ਦਾਅਵਾ ਕੀਤਾ ਕਿ ਟੀਚੇ ਪੂਰੇ ਨਹੀਂ ਹੋਏ ਅਤੇ ਉਹ ਪਿਛਲੀਆਂ ਚਾਰ ਰਾਤਾਂ ਤੋਂ ਸੁੱਤਾ ਨਹੀਂ ਹੈ। ਉਸ ਨੇ ਕਿਹਾ ਕਿ ਉਸ ਦਾ ਪਤੀ ਮੁਅੱਤਲੀ ਤੋਂ ਡਰਦਾ ਸੀ। ਉਸ ਨੇ ਕਿਹਾ, "ਉਹ(ਰਮਾਕਾਂਤ ਪਾਂਡੇ) ਵੀਰਵਾਰ ਰਾਤ 9.30 ਵਜੇ ਦੇ ਕਰੀਬ ਇੱਕ ਔਨਲਾਈਨ ਮੀਟਿੰਗ ਵਿੱਚ ਸ਼ਾਮਲ ਹੋਏ ਅਤੇ ਬਾਥਰੂਮ ਜਾਣ ਤੋਂ ਤੁਰੰਤ ਬਾਅਦ ਡਿੱਗ ਪਏ। ਉਸ ਨੂੰ ਪਹਿਲਾਂ ਭੋਪਾਲ ਦੇ ਨੇੜਲੇ ਹਸਪਤਾਲ ਲਿਜਾਇਆ ਗਿਆ ਅਤੇ ਬਾਅਦ ਵਿੱਚ ਏਮਜ਼ ਭੇਜ ਦਿੱਤਾ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।"

ਐਸਡੀਓ ਸ਼੍ਰੀਵਾਸਤਵ ਨੇ ਕਿਹਾ ਕਿ ਪਾਂਡੇ ਦੇ ਪਰਿਵਾਰਕ ਮੈਂਬਰਾਂ ਨੂੰ ਨਿਯਮਾਂ ਅਨੁਸਾਰ ਸਹਾਇਤਾ ਅਤੇ ਤਰਸਯੋਗ ਨਿਯੁਕਤੀ ਮਿਲੇਗੀ। ਜ਼ਿਲ੍ਹਾ ਸਿੱਖਿਆ ਅਧਿਕਾਰੀ ਐਸ ਕੇ ਨੇਮਾ ਨੇ ਸ਼ਨਿੱਚਰਵਾਰ ਨੂੰ ਪੀਟੀਆਈ ਨੂੰ ਦੱਸਿਆ ਕਿ ਦਮੋਹ ਜ਼ਿਲ੍ਹੇ ਦੇ ਰਾਂਜਰਾ ਪਿੰਡ ਵਿੱਚ ਬੀਐਲਓ ਵਜੋਂ ਕੰਮ ਕਰਨ ਵਾਲਾ ਅਧਿਆਪਕ ਗੋਂਡ ਵੀਰਵਾਰ ਸ਼ਾਮ ਨੂੰ ਡਿਜੀਟਲ ਫਾਰਮ ਭਰਦੇ ਸਮੇਂ ਬਿਮਾਰ ਹੋ ਗਿਆ।

ਅਧਿਕਾਰੀ ਨੇ ਕਿਹਾ, "ਉਸ ਨੂੰ ਦਮੋਹ ਦੇ ਜ਼ਿਲ੍ਹਾ ਹਸਪਤਾਲ ਲਿਜਾਇਆ ਗਿਆ, ਪਰ ਗੰਭੀਰ ਹਾਲਤ ਕਰਕੇ ਬਿਹਤਰ ਇਲਾਜ ਲਈ ਜਬਲਪੁਰ ਜ਼ਿਲ੍ਹੇ ਵਿੱਚ ਰੈਫਰ ਕਰ ਦਿੱਤਾ ਗਿਆ, ਜਿੱਥੇ ਸ਼ੁੱਕਰਵਾਰ ਰਾਤ ਨੂੰ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।"

# ਚੀਨ ਤਿੰਨ ਸਾਲਾਂ ਵਿਚ ਬਣਾਏਗਾ ਵਿਸ਼ਵ ਦਾ ਪਹਿਲਾ ਤੈਰਦਾ ਮਸਨੂਈ ਟਾਪੂ, ਪ੍ਰਮਾਣੂ ਹਮਲਾ ਝੱਲਣ ਦੇ ਹੋਵੇਗਾ ਸਮਰੱਥ



**ਬੀਜਿੰਗ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਚੀਨ ਇਕ ਵਿਸ਼ਾਲ ਤੈਰਦੇ ਹੋਏ ਸਮੁੰਦਰੀ ਖੋਜ ਪਲੈਟਫਾਰਮ ਦਾ ਨਿਰਮਾਣ ਕਰ ਰਿਹਾ ਹੈ, ਜਿਸ ਨੂੰ ਪ੍ਰਮਾਣੂ ਧਮਾਕੇ ਕਰਕੇ ਲੱਗਣ ਵਾਲੇ ਝਟਕੇ ਤੋਂ ਸੁਰੱਖਿਅਤ ਰੱਖਣ ਲਈ ਡਿਜ਼ਾਈਨ ਕੀਤਾ ਗਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਪ੍ਰਾਜੈਕਟ ਸਮੁੰਦਰੀ ਅਸਰ ਵਾਲੇ ਖੇਤਰ ਵਿਚ ਆਲਮੀ ਮੁਕਾਬਲੇ ਨੂੰ ਨਵਾਂ ਰੂਪ ਦੇ ਸਕਦਾ ਹੈ। ਚੀਨ ਦੀ 14ਵੀਂ ਪੰਜ ਸਾਲਾ ਯੋਜਨਾ ਤਹਿਤ ਕੌਮੀ ਪ੍ਰਮੁੱਖ ਵਿਗਿਆਨਕ ਢਾਂਚਾਗਤ ਪ੍ਰਾਜੈਕਟ ਦੇ ਰੂਪ ਵਿਚ ਸ਼ਾਮਲ ਇਹ ਡੀਪ-ਸੀ ਆਲ ਵੈਦਰ ਰੈਜ਼ੀਡੈਂਟ ਫਲੋਟਿੰਗ ਰਿਸਰਚ ਫੈਸਿਲਟੀ ਵਿਸ਼ਵ ਦਾ ਪਹਿਲਾ ਮੋਬਾਈਲ, ਸਵੈ-ਨਿਰਭਰ ਨਕਲੀ ਟਾਪੂ ਹੋਵੇਗਾ। scmp.com ਦੇ ਅਨੁਸਾਰ, ਇਹ ਇੱਕ 78,000-ਟਨ, ਅੱਧਾ ਪਾਣੀ ਵਿਚ ਡੁੱਬਿਆ ਟਵਿਨ-ਹਲ ਪਲੇਟਫਾਰਮ ਹੈ ਜੋ ਲੰਬੇ ਸਮੇਂ ਲਈ ਸਮੁੰਦਰ ਵਿੱਚ ਕੰਮ ਕਰਨ ਦੇ ਸਮਰੱਥ ਹੋਵੇਗਾ।

ਸ਼ੰਘਾਈ ਜਿਆਓ ਟੌਂਗ ਯੂਨੀਵਰਸਿਟੀ (SJTU) ਵੱਲੋਂ ਵਿਕਸਤ ਇਸ ਪਲੈਟਫਾਰਮ ਦੀ ਲੰਬਾਈ 138 ਮੀਟਰ, ਚੌੜਾਈ 85 ਮੀਟਰ ਤੇ ਮੁੱਖ ਡੈੱਕ ਦੀ ਉਚਾਈ 45 ਮੀਟਰ ਹੋਵੇਗੀ। ਇਸ ਦੀ ਸਮਰੱਥਾ 238 ਵਿਅਕਤੀਆਂ ਦੀ ਰਹੇਗੀ, ਜੋ 4 ਮਹੀਨੇ ਤੱਕ ਬਿਨਾਂ ਕਿਸੇ ਬਾਹਰੀ ਸਪਲਾਈ ਦੇ ਇਥੇ ਰਹਿ ਸਕਣਗੇ। ਇਸ ਦੀ ਰਫ਼ਤਾਰ 15 ਨੌਟ ਤੱਕ ਰਹੇਗੀ। ਇਹ ਸਮੁੰਦਰ ਦੀ Sea State 7 ਸਥਿਤੀ ਵਿਚ ਸੰਚਾਲਨ ਦੇ ਸਮਰੱਥ ਹੈ। ਇਹ ਕੈਟਾਗਰੀ 17 ਦੇ ਸਮੁੰਦਰੀ ਤੂਫਾਨ ਨੂੰ ਵੀ ਝੱਲਣ ਦੇ ਸਮਰੱਥ ਹੈ।

**ਪ੍ਰਮਾਣੂ ਧਮਾਕੇ ਨੂੰ ਝੱਲਣ ਵਾਲਾ ਡਿਜ਼ਾਈਨ**

ਹਾਲਾਂਕਿ ਇਸ ਨੂੰ ਇਕ ਗੈਰਫੌਜੀ ਪ੍ਰੋਜੈਕਟ ਵਜੋਂ ਦਰਸਾਇਆ ਗਿਆ ਹੈ, ਪਰ ਇਸ ਦੀ ਬਣਤਰ ਵਿੱਚ ਪ੍ਰਮਾਣੂ ਧਮਾਕਿਆਂ ਤੋਂ ਸੁਰੱਖਿਆ ਲਈ ਫੌਜੀ-ਗ੍ਰੇਡ ਤਕਨਾਲੋਜੀ ਸ਼ਾਮਲ ਹੈ। SJTU ਦੇ ਪ੍ਰੋਫੈਸਰ ਯਾਂਗ ਡੇਕਿੰਗ ਦੀ ਟੀਮ ਵੱਲੋਂ ਪ੍ਰਕਾਸ਼ਿਤ ਇੱਕ ਖੋਜ ਪੱਤਰ ਅਨੁਸਾਰ, ਸੁਪਰਸਟ੍ਰਕਚਰ ਦੇ ਹਿੱਸੇ ਚੀਨੀ ਫੌਜੀ ਮਿਆਰ GJB 1060.1-1991 ਦੀ ਵਰਤੋਂ ਕਰਦੇ ਹਨ। ਇਨ੍ਹਾਂ ਸੁਰੱਖਿਅਤ ਚੈਂਬਰਾਂ ਵਿਚ ਪਾਵਰ, ਨੈਵੀਗੇਸ਼ਨ ਅਤੇ ਸੰਚਾਰ ਲਈ ਮਹੱਤਵਪੂਰਨ ਪ੍ਰਣਾਲੀਆਂ ਰੱਖੀਆਂ ਜਾਣਗੀਆਂ।

# ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਸ਼ਹੀਦੀ ਸਮਾਗਮਾਂ ਲਈ ਦਿੱਲੀ ਦੀਆਂ ਸਿੰਘ ਸਭਾਵਾਂ ਵੱਲੋਂ ਕੀਰਤਨ ਅਭਿਆਸ: ਕਾਲਕਾ



**ਨਵੀਂ ਦਿੱਲੀ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸਰਦਾਰ ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੱਸਿਆ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਹਨਾਂ ਦੇ ਨਾਲ ਸ਼ਹੀਦ ਹੋਏ ਅਨਿੰਨ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ , ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ 23,24 ਅਤੇ 25 ਨਵੰਬਰ, 2025 ਨੂੰ ਲਾਲ ਕਿਲ੍ਹਾ ਮੈਦਾਨ ਵਿਖੇ ਵੱਡੇ ਪੱਧਰ ਤੇ ਉਲੀਕੇ ਗਏ ਪ੍ਰੋਗਰਾਮਾਂ ਵਿੱਚ ਭਾਗ ਲੈਣ ਲਈ ਦਿੱਲੀ ਦੀ ਸਮੂਹ ਸਿੰਘ ਸਭਾਵਾਂ ਦੇ ਇਸਤਰੀ ਸਤਿਸੰਗ ਜੱਥਿਆਂ ਵਲੋਂ ਹਰ ਜੱਸ ਗਾਇਨ ਕਰਦਿਆਂ ਕੀਰਤਨ ਅਭਿਆਸ ਕੀਤਾ ਗਿਆ।

ਉਨ੍ਹਾਂ ਨੇ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਮੌਕੇ ਵੱਧ ਚੜ ਕੇ ਹਾਜ਼ਰੀਆਂ ਭਰਨ ਦੀ ਕ੍ਰਿਪਾਲਤਾ ਕਰਨ ਜੀ ।

# ਵਿਧਾਇਕ ਕੋਹਲੀ ਵੱਲੋਂ 40 ਲੱਖ ਦੀ ਲਾਗਤ ਨਾਲ ਖੰਡਾ ਚੌਂਕ ਅਤੇ ਸੜਕ ਦਾ ਉਦਘਾਟਨ



**ਪਟਿਆਲਾ , 22 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 350ਵੇ ਸ਼ਹੀਦੀ ਸ਼ਤਾਬਦੀ ਦੇ ਸਨਮਾਨ ਵਿੱਚ ਗੁਰਦੁਆਰਾ ਸ੍ਰੀ ਮੋਤੀ ਬਾਗ਼ ਸਾਹਿਬ ਦੇ ਨੇੜੇ ਖੰਡਾ ਚੌਂਕ ਅਤੇ ਸੜਕ ਦਾ ਉਦਘਾਟਨ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਅਤੇ ਮੇਅਰ ਕੁੰਦਨ ਗੋਗੀਆ ਵਲੋਂ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਸਾਬਕਾ ਹੈੱਡ ਗ੍ਰੰਥੀ ਗਿਆਨੀ ਸੁਖਦੇਵ ਸਿੰਘ ਜੀ ਨੇ ਕੀਤੀ। ਉਦਘਾਟਨ ਮੌਕੇ ਵਿਧਾਇਕ ਨੇ ਕਿਹਾ ਕਿ ਲਗਭਗ ਇਕ ਮਹੀਨੇ ਪਹਿਲਾਂ ਹੀ ਇਹ ਨੀਂਹ ਪੱਥਰ ਰੱਖਿਆ ਗਿਆ ਸੀ ਅਤੇ ਮੇਅਰ ਕੁੰਦਨ ਗੋਗੀਆ ਦੀ ਮਿਹਨਤ ਕਰਕੇ ਚੌਂਕ ਨੂੰ ਇਕ ਮਹੀਨੇ ਤੋਂ ਵੀ ਘੱਟ ਸਮੇਂ ਵਿੱਚ ਪੂਰਾ ਕਰਵਾ ਦਿੱਤਾ। ਵਿਧਾਇਕ ਨੇ ਮੇਅਰ ਤੇ ਪੂਰੀ ਟੀਮ ਦਾ ਧੰਨਵਾਦ ਕੀਤਾ।ਇਸ ਮੌਕੇ ਵਿਧਾਇਕ ਨੇ ਐਲਾਨ ਕਰਦਿਆਂ ਕਿਹਾ ਕਿ ਜਲਦ ਹੀ ਪਟਿਆਲਾ ਵਿੱਚ ਇਕ ਹੋਰ ਚੌਂਕ ਨਵੇਂ ਰੂਪ ਵਿੱਚ ਬਣਾਇਆ ਜਾਵੇਗਾ, ਤਾਂ ਜੋ ਪੁਰਾਣੀ ਧਾਰਮਿਕ ਵਿਰਾਸਤ ਸਬੰਧੀ ਨਵੀਂ ਪੀੜੀ ਨੂੰ ਜਾਣੂ ਕਰਵਾਇਆ ਜਾਵੇ। ਇਸ ਮੌਕੇ ਯੰਗ ਖਾਲਸਾ ਫਾਊਂਡੇਸ਼ਨ ਤੋਂ ਭਵਨ ਪੁਨੀਤ ਸਿੰਘ, ਗੁਰੂ ਤੇਗ ਬਹਾਦਰ ਸੇਵਕ ਜਥਾ ਰਣਜੀਤ ਸਿੰਘ, ਬਾਬਾ ਦੀਪ ਸਿੰਘ ਸੇਵਾ ਸੋਸਾਇਟੀ , ਖਾਲਸਾ ਅਕਾਲ ਪੁਰਖ ਕੀ ਫੌਜ, ਖਾਲਸਾ ਸ਼ਤਾਬਦੀ ਕਮੇਟੀ ਦਲ ਪੰਥ ਪਟਿਆਲਾ, ਰਣਜੀਤ ਅਖਾੜਾ ਬੁੱਢਾ ਦਲ, ਗੁਰੂ ਨਾਨਕ ਟਰੱਸਟ , ਜੰਗੀ ਜਥਾ ਗੁਰਦੁਆਰਾ ਸੋਸਾਇਟੀ, ਰਾਜਦੀਪ ਸਿੰਘ ਐਮ ਡੀ ਪਲੇਅ ਵੇਜ਼ , ਚਰਨਜੀਤ ਸਿੰਘ ਗਰੋਵਰ, ਤਰਨਜੀਤ ਸਿੰਘ ਕੋਹਲੀ, ਜਸਬੀਰ ਸਿੰਘ ਮਾਟਾ , ਐਮ ਸੀ ਜੋਨੀ ਕੋਹਲੀ , ਰਣਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਸਾਗਰ ਧਾਲੀਵਾਲ, ਰਾਜੂ ਸਾਹਨੀ, ਹਰਮਨ ਸੰਧੂ, ਜਸਬੀਰ ਸਿੰਘ ਬਿੱਟੂ, ਹਰਪਾਲ ਸਿੰਘ ਬਿੱਟੂ , ਜਗਤਾਰ ਜੱਗੀ , ਦਵਿੰਦਰਪਾਲ ਸਿੰਘ ਪਟਿਆਲਾ ਸ਼ਹਿਰ ਦੀਆਂ ਸਮੂਹ ਜਥੇਬੰਦੀਆਂ ਦੇ ਆਗੂ , ਗੁਰਦੁਆਰਾ ਕਮੇਟੀਆਂ ਦੇ ਮੈਂਬਰ, ਯੰਗ ਖਾਲਸਾ ਫਾਊਂਡੇਸ਼ਨ ਤੋਂ ਜਸਲੀਨ ਸਿੰਘ ਸਮਾਰਟੀ , ਸੁਖਵਿੰਦਰ ਸਿੰਘ, ਜਪਨੀਤ ਸਿੰਘ, ਮਨਿੰਦਰ ਸਿੰਘ, ਪਰਮਜੋਤ ਸਿੰਘ ਤੋਂ ਇਲਾਵਾ ਨਗਰ ਨਿਗਮ ਦੇ ਅਧਿਕਾਰੀ ਅਤੇ ਇਲਾਕਾ ਵਾਸੀ ਮੌਜੂਦ ਸਨ।

# ਪੰਜਾਬ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਦੌਰਾਨ ਭਾਜਪਾ ਮਹਿਲਾ ਮੋਰਚੇ ਦੀਆਂ ਆਗੂਆਂ ਨੂੰ ਹਿਰਾਸਤ 'ਚ ਲਿਆ



**ਚੰਡੀਗੜ੍ਹ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਭਾਜਪਾ ਦੇ ਮਹਿਲਾ ਮੋਰਚਾ ਵੱਲੋਂ ਮਹਿਲਾਵਾਂ ਲਈ ਇੱਕ ਇੱਕ ਹਜ਼ਾਰ ਰੁਪਏ ਦੀ ਪ੍ਰਤੀ ਮਹੀਨਾ ਦੇਣ ਦੀ ਮੰਗ ਨੂੰ ਲੈ ਕੇ ਚੰਡੀਗੜ੍ਹ ਵਿੱਚ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ ਹੈ। ਇਸ ਦੌਰਾਨ ਚੰਡੀਗੜ੍ਹ ਪੁਲੀਸ ਨੇ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਭਾਜਪਾ ਮਹਿਲਾ ਮੋਰਚਾ ਦੀ ਪੰਜਾਬ ਪ੍ਰਧਾਨ ਜੈ ਇੰਦਰ ਕੌਰ ਅਤੇ ਵੱਡੀ ਗਿਣਤੀ ਵਿੱਚ ਮਹਿਲਾ ਮੋਰਚਾ ਦੀਆਂ ਆਗੂਆਂ ਨੇ 'ਆਪ' ਵੱਲੋਂ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਮਹੀਨਾ ਦੇਣ ਦੇ ਵਾਅਦੇ ਨੂੰ ਪੂਰਾ ਨਾ ਕਰਨ ਲਈ ਘੇਰਾ ਬੰਦੀ ਕੀਤੀ ਹੈ।

ਇਸ ਸਬੰਧ ਵਿੱਚ ਅੱਜ ਭਾਜਪਾ ਮਹਿਲਾ ਮੋਰਚਾ ਦੀ ਵੱਡੀ ਗਿਣਤੀ ਵਿੱਚ ਆਗੂਆਂ ਨੇ ਚੰਡੀਗੜ੍ਹ ਦੇ ਸੈਕਟਰ 37 ਵਿਖੇ ਸਥਿਤ ਭਾਜਪਾ ਦਫਤਰ ਦੇ ਬਾਹਰ ਇਕੱਠੇ ਹੋ ਕੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ। ਇਸ ਦੌਰਾਨ ਜਦ ਉਹ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਦਾ ਘਿਰਾਓ ਕਰਨ ਲਈ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਅੱਗੇ ਵਧਣ ਲੱਗੇ ਤਾਂ ਪੁਲੀਸ ਨੇ ਕੁਝ ਦੂਰੀ ਤੇ ਹੀ ਰੋਕ ਦਿੱਤਾ। ਇਸ ਦੌਰਾਨ ਪੁਲੀਸ ਅਤੇ ਪ੍ਰਦਰਸ਼ਨਕਾਰੀਆਂ ਵਿਚਕਾਰ ਕਾਫੀ ਖਿੱਚ ਧੂਹ ਵੀ ਹੋਈ ਅਤੇ ਪੁਲੀਸ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ।

ਭਾਜਪਾ ਮਹਿਲਾ ਮੋਰਚਾ ਦੀ ਸੂਬਾ ਪ੍ਰਧਾਨ ਜੈਇੰਦਰ ਕੌਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਔਰਤਾਂ ਨੂੰ ਇੱਕ ਇੱਕ ਹਜਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕਰਕੇ ਗੁਮਰਾਹ ਕੀਤਾ ਅਤੇ ਵੋਟਾਂ ਹਾਸਲ ਕੀਤੀਆਂ ਸੀ। ਪਰ ਅੱਜ 45 ਮਹੀਨੇ ਬੀਤਣ ਦੇ ਬਾਵਜੂਦ ਔਰਤਾਂ ਨੂੰ ਇੱਕ ਹਜਾਰ ਰੁਪਏ ਪ੍ਰਤੀ ਮਹੀਨਾ ਦੇਣਾ ਸ਼ੁਰੂ ਤੱਕ ਨਹੀਂ ਕੀਤਾ ਗਿਆ ਹੈ। ਉਨ੍ਹਾ ਮੰਗ ਕੀਤੀ ਕਿ ਪੰਜਾਬ ਸਰਕਾਰ ਜਲਦ ਔਰਤਾਂ ਨੂੰ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣਾ ਸ਼ੁਰੂ ਕਰੇ ਅਤੇ ਇਸ ਦੇ ਨਾਲ ਹੀ ਪਿਛਲੇ 45 ਮਹੀਨਿਆਂ ਦਾ ਬਕਾਇਆ 45 ਹਜਾਰ ਰੁਪਏ ਵੀ ਹਰ ਔਰਤ ਨੂੰ ਜਾਰੀ ਕੀਤਾ ਜਾਵੇ।

# ਪੰਜਾਬ ਸਰਕਾਰ ਦਾ ਨਸ਼ਿਆਂ ਖ਼ਿਲਾਫ਼ ਸਭ ਤੋਂ ਵੱਡਾ ਅਭਿਆਨ: ਡਾ. ਬਲਜੀਤ ਕੌਰ



**ਚੰਡੀਗੜ੍ਹ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਦੀ ਸਮੱਸਿਆ ਨੂੰ ਜੜ੍ਹੋਂ ਸਮੇਤ ਖਤਮ ਕਰਨ ਲਈ ਮਿਸ਼ਨ ਮੋਡ 'ਚ ਕੰਮ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਜਾਗਰੂਕਤਾ, ਰੋਕਥਾਮ, ਇਲਾਜ ਅਤੇ ਪੁਨਰਵਾਸ ਨੂੰ ਇੱਕ ਮਜ਼ਬੂਤ ਮਾਡਲ ਰਾਹੀਂ ਜੋੜ ਕੇ ਸੂਬੇ ਨੂੰ ਨਸ਼ਾ-ਮੁਕਤ ਬਣਾਉਣ ਦੀ ਲੜਾਈ ਨੂੰ ਨਵੀਂ ਦਿਸ਼ਾ ਦਿੱਤੀ ਜਾ ਰਹੀ ਹੈ।

ਪੰਜਾਬ ਭਵਨ, ਚੰਡੀਗੜ੍ਹ ਵਿੱਚ ਆਯੋਜਿਤ ਮੀਟਿੰਗ ਦੌਰਾਨ ਮੰਤਰੀ ਨੇ ਕਿਹਾ ਕਿ ਨਸ਼ਿਆਂ ਖ਼ਿਲਾਫ਼ ਪੰਜਾਬ ਸਰਕਾਰ ਦੀ 'ਜ਼ੀਰੋ ਟੋਲਰੈਂਸ' ਨੀਤੀ ਅਧੀਨ ਤਸਕਰੀ ਅਤੇ ਨਸ਼ਾ ਸਪਲਾਈ ਦੇ ਮਾਮਲਿਆਂ 'ਤੇ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਿਹਤ, ਸਿੱਖਿਆ, ਪੁਲਿਸ, ਜ਼ਿਲ੍ਹਾ ਪ੍ਰਸ਼ਾਸਨ ਅਤੇ ਲੋਕ ਸੰਪਰਕ ਸਮੇਤ ਸਾਰੇ ਵਿਭਾਗ ਇੱਕਜੁੱਟ ਹੋ ਕੇ ਕੰਮ ਕਰਨ — ਤਾਂ ਜੋ ਨਸ਼ਾ-ਮੁਕਤੀ ਕਾਰਜ ਯੋਜਨਾ ਦੀ ਪ੍ਰਭਾਵਸ਼ੀਲਤਾ ਲਾਗੂ ਹੋ ਸਕੇ।

ਮੀਟਿੰਗ ਵਿੱਚ ਦੱਸਿਆ ਗਿਆ ਕਿ 2024-25 ਵਿੱਚ ਸੂਬੇ ਦੇ 23 ਜ਼ਿਲ੍ਹਿਆਂ ਵਿੱਚ 800 ਤੋਂ ਵੱਧ ਜਾਗਰੂਕਤਾ ਸਮਾਗਮ ਆਯੋਜਿਤ ਕੀਤੇ ਗਏ, ਜਿਨ੍ਹਾਂ ਵਿੱਚ 7.5 ਲੱਖ ਲੋਕਾਂ ਦੀ ਸ਼ਮੂਲੀਅਤ ਪੰਜਾਬ ਸਰਕਾਰ ਦੀ ਕੋਸ਼ਿਸ਼ਾਂ 'ਤੇ ਭਰੋਸੇ ਨੂੰ ਦਰਸਾਉਂਦੀ ਹੈ। ਇਹ ਮੁਹਿੰਮ ਸੂਬੇ ਦੇ ਹਰ ਪੱਧਰ 'ਤੇ ਮਜ਼ਬੂਤ ਲੋਕ-ਸਹਿਯੋਗ ਨਾਲ ਚੱਲ ਰਹੀ ਹੈ। ਡਾ. ਬਲਜੀਤ ਕੌਰ ਨੇ ਕਿਹਾ ਕਿ ਨਸ਼ਿਆਂ ਨਾਲ ਪ੍ਰਭਾਵਿਤ ਪਰਿਵਾਰਾਂ ਦੀ ਸਮਾਜਕ, ਆਰਥਿਕ ਅਤੇ ਮਨੋਵਿਗਿਆਨਕ ਮਦਦ ਲਈ ਪੰਜਾਬ ਸਰਕਾਰ ਇੱਕ ਵੱਖਰਾ ਸਮਰਥਨ ਮਾਡਲ ਲਾਗੂ ਕਰ ਰਹੀ ਹੈ। ਇਸ ਵਿੱਚ ਕੌਂਸਲਿੰਗ, ਰੋਜ਼ਗਾਰ-ਕੇਂਦ੍ਰਿਤ ਟ੍ਰੇਨਿੰਗ, ਪੁਨਰਵਾਸ ਅਤੇ ਸਮਾਜਕ ਇੰਟੀਗ੍ਰੇਸ਼ਨ ਵਰਗੀਆਂ ਸੇਵਾਵਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ, ਤਾਂ ਜੋ ਪ੍ਰਭਾਵਿਤ ਵਿਅਕਤੀ ਨਵੀਂ ਸ਼ੁਰੂਆਤ ਕਰ ਸਕੇ।

ਮੀਟਿੰਗ ਦੌਰਾਨ 2025-26 ਲਈ ਨਸ਼ਾ ਮੁਕਤ ਯੋਜਨਾ ਤਹਿਤ ?49.96 ਕਰੋੜ ਦੇ ਸਟੇਟ ਐਕਸ਼ਨ ਪਲਾਨ ਨੂੰ ਮਨਜ਼ੂਰੀ ਦਿੱਤੀ ਗਈ। ਇਸ ਤਹਿਤ ਸਿੱਖਿਆ, ਸਿਹਤ, ਖੇਡਾਂ, ਅਤੇ ਲੋਕ ਸੰਪਰਕ ਵਿਭਾਗਾਂ ਰਾਹੀਂ ਜਾਗਰੂਕਤਾ, ਇਲਾਜ, ਡੀ-ਐਡਿਕਸ਼ਨ ਸੇਵਾਵਾਂ ਅਤੇ ਸਮਰੱਥਾ ਨਿਰਮਾਣ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਅੰਤ ਵਿੱਚ, ਮੰਤਰੀ ਨੇ ਸਾਰੇ ਜ਼ਿਲ੍ਹਾ ਪ੍ਰਸ਼ਾਸਨਾਂ ਨੂੰ ਨਿਰਦੇਸ਼ ਦਿੱਤੇ ਕਿ ਨਸ਼ਾ-ਮੁਕਤ ਪੰਜਾਬ ਸਾਡਾ ਸਾਂਝਾ ਟੀਚਾ ਹੈ — ਸਾਰੇ ਵਿਭਾਗ ਕਾਰਜ ਯੋਜਨਾ ਨੂੰ ਸਮਾ-ਬੱਧ ਅਤੇ ਤੁਰੰਤ ਢੰਗ ਨਾਲ ਜ਼ਮੀਨ 'ਤੇ ਲਿਆਉਣ।

ਇਸ ਮੀਟਿੰਗ ਵਿੱਚ ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਵਿਕਾਸ ਪ੍ਰਤਾਪ, ਡਾਇਰੈਕਟਰ ਸ੍ਰੀਮਤੀ ਸ਼ੇਨਾ ਅਗਰਵਾਲ, ਨਸ਼ਾ ਵਿਰੋਧੀ ਟਾਸਕ ਫੋਰਸ ਦੇ ਆਈ.ਜੀ ਸ੍ਰੀ ਅਕਸ਼ਦੀਪ ਸਿੰਘ ਔਲਖ, ਜੇਲ੍ਹ ਵਿਭਾਗ ਦੇ ਆਈ.ਜੀ ਸ੍ਰੀ ਆਰ.ਕੇ ਅਰੋੜਾ, ਉਚੇਰੀ ਸਿੱਖਿਆ ਅਤੇ ਸਕੂਲ ਵਿਭਾਗ ਦੇ ਜਾਇੰਟ ਸਕੱਤਰ ਸ੍ਰੀ ਸੰਜੀਵ ਸ਼ਰਮਾ, ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਵਧੀਕ ਡਾਇਰੈਕਟਰ ਸ੍ਰੀ ਚਰਨਜੀਤ ਸਿੰਘ, ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਸਹਾਇਕ ਲੋਕ ਸੰਪਰਕ ਅਧਿਕਾਰੀ ਸ੍ਰੀਮਤੀ ਦਵਿੰਦਰ ਕੌਰ ਅਤੇ ਹੋਰ ਵੱਖ-ਵੱਖ ਵਿਭਾਗਾਂ ਦੇ ਪ੍ਰਤੀਨਿਧੀ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਦੁਕਾਨਦਾਰ 'ਤੇ ਜਾਨੋਂ ਮਾਰਨ ਦੀ ਨੀਅਤ ਨਾਲ ਕੀਤਾ ਹਮਲਾ ਤਿੰਨ ਅਣਪਛਾਤਿਆਂ ਸਮੇਤ ਪੰਜ ਵਿਰੁੱਧ ਮਾਮਲਾ ਦਰਜ

**ਸਮਾਣਾ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਕਰਿਆਨਾ ਦੁਕਾਨ ਤੋਂ ਲੇਬਰ ਨੂੰ ਦਿਵਾਏ ਸੌਦੇ ਦੀ ਜ਼ਿੰਮੇਵਾਰੀ ਦੇ ਪੈਸਿਆਂ ਦੇ ਭੁਗਤਾਨ ਨੂੰ ਲੈ ਕੇ ਠੇਕੇਦਾਰ ਨਾਲ ਹੋਈ ਤਕਰਾਰ ਦੌਰਾਨ ਦੁਕਾਨਦਾਰ 'ਤੇ ਜਾਨੋਂ ਮਾਰਨ ਦੀ ਨੀਅਤ ਨਾਲ ਕੀਤੇ ਗਏ ਹਮਲੇ ਦੇ ਦੋਸ਼ 'ਚ ਸਿਟੀ ਪੁਲਿਸ ਨੇ ਤਿੰਨ ਅਣਪਛਾਤੇ ਵਿਅਕਤੀਆਂ ਸਮੇਤ ਪੰਜ ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਵਿੱਚ ਲੇਬਰ ਠੇਕੇਦਾਰ ਰਿਜ਼ਵਾਨ ਮਲਿਕ ਵਾਸੀ ਪਿੰਡ ਲਿਸੜੀ (ਉੱਤਰ ਪ੍ਰਦੇਸ਼) ਅਤੇ ਫੈਕਟਰੀ ਮਾਲਕ ਵਿਪਿਨ ਵੀ ਸ਼ਾਮਲ ਹਨ। ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਿਸ ਦੇ ਏ.ਐਸ.ਆਈ. ਧਰਮਿੰਦਰ ਸਿੰਘ ਨੇ ਦੱਸਿਆ ਕਿ ਦੁਕਾਨਦਾਰ ਕੰਵਲਜੀਤ ਸਿੰਘ ਵਾਸੀ ਗੋਬਿੰਦ ਨਗਰ, ਸਮਾਣਾ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਉਸਦੀ ਰਾਜਲਾ ਰੋਡ 'ਤੇ ਸਥਿਤ ਕਰਿਆਨਾ ਦੀ ਦੁਕਾਨ ਤੋਂ ਫੈਕਟਰੀਆਂ ਦੀ ਲੇਬਰ ਸੌਦਾ ਲੈਂਦੀ ਹੈ। ਹਰੀ ਟੈਕਸਟਾਈਲ ਫੈਕਟਰੀ ਦੀ ਲੇਬਰ ਦਾ ਵਿਅਕਤੀ ਪਰਸ਼ੂਰਾਮ ਆਪਣੇ ਠੇਕੇਦਾਰ ਰਿਜ਼ਵਾਨ ਦੀ ਜ਼ਿੰਮੇਵਾਰੀ 'ਤੇ 20 ਹਜ਼ਾਰ ਰੁਪਏ ਦਾ ਕਰਿਆਨਾ ਦਾ ਸੌਦਾ ਲੈ ਗਿਆ ਅਤੇ ਬਾਅਦ ਵਿੱਚ ਫੈਕਟਰੀ ਛੱਡ ਕੇ ਚਲਾ ਗਿਆ। 19 ਨਵੰਬਰ ਨੂੰ ਰਿਜ਼ਵਾਨ ਮਲਿਕ ਆਪਣੇ ਇੱਕ ਹੋਰ ਸਾਥੀ ਨਾਲ ਉਸਦੀ ਦੁਕਾਨ 'ਤੇ ਆਇਆ, ਜਿਸ ਤੋਂ ਉਸਨੇ ਪੈਸਿਆਂ ਦੀ ਮੰਗ ਕੀਤੀ। ਆਪਸੀ ਤਕਰਾਰ ਹੋਣ 'ਤੇ ਉਸਨੇ ਫੈਕਟਰੀ ਮਾਲਕ ਅਤੇ ਦੋ ਹੋਰ ਵਿਅਕਤੀਆਂ ਨੂੰ ਵੀ ਬੁਲਾ ਲਿਆ।

# ਹਰਮੀਤ ਸਿੰਘ ਕਾਲਕਾ ਵੱਲੋਂ ਕੁਲਤਾਰਨ ਸਿੰਘ ਨੂੰ ਜਨਮ ਦਿਨ ਤੇ ਵਧਾਈਆਂ



**ਨਵੀਂ ਦਿੱਲੀ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਅੱਜ ਸਿੱਖ ਕੌਮ ਦੇ ਮਾਨਯੋਗ ਸੇਵਾਦਾਰ, ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਜੂਕੇਸ਼ਨ ਸੈੱਲ ਦੇ ਚੇਅਰਮੈਨ ਕੁਲਤਾਰਨ ਸਿੰਘ ਨੂੰ ਉਹਨਾਂ ਦੇ ਜਨਮਦਿਨ ਦੇ ਪਾਵਨ ਮੌਕੇ 'ਤੇ ਦਿਲੋਂ ਵਧਾਈਆਂ ਪ੍ਰਗਟ ਕੀਤੀਆਂ।

ਕਾਲਕਾ ਨੇ ਕਿਹਾ ਕਿ ਸ. ਕੁਲਤਾਰਨ ਸਿੰਘ ਨੇ ਸਿੱਖ ਵਿਦਿਆਰਥੀਆਂ ਦੀ ਧਾਰਮਿਕ, ਨੈਤਿਕ ਅਤੇ ਆਧੁਨਿਕ ਸਿੱਖਿਆ ਲਈ ਅਮੋਘ ਸੇਵਾ ਕਰਦਿਆਂ ਕੌਮ ਦੇ ਭਵਿੱਖ ਨੂੰ ਮਜ਼ਬੂਤ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ ਹੈ। ਉਹਨਾਂ ਦੀ ਅਗਵਾਈ ਵਿੱਚ ਐਜੂਕੇਸ਼ਨ ਸੈੱਲ ਦੀਆਂ ਪਹਿਲਾਂ ਨਿੱਤ ਨਵੇਂ ਮਾਪਦੰਡ ਸਥਾਪਿਤ ਕਰ ਰਹੀਆਂ ਹਨ।

ਕਾਲਕਾ ਨੇ ਅਰਦਾਸ ਕੀਤੀ ਕਿ ਅਕਾਲ ਪੁਰਖ ਵਾਹਿਗੁਰੂ ਕੁਲਤਾਰਨ ਸਿੰਘ ਨੂੰ ਅਤੁਟ ਚੜ੍ਹਦੀ ਕਲਾ, ਤੰਦਰੁਸਤੀ, ਲੰਮੀ ਉਮਰ ਅਤੇ ਸੇਵਾ ਦੇ ਹੋਰ ਉੱਚੇ ਸੋਪਾਨ ਬਖ਼ਸ਼ੇ। ਉਹਨਾਂ ਦੀ ਰੂਹਾਨੀ ਪ੍ਰੇਰਣਾ ਅਤੇ ਨਿਸ਼ਕਾਮ ਭਾਵਨਾ ਸਦਾ ਚਲਦੀ ਰਹੇ।

ਸਰਦਾਰ ਕਾਲਕਾ ਨੇ ਕਿਹਾ ਕਿ ਕੁਲਤਾਰਨ ਸਿੰਘ ਦਾ ਜੀਵਨ ਸੇਵਾ, ਸਮਰਪਣ ਅਤੇ ਸਿੱਖੀ ਦੇ ਮੂਲ ਮੁੱਲਾਂ ਦਾ ਪ੍ਰਤੀਕ ਹੈ ਅਤੇ ਸੰਗਤਾਂ ਵੱਲੋਂ ਉਹਨਾਂ ਨੂੰ ਮਿਲ ਰਹੀ ਮਾਣ-ਮਰਯਾਦਾ ਉਹਨਾਂ ਦੀ ਕੌਮੀ ਸੇਵਾ ਦਾ ਜੀਤਾ-ਜਾਗਦਾ ਸਬੂਤ ਹੈ।

# ਵਿਜੀਲੈਂਸ ਵੱਲੋਂ ਰਿਸ਼ਵਤ ਮਾਮਲੇ 'ਚ ਬਟਾਲਾ ਦਾ ਐੱਸਡੀਐੱਮ ਗ੍ਰਿਫ਼ਤਾਰ



**ਬਟਾਲਾ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਵਿਜੀਲੈਂਸ ਦੀ ਟੀਮ ਨੇ ਬਟਾਲਾ ਦੇ ਐੱਸਡੀਐੱਮ-ਕਮ-ਨਗਰ ਨਿਗਮ ਕਮਿਸ਼ਨਰ ਵਿਕਰਮਜੀਤ ਸਿੰਘ ਪਾਂਥੇ ਨੂੰ ਬੀਤੀ ਦੇਰ ਸ਼ਾਮ 50 ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀ ਗ੍ਰਿਫਤਾਰ ਕੀਤਾ ਹੈ। ਵਿਜੀਲੈਂਸ ਨੇ ਇਥੋਂ ਦੇ ਬੀਕੋ ਕੰਪਲੈਕਸ ਦੇ ਵਸਨੀਕ ਅਮਰਪਾਲ ਸਿੰਘ ਦੀ ਸ਼ਿਕਾਇਤ 'ਤੇ ਇਹ ਕਾਰਵਾਈ ਕਰਦਿਆਂ ਐੱਸਡੀਐੱਮ ਦੀ ਰਿਹਾਇਸ਼ 'ਤੇ ਰੇਡ ਕੀਤੀ ਤਾਂ ਉੱਥੋਂ 13 ਲੱਖ ਰੁਪਏ ਤੋਂ ਵੱਧ ਰਕਮ ਸਮੇਤ ਹੋਰ ਦਸਤਾਵੇਜ਼ ਬਰਾਮਦ ਕੀਤੇ ਗਏ ਹਨ।

ਸ਼ਿਕਾਇਤਕਰਤਾ ਨੇ ਵਿਜੀਲੈਂਸ ਨੂੰ ਦੱਸਿਆ ਕਿ ਉਨ੍ਹਾਂ ਵੱਲੋਂ ਨਿਗਮ ਅਧੀਨ ਆਉਂਦੀਆਂ ਸੜਕਾਂ ਦੀ ਮੁਰੰਮਤ ਕਰਵਾਈ ਗਈ ਸੀ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਏ ਗਏ ਰੌਸ਼ਨੀ ਤੇ ਆਵਾਜ਼ ਪ੍ਰੋਗਰਾਮ ਮੌਕੇ ਸ਼ਿਕਾਇਤਕਰਤਾ ਦੇ ਕੈਮਰਿਆਂ ਦੇ ਬਿੱਲ ਦਾ ਭੁਗਤਾਨ ਵੀ ਸ਼ਾਮਿਲ ਹੈ। ਇਹ ਬਿੱਲਾਂ ਦੀ ਰਾਸ਼ੀ 5 ਲੱਖ 54 ਹਜ਼ਾਰ 395 ਰੁਪਏ ਬਣਦੀ ਹੈ।

ਉਨ੍ਹਾਂ ਕਿਹਾ ਕਿ ਜਦੋਂ ਉਹ ਬਿੱਲਾਂ ਦੇ ਭੁਗਤਾਨ ਲਈ ਨਿਗਮ ਕਮਿਸ਼ਨਰ ਵਿਕਰਮਜੀਤ ਪਾਂਥੇ ਕੋਲ ਗਿਆ ਤਾਂ ਉਨ੍ਹਾਂ ਦਸ ਫ਼ੀਸਦੀ ਦੀ ਮੰਗ ਕਰਦਿਆਂ ਐੱਸਡੀਓ ਰੋਹਿਤ ਉੱਪਲ ਨੂੰ ਮਿਲਣ ਲਈ ਕਿਹਾ। ਚਰਚਾ ਹੈ ਕਿ ਕਮਿਸ਼ਨਰ ਵੱਲੋਂ ਉੱਪਲ ਨੂੰ ਐੱਸਡੀਓ ਦਾ ਰੁਤਬਾ ਵੀ ਖੁਦ ਹੀ ਦਿੱਤਾ ਸੀ।

ਸ਼ਿਕਾਇਤਕਰਤਾ ਨੇ ਦੱਸਿਆ ਕਿ ਜਦੋਂ ਉੱਪਲ ਕੋਲ ਗਿਆ ਤਾਂ ਉਸ ਨੂੰ ਦਸ ਤੋਂ ਨੌਂ ਫੀਸਦੀ ਕਮਿਸ਼ਨ ਦੇਣ ਅਤੇ ਕਮਿਸ਼ਨਰ ਦੇ ਹੁਕਮਾਂ 'ਤੇ ਫੁੱਲ ਚੜ੍ਹਾਉਣ ਵਰਗੇ ਸ਼ਬਦ ਬੋਲੇ ਗਏ।

ਵਿਜੀਲੈਂਸ ਅਧਿਕਾਰੀਆਂ ਨੇ ਸ਼ਿਕਾਇਤਕਰਤਾ ਨੂੰ ਪੰਜਾਹ ਹਜ਼ਾਰ ਰੁਪਏ ਦਿੱਤੇ। ਜਦੋਂ ਇਹ ਰਕਮ ਸ਼ਿਕਾਇਤਕਰਤਾ ਅਮਰਪਾਲ ਸਿੰਘ ਨੇ ਐਸਡੀਐਮ ਕਮ ਨਗਰ ਨਿਗਮ ਕਮਿਸ਼ਨਰ ਪਾਂਥੇ ਨੂੰ ਦਿੱਤੀ ਗਈ ਤਾਂ ਵਿਜੀਲੈਂਸ ਨੇ ਉਨ੍ਹਾਂ ਦੀ ਰਿਹਾਇਸ਼'ਤੇ ਸ਼ੁੱਕਰਵਾਰ ਰਾਤ ਕਰੀਬ ਸਾਢੇ ਨੌਂ ਵਜੇ ਦੇ ਰੇਡ ਕਰ ਦਿੱਤੀ।

ਇਸ ਦੌਰਾਨ ਵਿਜੀਲੈਂਸ ਟੀਮ ਪਾਂਥੇ ਨੂੰ ਗ੍ਰਿਫ਼ਤਾਰ ਕਰ ਕੇ ਆਪਣੇ ਨਾਲ ਲੈ ਗਈ। ਸਥਾਨਕ ਸੂਤਰਾਂ ਦਾ ਮੰਨਣਾ ਹੈ ਕਿ ਵਿਜੀਲੈਂਸ ਵਿਭਾਗ ਦੇ ਅਧਿਕਾਰੀਆਂ ਨੇ ਨਿਰਪੱਖ ਜਾਂਚ ਕੀਤੀ ਤਾਂ ਇਸ ਮਾਮਲੇ ਵਿੱਚ ਕਈ ਹੋਰ ਹੈਰਾਨੀਜਨਕ ਤੱਥਾਂ ਦੇ ਜਿੱਥੇ ਖੁਲਾਸੇ ਹੋ ਸਕਦੇ ਹਨ। ਇਸ ਦੇ ਨਾਲ ਹੀ ਨਿਗਮ ਦੇ ਹੋਰ ਅਧਿਕਾਰੀ ਵੀ ਇਸ ਮਾਮਲੇ ਦੀ ਗ੍ਰਿਫਤ 'ਚ ਆਉਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

# ਐੱਨਐੱਚ-71 ਪ੍ਰਾਜੈਕਟ: ਵਿਜੀਲੈਂਸ ਵੱਲੋਂ ਮੁਅੱਤਲ ਏ ਡੀ ਸੀ ਚਾਰੂਮਿਤਾ ਸਮੇਤ ਤਿੰਨ ਖ਼ਿਲਾਫ਼ ਕੇਸ ਦਰਜ



**ਮੋਗਾ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਐੱਨਐੱਚ-71 ਪ੍ਰਾਜੈਕਟ ਲਈ ਤੱਥਾਂ ਦੀ ਖੋਜ਼ ਤੇ ਪੁਰਾਣਾ ਰਿਕਾਰਡ ਦੀ ਘੋਖ 'ਚ ਕਥਿਤ ਕੁਤਾਹੀ ਦੇ ਦੋਸ਼ਾਂ ਹੇਠ ਵਿਜੀਲੈਂਸ ਬਿਊਰੋ ਨੇ ਧਰਮਕੋਟ ਦੀ ਤਤਕਾਲੀ ਐੱਸ ਡੀ ਐੱਮ ਅਤੇ ਮੋਗਾ ਦੀ ਮੁਅੱਤਲ ਏ ਡੀ ਸੀ ਚਾਰੂਮਿਤਾ, ਲੋਕ ਨਿਰਮਾਣ ਵਿਭਾਗ ਦੇ ਸੇਵਾ ਮੁਕਤ ਕਾਰਜਕਾਰੀ ਇੰਜੀਨੀਅਰ ਵੀ ਕੇ ਕਪੂਰ ਅਤੇ ਧਰਮਕੋਟ ਦੇ ਤਤਕਾਲੀ ਤਹਿਸੀਲਦਾਰ (ਸਰਕਲ ਮਾਲ ਅਫ਼ਸਰ) ਮਨਿੰਦਰ ਸਿੰਘ ਖ਼ਿਲਾਫ਼ ਕੇਸ ਦਰਜ਼ ਕੀਤਾ ਹੈ। ਐੱਸ ਐੱਸ ਪੀ ਵਿਜੀਲੈਂਸ ਫ਼ਿਰੋਜਪੁਰ ਮਨਜੀਤ ਸਿੰਘ ਨੇ ਉਕਤ ਅਧਿਕਾਰੀਆਂ ਖ਼ਿਲਾਫ਼ ਐੱਫ ਆਈ ਆਰ ਦਰਜ਼ ਕਰਨ ਦੀ ਪੁਸ਼ਟੀ ਕੀਤੀ ਹੈ। ਡਾ. ਚਾਰੂਮਿਤਾ ਨੂੰ ਜਲੰਧਰ-ਮੋਗਾ-ਬਰਨਾਲਾ ਐੱਨ ਐੱਚ 703 (ਹੁਣ 71) ਲਈ ਜ਼ਮੀਨ ਐਕੁਆਇਰ ਕਰਨ ਦੇ ਪ੍ਰਾਜੈਕਟ 'ਚ ਫਰਜ਼ਾਂ 'ਚ ਕੁਤਾਹੀ ਵਰਤਣ ਦੇ ਦੋਸ਼ ਹੇਠ ਮੁਅੱਤਲ ਕੀਤਾ ਹੋਇਆ ਹੈ। ਉਨ੍ਹਾਂ ਨੂੰ ਪਹਿਲਾਂ ਦੋਸ਼ ਪੱਤਰ ਵੀ ਜਾਰੀ ਕੀਤਾ ਗਿਆ ਸੀ।

# ਬੱਚਿਆਂ ਨੂੰ ਸਕੂਲਾਂ 'ਚ ਚੰਗੀ ਸਿੱਖਿਆ ਮਿਲੇ ਤਾਂ ਹੀ ਦੇਸ਼ ਮਜ਼ਬੂਤ ਹੋਵੇਗਾ ਤੇ ਉਹ ਹੀ ਭਾਰਤ ਦਾ ਮਾਣ ਹੈ : ਗੁਲਾਬ ਚੰਦ ਕਟਾਰੀਆਂ

**ਖਰੜ, 23 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸਕੂਲਾਂ ਵਿਚ ਬੱਚਿਆਂ ਨੂੰ ਅੱਛਾ ਬਣਾਉਣ ਵਾਲਾ ਅਤੇ ਚੰਗੀ ਸਿੱਖਿਆ ਦੇਣ ਵਾਲਾ ਅਧਿਆਪਕ ਹੀ ਮੂਰਤੀਕਾਰ ਹੈ ਤੇ ਬੱਚੇ ਦੇ ਜੀਵਨ ਨੂੰ ਬਣਾਉਣ ਲਈ ਅਧਿਆਪਕ ਇੱਕ ਮਾਡਲ ਦਾ ਰੋਲ ਅਦਾ ਕਰਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆਂ ਨੇ ਗਿਲਕੋ ਇੰਟਰਨੈਸ਼ਨਲ ਸਕੂਲ ਖਰੜ ਵਿਖੇ ਤਿਆਰ ਕੀਤੇ ਗਏ ਨਵੀ ਤਕਨੀਕ ਦੇ ਆਡਟੋਰੀਅਮ ਦਾ ਉਦਘਾਟਨ ਕਰਨ ਸਮੇਂ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਨੌਜਵਾਨਾਂ ਲਈ ਪੰਜਾਬ ਵਿਚ ਨਸ਼ਾ ਵੱਡੀ ਚਣੌਤੀ ਹੈ, ਪੰਜਾਬ ਦੀ ਇਸ ਬਹਾਦਰ ਕੌਮ ਨੂੰ ਕਿਸ ਤਰ੍ਹਾਂ ਗਿਰਾਇਆ ਜਾਵੇ, ਇਸਨੂੰ ਕਿਵੇ ਰੋਕਿਆ ਜਾ ਸਕਦਾ ਹੈ।ਉਸ ਲਈ ਵਿਦਿਆ ਦੇ ਮੰਦਰ ਇਸ ਨੂੰ ਰੋਕਣ ਲਈ ਅਹਿਮ ਰੋਲ ਅਦਾ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਭਾਰਤ ਦੀ ਟੀਮ ਪੈਰਿਸ ਵਿਚ ਖੇਡੀ ਉਸ ਵਿਚ 8 ਖਿਡਾਰੀ ਪੰਜਾਬ ਦੇ ਸਨ, ਪਹਿਲੀ ਵਾਰ ਕ੍ਰਿਕਟ ਮਹਿਲਾ ਟੀਮ ਨੇ ਮੈਡਲ ਪ੍ਰਾਪਤ ਕੀਤਾ ਉਸ ਵਿਚ 4 ਖਿਡਾਰਨਾਂ ਪੰਜਾਬ ਦੀਆਂ ਸਨ, ਇਹ ਸਾਡੇ ਲਈ ਗੌਰਵ ਵਾਲੀ ਗੱਲ ਹੈ , ਭਾਰਤ ਦੀ ਆਰਮੀ ਦੇ ਅਫਸਰ ਪੰਜਾਬ ਤੋਂ ਹਨ, ਦੇਸ਼ ਦੀ ਅਜ਼ਾਦੀ ਲਈ ਸ਼ਹੀਦ ਭਗਤ ਸਿੰਘ, ਰਾਜਗੁਰ ਅਤੇ ਸੁਖਦੇਵ ਵੀ ਪੰਜਾਬ ਤੋਂ ਹਨ।ਸਮਾਜ ਵਿਚ ਉਚੇ ਨੀਵੇ ਦਾ ਭੇਦ ਮਟਾਉਣਾ ਹੈ, ਤਾਂ ਬੱਚਿਆਂ ਨੂੰ ਖੇਡ ਦੇ ਮੈਦਾਨ ਵਿਚੋ ਭੇਜੋ, ਸਭ ਨੂੰ ਤਿਆਰ ਕਰਨ ਲਈ ਅਧਿਆਪਕਾਂ ਦੀ ਡਿਊਟੀ ਹੈ। ਉਨ੍ਹਾਂ ਦੇਸ਼ ਦੇ ਰਾਸਟਰਪਤੀ ਦੇ ਅਹੁੱਦੇ ਤੱਕ ਪੁੱਜੇ ਸ੍ਰੀ ਅਬਦੁਲ ਕਲਾਮ ਦੀ ਮਿਹਨਤ ਦਾ ਜਿਕਰ ਕਰਦਿਆ ਕਿਹਾ ਕਿ ਉਹ ਗਰੀਬ ਘਰ ਦੇ ਨੇ ਜਿਨ੍ਹਾਂ ਦੇਸ਼ ਦੇ ਰਾਸ਼ਟਰਪਤੀ ਦੀ ਪਦਵੀ ਪ੍ਰਾਪਤ ਕੀਤੀ। ਸਕੂਲ ਵਿਚ ਬੱਚਿਆਂ ਨੂੰ ਸਿੱਖਿਆ ਪੂਰੀ ਮਿਲੇ ਤਾਂ ਹੀ ਦੇਸ਼ ਦਾ ਮਜ਼ਬੂਤ ਹੋਵੇਗਾ,ਉਹ ਹੀ ਭਾਰਤ ਦਾ ਮਾਣ ਸਨਮਾਨ ਹੈ,ਅੱਜ ਦੇ ਨੌਜਵਾਨਾਂ ਵਿਚ ਬਹੁਤ ਟੈਲੈਂਟ ਹੈ, ਉਹ ਅਕਸਰ ਵਿਦੇਸ਼ਾਂ ਵਿਚ ਜਾਂਦੇ ਰਹਿੰਦੇ ਹਨ ਤੇ ਯੂ.ਐਸ.ਏ.ਵਿਚ ਗਏ ਸਨ ਕਿ ਨਿਊਯਾਰਕ ਵਿਚ ਮਸ਼ਹੂਰ ਡਾਕਟਰ ਹਿੰਦੋਸਤਾਨ ਦਾ ਹੈ। 2047 ਵਿਖ ਭਾਰਤ ਕਿਸ ਤਰ੍ਹਾਂ ਦਾ ਹੋਵੇਗਾ ਉਹ ਸਿੱਖਿਆ ਮੰਦਰਾਂ ਦੇ ਅਧਾਰਿਤ ਹੋਵੇਗਾ। ਉਨਾਂ ਆਪਣੀ ਜਿੰਦਗੀ ਦੇ ਸਫਰ ਦੀ ਗੱਲ ਕਰਦਿਆ ਕਿਹਾ ਕਿ ਉਹ ਵੀ ਅਧਿਆਪਕ ਸਨ ਅਤੇ ਅਧਿਆਪਕ ਤੋਂ ਹੀ ਰਾਜਨੀਤਿਕ ਵਿਚ ਆਏ ਹਨ।ਅੱਜ ਵੀ ਉਨ੍ਹਾਂ ਦੀ ਰੂਚੀ ਰਹਿੰਦੀ ਹੈ ਸਿੱਖਿਆ ਸੰਸਥਾਵਾਂ ਵੱਧ ਤੋਂ ਵੱਧ ਮਜ਼ਬੂਤ ਕੀਤਾ ਜਾਵੇ। ਉਨ੍ਹਾਂ ਗਿਲਕੋ ਇੰਟਰਨੈਸ਼ਨਲ ਸਕੂਲ ਦੇ ਚੇਅਰਮੈਨ ਰਣਜੀਤ ਸਿੰਘ ਗਿੱਲ ਦੀ ਸ਼ਲਾਘਾ ਕਰਦਿਆ ਕਿਹਾ ਕਿ ਉਨ੍ਹਾਂ ਆਪਣੀ ਮਾਤਾ ਦੀ ਸੋਚ ਨੂੰ ਪੂਰਾ ਕੀਤਾ ਹੈ ਕਿ ਇਸ ਸਕੂਲ ਦੇ ਬੱਚੇ ਸਿੱਖਿਆ, ਖੇਡਾਂ ਤੇ ਹੋਰ ਮੁਕਾਬਲਿਆਂ ਵਿਚ ਮੈਡਲ ਪ੍ਰਾਪਤ ਕਰ ਰਹੇ ਹਨ। ਜਿਨ੍ਹਾਂ ਨੇ ਚੰਡੀਗੜ੍ਹ, ਪੰਜਾਬ ਅਤੇ ਦੇਸ਼ ਲਈ ਪ੍ਰਾਪਤੀਆਂ ਕਰਕੇ ਕੰਮ ਕਰਨਾ ਹੈ। ਉਨ੍ਹਾਂ ਕਿਹਾ ਕਿ ਸਾਲ 2013 ਵਿਚ ਇਸ ਸੰਸਥਾ ਨੂੰ ਆਪਣੀ ਮਾਤਾ ਦੇ ਨਾਂ ਟਰੱਸਟ ਬਣਾ ਕੇ ਸ਼ੁਰੂ ਕੀਤਾ ਅਤੇ ਸੀ.ਬੀ.ਐਸ.ਈ.ਦੀ ਮਾਨਤਾ ਲਈ ਅਤੇ ਅੱਜ ਹਰ ਖੇਤਰ ਵਿਚ ਇਸ ਸਕੂਲ ਦੇ ਵਿਦਿਆਰਥੀ ਵੱਡੀਆਂ ਮੱਲਾਂ ਮਾਰ ਰਹੇ ਹਨ। ਕਿਸੇ ਵਿਦਿਆਲਾ ਦੀ ਸਭ

# ਮਾਲਵਾ ਖੇਤਰ ਦੇ ਸਾਰੇ ਜ਼ਿਲ੍ਹਿਆਂ 'ਚ ਝੋਨੇ ਦੀ ਖਰੀਦ ਹੋਈ ਬੰਦ

**ਕੌਮੀ ਪਤ੍ਰਿਕਾ**

ਬੁਢਲਾਡਾ 23 ਨਵੰਬਰ। ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਨਵੇਂ ਫਰਮਾਨਾਂ ਤੋਂ ਬਾਅਦ ਮਾਲਵਾ ਖੇਤਰ ਦੇ ਸਾਰੇ ਜ਼ਿਲ੍ਹਿਆਂ ਵਿਚ ਲਗਭਗ ਝੋਨੇ ਦੀ ਖਰੀਦ ਬੰਦ ਹੋ ਗਈ ਹੈ। ਇਸ ਸਬੰਧੀ ਜ਼ਿਲ੍ਹਿਆਂ ਖੁਰਾਕ ਅਤੇ ਸਪਲਾਈਜ਼ ਕੰਟਰੋਲਰ ਵੱਲੋਂ ਬਕਾਇਦਾ ਸਰਕਾਰੀ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰ ਪੱਤਰ ਜਾਰੀ ਕਰ ਦਿੱਤੇ ਗਏ ਹਨ। ਭਾਵੇਂ ਕਿਸਾਨ ਜਥੇਬੰਦੀਆਂ ਖਰੀਦ ਬੰਦ ਕਰਨ ਨੂੰ ਲੈਕੇ ਤੇਵਰ ਤਿੱਖੇ ਹੋ ਗਏ ਹਨ, ਪਰ ਅਜੇ ਤੱਕ ਕਿਸੇ ਵੀ ਖਰੀਦ ਕੇਂਦਰ ਵਿੱਚ ਝੋਨਾ ਖਰੀਦ ਲਈ ਕੋਈ ਸਰਕਾਰੀ ਪੱਤਰ ਨਵੇਂ ਸਿਰੇ ਤੋਂ ਜਾਰੀ ਨਹੀਂ ਹੋਇਆ ਹੈ। ਇਥੇ ਜ਼ਿਕਰਯੋਗ ਹੈ ਕਿ ਮਾਨਸਾ ਵਿਖੇ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਵੱਲੋਂ ਡਿਪਟੀ ਕਮਿਸ਼ਨਰ ਮਾਨਸਾ ਦੀ ਰਿਹਾਇਸ਼ ਘੇਰਨ ਦੇ ਬਾਵਜੂਦ ਜ਼ਿਲ੍ਹਾ ਅਧਿਕਾਰੀਆਂ ਸੋਮਵਾਰ ਤੋਂ ਖਰੀਦ ਸ਼ੁਰੂ ਕਰਨ ਦੇ ਮੰਚ ਤੋਂ ਆਕੇ ਦਿੱਤੇ ਗਏ ਭਰੋਸੇ ਦੇ ਬਾਵਜੂਦ ਅੱਜ ਇਹ ਖਰੀਦ ਸ਼ੁਰੂ ਨਹੀਂ ਹੋ ਸਕੀ ਹੈ। ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਰਾਮ ਸਿੰਘ ਭੈਣੀਬਾਘਾ ਨੇ ਕਿਹਾ ਕਿ ਸਰਕਾਰੀ ਅਧਿਕਾਰੀਆਂ ਦੇ ਇਸ ਭਰੋਸੇ ਖਿਲਾਫ਼ ਮੁੜ ਤੋਂ ਅੰਦੋਲਨ ਸ਼ੁਰੂ ਕਰਨ ਲਈ ਕੋਈ ਗੁਰੇਜ਼ ਨਹੀਂ ਕੀਤਾ ਜਾਵੇਗਾ ਅਤੇ ਕਿਸਾਨਾਂ ਇੱਕ-ਇੱਕ ਦਾਣਾ ਝੋਨਾ ਦਾ ਬਕਾਇਦਾ ਵਿਕਾਇਆ ਜਾਵੇਗਾ। ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਅਤੇ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ ਨੇ ਦੱਸਿਆ ਕਿ ਮਾਨਸਾ ਸਮੇਤ ਬਰਨਾਲਾ, ਸੰਗਰੂਰ,ਬਠਿੰਡਾ, ਮੁਕਤਸਰ,ਫਰੀਦਕੋਟ,ਮੋਗਾ ਜ਼ਿਲ੍ਹਿਆਂ ਦੇ ਜਥੇਬੰਦਕ ਆਗੂਆਂ ਤੋਂ ਮਿਲੀਆਂ ਰਿਪੋਰਟਾਂ ਅਨੁਸਾਰ ਅਜੇ ਵੀ ਖੇਤਾਂ ਵਿਚ ਝੋਨਾ ਵੱਢਣ ਵਾਲਾ ਖੜ੍ਹਾ ਹੈ, ਜਦੋਂ ਕਿ ਸਰਕਾਰ ਨੇ ਝੋਨੇ ਖਰੀਦਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਅਧਿਕਾਰੀਆਂ ਵੱਲੋਂ ਝੋਨੇ ਦਾ ਖਰੀਦ ਟੀਚਾ ਪੂਰਾ ਹੋਣ ਦਾ ਦਾਅਵਾ ਕਰਦਿਆਂ ਇਸ ਖਰੀਦ ਨੂੰ ਬੰਦ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ



ਜਦੋਂ ਪੰਜਾਬ ਵਿਚ ਹਜ਼ਾਰ ਏਕੜ ਝੋਨੇ ਦੀ ਫ਼ਸਲ ਹੜ੍ਹਾਂ ਨਾਲ ਮਰ ਗਈ ਅਤੇ ਬੇਮੁਹਾਰੇ ਮੀਂਹਾਂ ਕਾਰਨ 15 ਤੋਂ 20 ਫੀਸਦੀ ਝੋਨੇ ਦਾ ਝਾੜ ਘੱਟ ਗਿਆ, ਫਿਰ ਇਹ ਟੀਚਾ ਪੂਰਾ ਕਿਵੇਂ ਹੋ ਗਿਆ। ਦਿਲਚਸਪ ਗੱਲ ਹੈ ਕਿ ਪੰਜਾਬ ਵਿੱਚ ਇਹ ਤੀਜੀ ਵਾਰ ਹੋਇਆ ਹੈ ਕਿ ਸਰਕਾਰ ਨੇ ਸਾਉਣੀ ਦੀ ਮੁੱਖ ਫ਼ਸਲ ਨੂੰ ਮੰਡੀਆਂ ਵਿਚ ਲਿਆਉਣ ਤੋਂ ਕਿਸਾਨਾਂ ਨੂੰ ਅੱਧ ਨਵੰਬਰ ਨੂੰ ਰੋਕਿਆ ਗਿਆ ਹੈ, ਪਹਿਲਾਂ ਇਹ ਖਰੀਦ 30 ਨਵੰਬਰ ਤੱਕ ਚੱਲਦੀ ਹੁੰਦੀ ਸੀ, ਪਰ ਐਂਤਕੀ ਸਰਕਾਰ ਨੇ ਇਸ ਖਰੀਦ ਨੂੰ 13 ਨਵੰਬਰ ਤੋਂ ਬੰਦ ਕੀਤਾ ਗਿਆ ਹੈ। ਜ਼ਿਲ੍ਹਾ ਆੜਤੀਆ ਐਸੋਸੀਏਸ਼ਨ ਦੇ ਪ੍ਰਧਾਨ ਮੁਨੀਸ਼ ਬੱਬੀ ਦਾਨੇਵਾਲੀਆ ਨੇ ਦੱਸਿਆ ਕਿ ਅਨੇਕਾਂ ਪਿੰਡਾਂ ਵਿਚ ਕਿਸਾਨਾਂ ਨੇ ਹਾੜੀ ਦੀ ਬਿਜਾਈ ਸਿਰ 'ਤੇ ਚੜ੍ਹਨ ਕਾਰਨ ਅਤੇ ਮੰਡੀਆਂ ਵਿਚ ਬਿਲਕੁਲ ਥਾਂ ਨਾ ਹੋਣ ਕਾਰਨ ਝੋਨੇ ਦੀ ਕਟਾਈ ਤੋਂ ਬਾਅਦ ਉਸ ਨੂੰ ਘਰਾਂ ਵਿਚ ਸੁੱਟ ਲਿਆ ਸੀ ਅਤੇ ਹੁਣ ਉਹ ਇਸ ਨੂੰ ਮੰਡੀ ਵਿਚ ਵੇਚਣ ਲਈ ਲਿਆਉਣਾ ਚਾਹੁੰਦੇ ਹਨ ਪਰ ਮੰਡੀਆਂ ਵਿਚ ਅਜੇ ਵੀ ਤਿੱਲ ਸੁੱਟਣ ਨੂੰ ਥਾਂ ਨਹੀਂ ਹੈ। ਭਾਰਤੀ ਕਿਸਾਨ ਯੂਨੀਅਨ ਮਾਲਵਾ ਅਤੇ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਵੱਲੋਂ ਅੱਜ ਪਿੰਡ ਮਾਨਬੀਬੜੀਆਂ ਦੇ ਖਰੀਦ ਕੇਂਦਰ ਵਿੱਚ ਟਰਾਲੀਆਂ 'ਚੋਂ ਝੋਨਾ ਲਾਹੁਣ ਤੋਂ ਇਨਕਾਰ ਕੀਤਾ ਗਿਆ ਤਾਂ ਉਨ੍ਹਾਂ ਨੇ ਇਕੱਠੇ ਹੋਕੇ ਚਿਤਾਵਨੀ ਦਿੱਤੀ ਕਿ ਜੇਕਰ ਝੋਨਾ ਨਾ ਖਰੀਦਿਆ ਗਿਆ ਤਾਂ ਉਹ ਸਰਕਾਰੀ ਏਜੰਸੀਆਂ ਦੇ ਅਧਿਕਾਰੀਆਂ ਦਾ ਵਿਰੋਧ ਕਰਨਗੇ।

### ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਐਕਸ਼ਨ ! 13,500 ਰੁਪਏ ਦੇ ਕੱਟੇ 5 ਚਾਲਾਨ

ਲੁਧਿਆਣਾ 23 ਨਵੰਬਰ। ਪੰਜਾਬ ਪ੍ਰਦੂਸ਼ਣ ਕੰਟਰੋਸਲ ਬੋਰਡ ਦੀ ਆਰ. ਓ.-1 ਟੀਮ ਨੇ ਨਗਰ ਕੌਂਸਲ ਮਾਛੀਵਾੜਾ ਦੇ ਸਹਿਯੋਗ ਨਾਲ ਸਮਰਾਲਾ ਤਹਿਸੀਲ 'ਚ ਪਾਬੰਦੀਸ਼ੁਦਾ ਸਿੰਗਲ ਯੂਜ਼ ਪਲਾਸਟਿਕ 'ਤੇ ਵੱਡੀ ਕਾਰਵਾਈ ਕੀਤੀ। ਟੀਮ ਨੇ ਬਾਜ਼ਾਰਾਂ 'ਚ ਦੁਕਾਨਾਂ ਅਤੇ ਠੇਲਿਆਂ 'ਤੇ ਜਾਂਚ ਕੀਤੀ, ਜਿਸ ਵਿਚ ਕਈ ਥਾਵਾਂ 'ਤੇ ਪਲਾਸਟਿਕ ਕੈਰੀ ਬੈਗ ਅਤੇ ਪਾਬੰਦੀਸ਼ੁਦਾ ਪਲਾਸਟਿਕ ਆਈਟਮਾਂ ਵਰਤੋਂ 'ਚ ਪਾਈਆਂ ਗਈਆਂ। ਕਾਰਵਾਈ ਦੌਰਾਨ ਕੁੱਲ 5 ਚਲਾਨ ਮੌਕੇ 'ਤੇ ਹੀ ਜਾਰੀ ਕੀਤੇ ਗਏ, ਜਿਨ੍ਹਾਂ ਦੀ ਕੁੱਲ ਰਾਸ਼ੀ 13500 ਰਹੀ। ਅਧਿਕਾਰੀਆਂ ਨੇ ਸਾਫ ਕਿਹਾ ਕਿ ਜ਼ਿਲੇ 'ਚ ਸਿੰਗਲ ਯੂਜ਼ ਪਲਾਸਟਿਕ 'ਤੇ ਪੂਰੀ ਤਰ੍ਹਾਂ ਪਾਬੰਦੀ ਲਾਗੂ ਹੈ ਅਤੇ ਇਸ ਦੀ ਉਲੰਘਣਾ ਕਿਸੇ ਵੀ ਹਾਲਤ 'ਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੁਹਿੰਮ ਦਾ ਮਕਸਦ ਇਲਾਕੇ 'ਚ ਵਾਤਾਵਰਣ ਅਨੁਕੂਲ ਆਦਤਾਂ ਨੂੰ ਬੜ੍ਹਾਵਾ ਦੇਣਾ ਅਤੇ ਪਲਾਸਟਿਕ ਪ੍ਰਦੂਸ਼ਣ ਰੋਕਣਾ ਹੈ। ਟੀਮ ਨੇ ਦੁਕਾਨਦਾਰਾਂ ਅਤੇ ਸਥਾਨਕ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਕਿਹਾ ਕਿ ਵਾਤਾਵਰਣ ਦੀ ਸੁਰੱਖਿਆ ਦੇ ਲਈ ਕੱਪੜੇ ਜਾਂ ਜੈਵ ਅਪਘਟਨੀਆ ਬੈਗ ਦੀ ਵਰਤੋਂ ਕੀਤੀ ਜਾਵੇ।

## ਭੀਲਵਾੜਾ 'ਚ ਗੈਰ-ਕਾਨੂੰਨੀ ਬਜਰੀ ਮਾਈਨਿੰਗ ਦੌਰਾਨ ਵੱਡਾ ਹਾਦਸਾ

ਨੈਸ਼ਨਲ ਡੈਸਕ 23 ਨਵੰਬਰ। ਭੀਲਵਾੜਾ ਜ਼ਿਲ੍ਹੇ 'ਚ ਕੋਠਾਰੀ ਨਦੀ ਦੇ ਕੰਢੇ ਤੋਂ ਗੈਰ-ਕਾਨੂੰਨੀ ਤੌਰ 'ਤੇ ਬਜਰੀ ਕੱਢਦੇ ਸਮੇਂ ਮਿੱਟੀ ਡਿੱਗਣ ਨਾਲ ਦੋ ਮਜ਼ਦੂਰਾਂ ਦੀ ਮੌਤ ਹੋ ਗਈ। ਪੁਲਸ ਦੇ ਅਨੁਸਾਰ ਇਹ ਹਾਦਸਾ ਸਦਰ ਥਾਣਾ ਖੇਤਰ ਵਿੱਚ ਕਾਮਧੇਨੂ ਬਾਲਾਜੀ ਮੰਦਰ ਦੇ ਨੇੜੇ ਉਸ ਸਮੇਂ ਵਾਪਰਿਆ ਜਦੋਂ ਕੁਝ ਮਜ਼ਦੂਰ ਬਜਰੀ ਇਕੱਠੀ ਕਰਨ ਲਈ ਟਰੈਕਟਰ-ਟਰਾਲੀ ਲੈ ਕੇ ਪਹੁੰਚੇ। ਅਧਿਕਾਰੀਆਂ ਨੇ ਦੱਸਿਆ ਕਿ ਖੁਦਾਈ ਦੌਰਾਨ ਬੱਜਰੀ ਦਾ ਇੱਕ ਵੱਡਾ ਢੇਰ ਅਚਾਨਕ ਡਿੱਗ ਗਿਆ, ਜਿਸ ਨਾਲ ਦੋ ਮਜ਼ਦੂਰ, ਦੀਪੂ ਸਿੰਘ ਅਤੇ ਪੂਰਨ ਬਾਗਰੀਆ, ਮਲਬੇ ਹੇਠ ਦੱਬ ਗਏ। ਸੂਚਨਾ ਮਿਲਣ 'ਤੇ ਸਦਰ ਪੁਲਿਸ ਦੀ ਇੱਕ ਟੀਮ ਮੌਕੇ 'ਤੇ ਪਹੁੰਚੀ ਅਤੇ ਇੱਕ ਜੇਸੀਬੀ ਦੀ ਵਰਤੋਂ ਕਰਕੇ ਲਗਭਗ ਅੱਧੇ ਘੰਟੇ ਬਾਅਦ ਲਾਸ਼ਾਂ ਨੂੰ ਬਾਹਰ ਕੱਢਿਆ। ਪੋਸਟਮਾਰਟਮ ਤੋਂ ਬਾਅਦ ਲਾਸ਼ਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਨੂੰ ਸੌਂਪ ਦਿੱਤਾ ਗਿਆ। ਸਦਰ ਪੁਲਸ ਸਟੇਸ਼ਨ ਦੇ ਇੰਚਾਰਜ ਕੈਲਾਸ਼ ਕੁਮਾਰ ਵਿਸ਼ਨੋਈ ਨੇ ਦੱਸਿਆ ਕਿ ਮਜ਼ਦੂਰ ਸਵੇਰੇ ਨਦੀ ਵਿੱਚ ਗੈਰ-ਕਾਨੂੰਨੀ ਬਜਰੀ ਮਾਈਨਿੰਗ ਕਰਨ ਗਏ ਸਨ ਜਦੋਂ ਇਹ ਹਾਦਸਾ ਵਾਪਰਿਆ। ਉਨ੍ਹਾਂ ਕਿਹਾ ਬਜਰੀ ਦਾ ਇੱਕ ਵੱਡਾ ਢੇਰ ਅਚਾਨਕ ਢਹਿ ਗਿਆ, ਜਿਸ ਨਾਲ ਦੋਵੇਂ ਮਜ਼ਦੂਰ ਦੱਬ ਗਏ। ਉਨ੍ਹਾਂ ਦੇ ਪਰਿਵਾਰਾਂ ਨੇ ਮੁਆਵਜ਼ੇ ਦੀ ਮੰਗ ਕੀਤੀ ਹੈ।

## ਭਾਰਤ 'ਚ ਲਗਭਗ 30 ਫੀਸਦੀ ਔਰਤਾਂ ਆਪਣੇ ਸਾਥੀ ਦੀ ਹਿੰਸਾ ਦਾ ਸ਼ਿਕਾਰ

ਜੇਨੇਵਾ 23 ਨਵੰਬਰ। ਭਾਰਤ 'ਚ ਸਾਲ 2023 ਵਿਚ 15-49 ਸਾਲ ਉਮਰ ਵਰਗ ਦੀਆਂ 5 'ਚੋਂ ਜ਼ਿਆਦਾ ਭਾਵ ਲਗਭਗ 20 ਫ਼ੀਸਦੀ ਔਰਤਾਂ ਨੂੰ ਆਪਣੇ ਸਾਥੀ ਦੀ ਹਿੰਸਾ ਦਾ ਸਾਹਮਣਾ ਕਰਨਾ ਪਿਆ, ਜਦੋਂ ਕਿ ਲਗਭਗ 30 ਫ਼ੀਸਦੀ ਔਰਤਾਂ ਆਪਣੇ ਜੀਵਨਕਾਲ 'ਚ ਅਜਿਹੀ ਹਿੰਸਾ ਤੋਂ ਪ੍ਰਭਾਵਿਤ ਹੋਈਆਂ ਹਨ। ਵਿਸ਼ਵ ਸਿਹਤ ਸੰਗਠਨ (ਡਬਲਿਊ. ਐੱਚ. ਓ.) ਦੀ ਇਕ ਨਵੀਂ ਗਲੋਬਲ ਰਿਪੋਰਟ 'ਚ ਇਹ ਜਾਣਕਾਰੀ ਦਿੱਤੀ ਗਈ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਦੁਨੀਆ ਭਰ 'ਚ ਲਗਭਗ 3 'ਚੋਂ ਇਕ ਵਿਅਕਤੀ ਭਾਵ ਲਗਭਗ 84 ਕਰੋੜ ਲੋਕ ਆਪਣੇ ਜੀਵਨਕਾਲ 'ਚ ਸਾਥੀ ਜਾਂ ਜਿਨਸੀ ਹਿੰਸਾ ਦਾ ਸ਼ਿਕਾਰ ਹੋਏ ਹਨ ਅਤੇ ਇਹ ਅੰਕੜਾ ਸਾਲ 2000 ਤੋਂ ਬਾਅਦ ਨਹੀਂ ਬਦਲਿਆ ਹੈ। ਇਸ 'ਚ ਕਿਹਾ ਗਿਆ ਹੈ ਕਿ ਦੁਨੀਆ ਭਰ 'ਚ 15-49 ਸਾਲ ਦੀ ਉਮਰ ਦੀਆਂ 8.4 ਫ਼ੀਸਦੀ ਔਰਤਾਂ ਨੂੰ ਗੈਰ-ਸਾਥੀ ਦੁਆਰਾ ਜਿਨਸੀ ਹਿੰਸਾ ਦਾ ਸਾਹਮਣਾ ਕਰਨਾ ਪਿਆ ਹੈ। ਭਾਰਤ 'ਚ ਅਨੁਮਾਨ 15 ਸਾਲ ਅਤੇ ਇਸ ਤੋਂ ਵੱਧ ਉਮਰ ਵਰਗ ਦੀਆਂ ਲਗਭਗ 4 ਫ਼ੀਸਦੀ ਔਰਤਾਂ ਨੂੰ ਗੈਰ-ਸਾਥੀ ਦੁਆਰਾ ਜਿਨਸੀ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਰਿਪੋਰਟ 168 ਦੇਸ਼ਾਂ 'ਤੇ ਆਧਾਰਿਤ ਹੈ ਅਤੇ ਇਹ '2000 ਅਤੇ 2023 'ਚ ਕੀਤੇ ਗਏ ਸਰਵੇਖਣਾਂ ਅਤੇ ਅਧਿਐਨਾਂ ਤੋਂ ਪ੍ਰਾਪਤ ਅੰਕੜਿਆਂ ਦੀ ਇਕ ਵਿਆਪਕ ਸਮੀਖਿਆ' ਹੈ।

### ਪੰਜਾਬ 'ਚ ਵੱਡਾ ਹਾਦਸਾ, ਪੀ. ਆਰ. ਟੀ. ਸੀ. ਅਤੇ ਇੰਡੋ ਕੈਨੇਡੀਅਨ ਬੱਸ ਵਿਚਾਲੇ ਜ਼ਬਰਦਸਤ ਟੱਕਰ

ਪਟਿਆਲਾ/ਰਾਜਪੁਰਾ 23 ਨਵੰਬਰ। ਪੀ. ਆਰ. ਟੀ. ਸੀ. ਦੀ ਬੱਸ ਅਤੇ ਇੰਡੋ ਕੈਨੇਡੀਅਨ ਬੱਸ ਦੀ ਅੱਜ ਭਿਆਨਕ ਟੱਕਰ ਹੋ ਗਈ। ਇਸ ਹਾਦਸੇ ਵਿਚ ਲਗਭਗ 15 ਸਵਾਰੀਆਂ ਜ਼ਖਮੀ ਹੋ ਗਈਆਂ, ਜਿਨ੍ਹਾਂ ਵਿਚ ਕੁੱਝ ਲੋਕਾਂ ਦੀ ਗੰਭੀਰ ਸੱਟਾਂ ਲੱਗੀਆਂ ਹਨ। ਇਹ ਹਾਦਸਾ ਰਾਜਪੁਰਾ ਦੇ ਗਗਨ ਚੌਂਕ ਨੇੜੇ ਵਾਪਰਿਆ। ਇਸ ਹਾਦਸੇ ਵਿਚ ਪੀ.ਆਰ.ਟੀ.ਸੀ. ਬੱਸ ਦੇ ਡਰਾਈਵਰ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ, ਜਿਸ ਨੂੰ ਪਟਿਆਲਾ ਇਲਾਜ ਲਈ ਭੇਜ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਬੱਸ ਦੇ ਕੰਡਕਟਰ ਦੇ ਵੀ ਸੱਟਾਂ ਲੱਗੀਆਂ ਹਨ ਤੇ ਤਿੰਨ ਜ਼ਖ਼ਮੀਆਂ ਨੂੰ ਪੀ.ਜੀ.ਆਈ., 10 ਨੂੰ ਰਜਿੰਦਰਾ ਸਰਕਾਰੀ ਹਸਪਤਾਲ ਵਿਚ ਇਲਾਜ ਲਈ ਭੇਜਿਆ ਗਿਆ ਹੈ। ਉਧਰ ਹਾਦਸੇ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਟੀਮ ਵੀ ਮੌਕੇ 'ਤੇ ਪਹੁੰਚ ਗਈ ਅਤੇ ਕਾਰਵਾਈ ਸ਼ੁਰੂ ਕਰ ਦਿੱਤੀ। ਪੁਲਸ ਮੁਤਾਬਕ ਹਾਦਸੇ ਦੇ ਕਾਰਣਾਂ ਦੀਜਾਂਚ ਕੀਤੀ ਜਾ ਰਹੀ ਹੈ। ਜਿਹੜੇ ਲੋਕ ਹਾਦਸੇ ਵਿਚ ਜ਼ਖਮੀ ਹੋਏ ਹਨ, ਉਨ੍ਹਾਂ ਦਾ ਇਲਾਜ ਵੱਖ-ਵੱਖ ਹਸਪਤਾਲਾਂ ਵਿਚ ਚੱਲ ਰਿਹਾ ਹੈ।

## ਕੋਰਟ ਨੇ 2013 ਦੇ ਅਗਵਾ ਅਤੇ ਜਬਰ ਜ਼ਿਨਾਹ ਮਾਮਲੇ 'ਚ ਵਿਅਕਤੀ ਨੂੰ ਕੀਤਾ ਬਰੀ

ਨੈਸ਼ਨਲ ਡੈਸਕ 23 ਨਵੰਬਰ। ਉੱਤਰ ਪ੍ਰਦੇਸ਼ ਦੇ ਕਲਿਆਣ ਜ਼ਿਲ੍ਹੇ ਸਥਿਤ ਫਾਸਟ ਟਰੈਕ ਨੇ 2013 ਦੇ ਇਕ ਮਾਮਲੇ 'ਚ ਨਾਬਾਲਗ ਕੁੜੀ ਦੇ ਅਗਵਾ ਅਤੇ ਜਬਰ ਜ਼ਿਨਾਹ ਦੇ ਦੋਸ਼ਾਂ ਤੋਂ 33 ਸਾਲਾ ਇਕ ਵਿਅਕਤੀ ਨੂੰ ਬਰੀ ਕਰ ਦਿੱਤਾ, ਕਿਉਂਕਿ ਇਸਤਗਾਸਾ ਪੱਖ ਉਸ ਤੋਂ ਪੁੱਛ-ਗਿੱਛ ਅਤੇ ਇਹ ਸਾਬਿਤ ਕਰਨ 'ਚ ਅਸਫ਼ਲ ਰਿਹਾ ਕਿ ਉਸ ਸਮੇਂ ਉਹ ਨਾਬਾਲਗ ਸੀ। ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ ਐਕਟ ਦੇ ਅਧੀਨ ਗਠਿਤ ਵਿਸ਼ੇਸ਼ ਅਦਾਲਤ ਨੇ ਜੱਜ ਵੀ.ਏ. ਪਾਤ੍ਰਾਵਾਲੇ ਨੇ ਤਿੰਨ ਨਵੰਬਰ ਨੂੰ ਰਿਤੇਸ਼ ਘਨਸ਼ਾਮ ਰੋਹਿਦਾਸ ਨੂੰ ਬਰੀ ਕਰ ਦਿੱਤਾ। ਕੁੜੀ ਦੇ ਪਿਤਾ ਨੇ 2013 'ਚ ਪੁਲਸ ਨਾਲ ਸੰਪਰਕ ਕਰ ਕੇ ਦਾਅਵਾ ਕੀਤਾ ਸੀ ਕਿ ਉਸ ਨੂੰ ਅਗਵਾ ਕਰ ਲਿਆ ਗਿਆ ਅਤੇ 15,000 ਰੁਪਏ ਦੀ ਫਿਰੌਤੀ ਮੰਗੀ ਗਈ। ਬਾਅਦ 'ਚ ਦੋਸ਼ੀ ਨੂੰ ਉੱਤਰ ਪ੍ਰਦੇਸ਼ ਸਥਿਤ ਉਸ ਦੇ ਜੱਜ ਸਥਾਨ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਕੁੜੀ ਨੂੰ ਮੁਕਤ ਕਰਵਾਇਆ ਗਿਆ। ਅਦਾਲਤ ਨੇ ਇਸਤਗਾਸਾ ਪੱਖ ਦੇ ਮਾਮਲੇ 'ਚ ਕਈ ਖਾਮੀਆਂ ਉਜਾਗਰ ਕੀਤੀਆਂ।



ਕੁੜੀ ਦੇ ਪਿਤਾ ਨੇ ਦਾਅਵਾ ਕੀਤਾ ਕਿ ਉਸ ਦੀ ਉਮਰ 15 ਸਾਲ ਸੀ ਪਰ ਉਹ ਉਸ ਦੀ ਜਨਮ ਤਰੀਕ ਦੱਸਣ 'ਚ ਅਸਫ਼ਲ ਰਹੇ ਅਤੇ ਇਸਤਗਾਸਾ ਪੱਖ ਨੇ ਇਹ ਸਾਬਿਤ ਕਰਨ ਲਈ ਕੋਈ ਦਸਤਾਵੇਜ਼ ਪੇਸ਼ ਨਹੀਂ ਕੀਤਾ ਕਿ ਉਹ ਨਾਬਾਲਗ ਸੀ। ਅਦਾਲਤ ਨੇ ਕਿਹਾ ਕਿ ਇਸ ਤੋਂ ਇਲਾਵਾ ਕੁੜੀ ਤੋਂ ਕਦੇ ਪੁੱਛ-ਗਿੱਛ ਨਹੀਂ ਕੀਤੀ ਗਈ, ਜਿਸ ਨਾਲ ਇਸਤਗਾਸਾ ਪੱਖ ਦਾ ਮਾਮਲਾ ਕਮਜ਼ੋਰ ਹੋ ਗਿਆ। ਅਦਾਲਤ ਨੇ ਕਿਹਾ,"ਮਹੱਤਵਪੂਰਨ ਗਵਾਹ ਪੀੜਤਾ ਹੀ ਹੁੰਦੀ। ਹਾਲਾਂਕਿ ਉਸ ਤੋਂ ਪੁੱਛ-ਗਿੱਛ ਨਹੀਂ ਕੀਤੀ ਗਈ। ਇਸਤਗਾਸਾ ਪੱਖ ਦੇ ਸਬੂਤਾਂ ਨੂੰ ਦੇਖਦੇ ਹੋਏ ਦੋਸ਼ੀ ਦਾ ਅਪਰਾਧ ਨਾਲ ਕੋਈ ਸੰਬੰਧ ਨਹੀਂ ਹੈ।" ਪੀੜਤਾ ਦੇ ਪਿਤਾ ਨੇ ਅਦਾਲਤ ਨੂੰ ਦੱਸਿਆ ਕਿ ਉਹ ਵਿਆਹੁਤਾ ਹੈ ਅਤੇ ਉਸ ਨੂੰ ਗਵਾਹੀ ਦੇਣ ਲਈ ਲਿਆਉਣ ਤੋਂ ਇਹ ਕਹਿੰਦੇ ਹੋਏ ਇਨਕਾਰ ਕਰ ਦਿੱਤਾ ਕਿ ਅਜਿਹਾ ਕਰਨ ਨਾਲ ਉਸ ਦਾ ਵਿਆਹੁਤਾ ਜੀਵਨ ਤਬਾਹ ਹੋ ਸਕਦਾ ਹੈ।" ਅਦਾਲਤ ਨੇ ਸੂਚਨਾ ਦੇਣ ਵਾਲੇ ਯਾਨੀ ਪੀੜਤਾ ਦੇ ਪਿਤਾ ਦੀ ਗਵਾਹੀ ਨੂੰ ਵਿਰੋਧੀ ਪਾਇਆ। ਇਸ ਤੋਂ ਇਲਾਵਾ ਇਹ ਸਾਬਿਤ ਕਰਨ ਲਈ ਕੋਈ ਫੋਰੈਂਸਿਕ ਸਬੂਤ ਨਹੀਂ ਸੀ ਕਿ ਕੁੜੀ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ।

### ਮਨੀਪੁਰ 'ਚ ਲਗਭਗ 18 ਏਕੜ ਗੈਰ-ਕਾਨੂੰਨੀ ਅਫੀਮ ਦੀ ਖੇਤੀ ਕੀਤੀ ਨਸ਼ਟ

ਨੈਸ਼ਨਲ ਡੈਸਕ 23 ਨਵੰਬਰ। ਸੁਰੱਖਿਆ ਬਲਾਂ ਨੇ ਮਨੀਪੁਰ ਦੇ ਚੁਰਾਚੰਦਪੁਰ ਅਤੇ ਤੇਂਗਨੋਪਲ ਜ਼ਿਲ੍ਹਿਆਂ ਵਿੱਚ ਲਗਭਗ 18 ਏਕੜ ਗੈਰ-ਕਾਨੂੰਨੀ ਅਫੀਮ ਦੀ ਖੇਤੀ ਤਬਾਹ ਕਰ ਦਿੱਤੀ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ, ਅਸਾਮ ਰਾਈਫਲਜ਼, ਜੰਗਲਾਤ ਵਿਭਾਗ ਅਤੇ ਨਾਰਕੋਟਿਕਸ ਐਂਡ ਬਾਰਡਰ ਅਫੇਅਰਜ਼ (ਐਨਏਬੀ) ਦੀ ਇੱਕ ਸਾਂਝੀ ਟੀਮ ਨੇ ਸ਼ੁੱਕਰਵਾਰ ਨੂੰ ਚੁਰਾਚੰਦਪੁਰ ਦੇ ਸੰਗਾਇਕੋਟ ਪੁਲਸ ਸਟੇਸ਼ਨ ਖੇਤਰ ਦੇ ਅਧੀਨ ਡੀ. ਲਹਿੰਗਜੋਲ ਪਿੰਡ ਵਿੱਚ ਇੱਕ ਕਾਰਵਾਈ ਕੀਤੀ। ਉਨ੍ਹਾਂ ਕਿਹਾ ਕਿ ਕਾਰਵਾਈ ਦੌਰਾਨ ਲਗਭਗ 18 ਏਕੜ ਅਫੀਮ ਦੀ ਖੇਤੀ, ਜਿਸ ਤੋਂ ਲਗਭਗ 40 ਕਿਲੋਗ੍ਰਾਮ ਅਫੀਮ ਪੈਦਾ ਹੋਣ ਦਾ ਅਨੁਮਾਨ ਹੈ, ਨੂੰ ਤਬਾਹ ਕਰ ਦਿੱਤਾ ਗਿਆ। ਅਧਿਕਾਰੀ ਨੇ ਕਿਹਾ ਕਿ ਸੁਰੱਖਿਆ ਬਲਾਂ ਨੇ, ਤੇਂਗਨੋਪਲ ਜ਼ਿਲ੍ਹਾ ਪ੍ਰਸ਼ਾਸਨ ਅਤੇ ਮਾਚੀ ਜੰਗਲਾਤ ਵਿਭਾਗ ਦੇ ਸਹਿਯੋਗ ਨਾਲ, ਸ਼ੁੱਕਰਵਾਰ ਨੂੰ ਮਾਚੀ ਪਹਾੜੀ ਸ਼੍ਰੇਣੀ ਵਿੱਚ ਲਗਭਗ 10 ਏਕੜ ਅਫੀਮ ਦੀ ਖੇਤੀ ਨੂੰ ਵੀ ਤਬਾਹ ਕਰ ਦਿੱਤਾ। ਰਾਜ ਸਰਕਾਰ ਨੇ ਪਹਿਲਾਂ ਹੀ ਵੱਡੇ ਪੱਧਰ 'ਤੇ ਅਫੀਮ ਦੀ ਖੇਤੀ ਵਿੱਚ ਸ਼ਾਮਲ ਲੋਕਾਂ ਵਿਰੁੱਧ ਚੇਤਾਵਨੀ ਜਾਰੀ ਕਰ ਦਿੱਤੀ ਸੀ।

# ਪੈਨਸ਼ਨ ਧਾਰਕਾਂ ਲਈ ਰਾਹਤ ਭਰੀ ਖ਼ਬਰ, ਹਾਈਕੋਰਟ ਨੇ ਜਾਰੀ ਕੀਤੇ ਸਖ਼ਤ ਹੁਕਮ

**ਕੌਮੀ ਪਤ੍ਰਿਕਾ**

ਚੰਡੀਗੜ੍ਹ 23 ਨਵੰਬਰ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪੈਨਸ਼ਨਰਾਂ ਦੇ ਹਿੱਤ 'ਚ ਇੱਕ ਮਹੱਤਵਪੂਰਨ ਫ਼ੈਸਲੇ 'ਚ ਕਿਹਾ ਹੈ ਕਿ 'ਵੱਧ ਭੁਗਤਾਨ' ਜਾਂ ਕਿਸੇ ਹੋਰ ਕਾਰਨ ਦਾ ਹਵਾਲਾ ਦਿੰਦੇ ਹੋਏ ਪਹਿਲਾਂ ਤੋਂ ਸੂਚਨਾ, ਸਹਿਮਤੀ ਜਾਂ ਨੋਟਿਸ ਤੋਂ ਬਿਨਾਂ ਪੈਨਸ਼ਨਾਂ ਵਿਚੋਂ ਕੋਈ ਵੀ ਕਟੌਤੀ ਨਾ ਸਿਰਫ਼ ਗੈਰ-ਕਾਨੂੰਨੀ ਹੈ, ਸਗੋਂ ਕੁਦਰਤੀ ਨਿਆਂ ਦੇ ਸਿਧਾਂਤਾਂ ਦੀ ਘੋਰ ਉਲੰਘਣਾ ਵੀ ਹੈ। ਇਸ ਸਬੰਧ 'ਚ ਸਖ਼ਤ ਰੁਖ਼ ਅਪਣਾਉਂਦੇ ਹੋਏ ਅਦਾਲਤ ਨੇ ਭਾਰਤੀ ਰਿਜ਼ਰਵ ਬੈਂਕ (ਆਰ. ਬੀ. ਆਈ.) ਨੂੰ ਹੁਕਮ ਦਿੱਤਾ ਹੈ ਕਿ ਉਹ ਸਾਰੇ ਏਜੰਸੀ ਬੈਂਕਾਂ ਨੂੰ ਪੈਨਸ਼ਨ ਖ਼ਾਤਿਆਂ ਵਿਚੋਂ ਇੱਕ ਪਾਸੜ ਜਾਂ ਅਚਾਨਕ ਕਟੌਤੀਆਂ ਨਾ ਕਰਨ ਲਈ ਸਪੱਸ਼ਟ ਨਿਰਦੇਸ਼ ਜਾਰੀ ਕਰੇ। ਪਟੀਸ਼ਨਕਰਤਾ ਨੇ ਕਿਹਾ ਕਿ ਪੰਜਾਬ ਨੈਸ਼ਨਲ ਬੈਂਕ ਨੇ ਬਿਨਾਂ ਕਿਸੇ ਪੂਰਵ ਸੂਚਨਾ ਜਾਂ ਚਿਤਾਵਨੀ ਦੇ ਉਨ੍ਹਾਂ ਦੇ ਪੈਨਸ਼ਨ ਖਾਤੇ ਵਿਚੋਂ 6,63,688 ਦੀ ਕਟੌਤੀ ਕੀਤੀ। ਬੈਂਕ ਨੇ ਦਾਅਵਾ ਕੀਤਾ ਕਿ ਇਹ 'ਵਾਧੂ ਪੈਨਸ਼ਨ' ਦੀ ਵਸੂਲੀ ਸੀ ਪਰ ਉਨ੍ਹਾਂ ਨੂੰ ਆਪਣੀ ਗੱਲ ਰੱਖਣ ਦਾ ਕੋਈ ਨੋਟਿਸ ਜਾਂ ਮੌਕਾ ਨਹੀਂ ਮਿਲਿਆ। ਸੁਣਵਾਈ ਦੌਰਾਨ ਜਸਟਿਸ ਹਰਪ੍ਰੀਤ ਬਰਾੜ ਨੇ ਕਿਹਾ ਕਿ ਪੈਨਸ਼ਨ ਇੱਕ ਸੇਵਾਮੁਕਤ ਕਰਮਚਾਰੀ ਦੀ ਜ਼ਿੰਦਗੀ ਦੇ ਆਖ਼ਰੀ ਪੜਾਵਾਂ ਵਿਚ ਉਸਦੀ ਵਿੱਤੀ ਸੁਰੱਖਿਆ ਦਾ ਸਭ ਤੋਂ ਮਹੱਤਵਪੂਰਨ ਥੰਮ ਹੈ। ਅਚਾਨਕ ਕਟੌਤੀਆਂ ਨਾ ਸਿਰਫ਼ ਉਸਦੀ ਯੋਜਨਾਵਾਂ ਵਿਚ ਵਿਘਨ ਪਾਉਂਦੀਆਂ ਹਨ, ਸਗੋਂ ਉਸਦੀ ਮਾਨਸਿਕ ਸਿਹਤ, ਮਾਣ ਅਤੇ ਸਥਿਰਤਾ 'ਤੇ ਵੀ ਮਾੜਾ ਪ੍ਰਭਾਵ ਪਾਉਂਦੀਆਂ ਹਨ। ਉਨ੍ਹਾਂ ਨੇ ਟਿੱਪਣੀ




ਕੀਤੀ ਕਿ ਜ਼ਿਆਦਾਤਰ ਪੈਨਸ਼ਨਰ ਡਾਕਟਰੀ ਇਲਾਜ, ਦਵਾਈਆਂ ਅਤੇ ਰੋਜ਼ਾਨਾ ਲੋੜਾਂ ਲਈ ਪੂਰੀ ਤਰ੍ਹਾਂ ਆਪਣੀ ਪੈਨਸ਼ਨ 'ਤੇ ਨਿਰਭਰ ਕਰਦੇ ਹਨ, ਇਸ ਲਈ ਬਿਨਾਂ ਨੋਟਿਸ ਦੇ ਅਜਿਹੀਆਂ ਭਾਰੀ ਕਟੌਤੀਆਂ ਉਨ੍ਹਾਂ ਦੇ ਜੀਵਨ ਦੇ ਬੁਨਿਆਦੀ ਮਿਆਰ ਨੂੰ ਵੀ ਪ੍ਰਭਾਵਤ ਕਰ ਸਕਦੀਆਂ ਹਨ। ਅਦਾਲਤ ਨੇ ਕਿਹਾ ਕਿ ਪੈਨਸ਼ਨਰ ਨੂੰ ਕੋਈ ਨੋਟਿਸ ਨਹੀਂ ਦਿੱਤਾ ਗਿਆ ਸੀ, ਨਾ ਹੀ ਕੋਈ ਸਪੱਸ਼ਟੀਕਰਨ ਮੰਗਿਆ ਗਿਆ ਸੀ। ਇਹ ਸੁਣਵਾਈ ਦਾ ਮੌਕਾ ਪ੍ਰਦਾਨ ਕਰਨ ਦੇ ਸਿਧਾਂਤ ਦੀ ਸਪੱਸ਼ਟ ਉਲੰਘਣਾ ਸੀ। ਆਰਬੀਆਈ ਦੇ ਮਾਸਟਰ ਸਰਕੂਲਰ ਦਾ ਹਵਾਲਾ ਦਿੰਦੇ ਹੋਏ, ਅਦਾਲਤ ਨੇ ਸਪੱਸ਼ਟ ਕੀਤਾ ਕਿ ਬੈਂਕਾਂ ਨੂੰ ਸਰਕਾਰ ਨੂੰ ਰਕਮ ਵਾਪਸ ਕਰਨ ਲਈ ਸਿਰਫ਼ ਉਨ੍ਹਾਂ ਮਾਮਲਿਆਂ ਵਿਚ ਹੀ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ ਜਿੱਥੇ ਗਲਤੀ ਬੈਂਕ ਦੀ ਹੈ। ਹਾਲਾਂਕਿ, ਜੇਕਰ ਗਲਤੀ ਕਿਸੇ ਸਰਕਾਰੀ ਵਿਭਾਗ ਦੀ ਹੈ, ਤਾਂ ਬੈਂਕ ਇੱਕਪਾਸੜ ਤੌਰ 'ਤੇ ਪੈਨਸ਼ਨ ਖਾਤੇ ਵਿਚੋਂ ਫੰਡ ਨਹੀਂ ਕੱਟ ਸਕਦਾ। ਅਦਾਲਤ ਨੇ ਬੈਂਕ ਦੀ ਕਾਰਵਾਈ ਨੂੰ 'ਮਨਮਾਨੀ ਅਤੇ ਪੂਰੀ ਤਰ੍ਹਾਂ ਗੈਰ-ਕਾਨੂੰਨੀ' ਕਰਾਰ ਦਿੱਤਾ। ਜਸਟਿਸ ਬਰਾੜ ਨੇ ਕਿਹਾ ਕਿ ਪੈਨਸ਼ਨ 'ਚ ਕੋਈ ਵੀ ਬਦਲਾਅ ਸਿਰਫ਼ ਸੀਮਤ ਹਾਲਾਤਾਂ ਵਿਚ ਹੀ ਕੀਤਾ ਜਾ ਸਕਦਾ ਹੈ, ਜਿਵੇਂ ਕਿ ਇੱਕ ਸਪੱਸ਼ਟ ਕਲੈਰੀਕਲ ਗਲਤੀ, ਅਤੇ ਅਜਿਹੇ ਮਾਮਲੇ ਵਿਚ ਵੀ ਪੈਨਸ਼ਨਰ ਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਉਸਦੀ ਸਹਿਮਤੀ ਲੈਣੀ ਚਾਹੀਦੀ ਹੈ। ਪਟੀਸ਼ਨ ਨੂੰ ਮਨਜ਼ੂਰੀ ਦਿੰਦੇ ਹੋਏ, ਹਾਈਕੋਰਟ ਨੇ ਨਾ ਸਿਰਫ਼ ਬੈਂਕ ਦੀ ਵੱਡੀ ਕਟੌਤੀ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ, ਸਗੋਂ ਬੈਂਕ ਅਤੇ ਸਬੰਧਿਤ ਵਿਭਾਗ ਨੂੰ 6 ਫ਼ੀਸਦੀ ਸਲਾਨਾ ਵਿਆਜ ਦੇ ਨਾਲ ਪੈਨਸ਼ਨਰ ਨੂੰ ਪੂਰੀ ਰਕਮ ਵਾਪਸ ਕਰਨ ਦਾ ਹੁਕਮ ਵੀ ਦਿੱਤਾ।

# ਯੁੱਧ ਨਸ਼ਿਆਂ ਵਿਰੁੱਧ': ਮੁਕਤਸਰ ਸਾਹਿਬ 'ਚ ਤਸਕਰ ਦੀ ਗੈਰ ਕਾਨੂੰਨੀ ਇਮਾਰਤ 'ਤੇ ਚੱਲਿਆ ਬੁਲਡੋਜ਼ਰ

**ਕੌਮੀ ਪਤ੍ਰਿਕਾ**

ਸ੍ਰੀ ਮੁਕਤਸਰ ਸਾਹਿਬ/ਗਿੱਦੜਬਾਹਾ 23 ਨਵੰਬਰ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿਚ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਲਗਾਤਾਰ ਜਾਰੀ ਹੈ। ਇਸੇ ਲੜੀ ਤਹਿਤ ਅੱਜ ਸਬ ਡਿਵੀਜ਼ਨ ਗਿੱਦੜਬਾਹਾ ਦੇ ਪਿੰਡ ਗੁਰੂਸਰ ਵਿਚ ਇਕ ਨਸ਼ਾ ਤਸਕਰ ਵਲੋਂ ਗੈਰ ਕਾਨੂੰਨੀ ਤਰੀਕੇ ਨਾਲ ਬਣਾਈ ਗਈ ਇਮਾਰਤ ਨੂੰ ਢਾਹਿਆ ਗਿਆ। ਇਸ ਮੌਕੇ ਸਿਵਲ ਪ੍ਰਸ਼ਾਸਨ ਦੀਪਕ ਭਾਰਦਵਾਜ਼ ਨੈਬ ਤਹਿਸੀਲਦਾਰ ਨੇ ਦੱਸਿਆ ਕਿ ਪੁਲਸ ਥਾਣਾ ਗਿੱਦੜਬਾਹਾ ਤਹਿਤ ਆਉਂਦੇ ਪਿੰਡ ਗੁਰੂਸਰ ਵਿਚ ਗੁਰਮੀਤ ਸਿੰਘ ਪੁੱਤਰ ਅੰਗਰੇਜ਼ ਸਿੰਘ ਅਤੇ ਅਮਨਦੀਪ ਕੌਰ ਪਤਨੀ ਗੁਰਮੀਤ ਸਿੰਘ ਵਾਸੀ ਪਿੰਡ ਗੁਰੂਸਰ ਵਲੋਂ ਛੱਪੜ ਵਾਲੇ ਖੂਹ ਦੇ ਨਜ਼ਦੀਕ ਗੈਰ ਕਾਨੂੰਨੀ ਤਰੀਕੇ ਨਾਲ ਇਕ ਇਮਾਰਤ ਬਣਾਈ ਗਈ ਸੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸਮਰੱਥ ਅਥਾਰਟੀ ਤੋਂ ਇਸ ਨੂੰ ਢਾਹੁਣ ਦੀਆਂ



ਹਦਾਇਤਾਂ ਪ੍ਰਾਪਤ ਕਰਕੇ ਪੁਲਸ ਵਿਭਾਗ ਤੋਂ ਮੌਕੇ 'ਤੇ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਮਦਦ ਲਈ ਗਈ ਸੀ। ਉਨ੍ਹਾਂ ਕਿਹਾ ਕਿ ਪੂਰੇ ਕਾਨੂੰਨੀ ਤਰੀਕੇ ਦੀ ਪਾਲਣਾ ਕਰਦਿਆਂ ਇਸ ਗੈਰ ਕਾਨੂੰਨੀ ਇਮਾਰਤ ਨੂੰ ਅੱਜ ਢਾਹਿਆ ਗਿਆ। ਇਸ ਮਾਮਲੇ ਵਿਚ ਐੱਸ.ਐੱਸ.ਪੀ ਸ੍ਰੀ ਮੁਕਤਸਰ ਸਾਹਿਬ ਡਾ. ਅਖਿਲ ਚੌਧਰੀ IPS ਨੇ ਦੱਸਿਆ ਕਿ ਗੁਰਮੀਤ ਸਿੰਘ ਤੇ ਨਸ਼ਾ ਤਸਕਰੀ ਦੇ 2 ਮੁਕੱਦਮੇ ਦਰਜ ਹਨ ਅਤੇ ਅਮਨਦੀਪ ਕੌਰ 'ਤੇ ਨਸ਼ਾ ਤਸਕਰੀ ਦੇ 3 ਮੁਕੱਦਮੇ ਦਰਜ ਹਨ। ਦੋਵਾਂ ਉੱਪਰ ਨਸ਼ਾ ਤਸਕਰੀ ਦੇ ਮੁਕੱਦਮੇ ਕੁੱਲ 5 ਦਰਜ ਹਨ। ਡਾ. ਅਖਿਲ ਚੌਧਰੀ ਆਈ.ਪੀ.ਐੱਸ ਐੱਸ.ਐੱਸ.ਪੀ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਮਿਸ਼ਨ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਜ਼ਿਲ੍ਹੇ ਵਿਚ ਵਿਆਪਕ ਪੱਧਰ 'ਤੇ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੇ ਕੋਈ ਵੀ ਨਸ਼ੇ ਵੇਚ ਕੇ ਜਾਇਦਾਦ ਬਣਾਏਗਾ ਉਸ ਨੂੰ ਅਟੈਚ ਕਰਵਾਇਆ ਜਾਵੇਗਾ। ਉਨ੍ਹਾਂ ਇਸ ਮੌਕੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਕੋਈ ਨਸ਼ੇ ਵੇਚਦਾ ਹੈ ਤਾਂ ਇਸ ਦੀ ਸੂਚਨਾ ਪੁਲਸ ਨੂੰ ਨਿਡਰ ਹੋ ਕੇ ਦਿੱਤੀ ਜਾਵੇ ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖਦੇ ਹੋਏ ਦੋਸ਼ੀਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਰੇਲਵੇ ਯਾਤਰੀਆਂ ਲਈ ਖੁਸ਼ਖਬਰੀ, ਹੁਣ ਚੱਲਣਗੀਆਂ ਸਪੈਸ਼ਲ ਐਕਸਪ੍ਰੈੱਸ ਟਰੇਨਾਂ

ਅੰਮ੍ਰਿਤਸਰ 23 ਨਵੰਬਰ। ਯੂ. ਪੀ. ਬਿਹਾਰ, ਪਟਨਾ ਸਾਹਿਬ ਜਾਣ ਵਾਲੇ ਰੇਲ ਯਾਤਰੀਆਂ ਦੀ ਸਹੂਲਤ ਨੂੰ ਧਿਆਨ 'ਚ ਰੱਖਦੇ ਹੋਏ ਰੇਲਵੇ ਨੇ ਅੰਮ੍ਰਿਤਸਰ-ਸਹਰਸਾ-ਅੰਮ੍ਰਿਤਸਰ ਅਤੇ ਅੰਮ੍ਰਿਤਸਰ-ਪਟਨਾ-ਅੰਮ੍ਰਿਤਸਰ ਰੂਟਾਂ 'ਤੇ ਵਿਸ਼ੇਸ਼ ਟ?ਰੇਨਾਂ ਚਲਾਉਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਰੂਟਾਂ 'ਤੇ ਇਹ ਟ?ਰੇਨਾਂ ਰੇਲ ਯਾਤਰੀਆਂ ਨੂੰ ਮਹੱਤਵਪੂਰਨ ਸਹੂਲਤ ਪ੍ਰਦਾਨ ਕਰਨਗੀਆਂ। ਜਾਣਕਾਰੀ ਅਨੁਸਾਰ ਰਿਜ਼ਰਵਡ ਸਪੈਸ਼ਲ ਐਕਸਪ੍ਰੈੱਸ ਟ?ਰੇਨ ਨੰਬਰ 04668, 23 ਨਵੰਬਰ (ਇਕ ਯਾਤਰਾ) ਨੂੰ ਅੰਮ੍ਰਿਤਸਰ ਤੋਂ ਸਹਰਸਾ ਲਈ ਰਵਾਨਾ ਹੋਵੇਗੀ। ਇਹ ਅੰਮ੍ਰਿਤਸਰ ਤੋਂ ਰਾਤ 8:10 ਵਜੇ ਰਵਾਨਾ ਹੋਵੇਗੀ ਅਤੇ ਲਗਭਗ 33 ਘੰਟੇ ਬਾਅਦ ਸਵੇਰੇ 5:30 ਵਜੇ ਸਹਰਸਾ ਰੇਲਵੇ ਸਟੇਸ਼ਨ 'ਤੇ ਪਹੁੰਚੇਗੀ। ਇਸੇ ਤਰ੍ਹਾਂ ਰਿਜ਼ਰਵਡ ਸਪੈਸ਼ਲ ਐਕਸਪ੍ਰੈੱਸ ਟ?ਰੇਨ ਨੰਬਰ 04667, 23 ਨਵੰਬਰ (ਇਕ ਯਾਤਰਾ) ਨੂੰ ਸਹਰਸਾ ਤੋਂ ਅੰਮ੍ਰਿਤਸਰ ਲਈ ਰਵਾਨਾ ਹੋਵੇਗੀ। ਇਹ ਰਾਖਵੀਂ ਵਿਸ਼ੇਸ਼ ਐਕਸਪ੍ਰੈੱਸ ਗੱਡੀ ਨੰਬਰ 04667 ਸਹਰਸਾ ਤੋਂ ਸਵੇਰੇ 07:30 ਵਜੇ ਰਵਾਨਾ ਹੋਵੇਗੀ ਅਤੇ ਲਗਭਗ 33 ਘੰਟੇ ਬਾਅਦ ਸ਼ਾਮ 17:00 ਵਜੇ ਅੰਮ੍ਰਿਤਸਰ ਪਹੁੰਚੇਗੀ। ਇਸ ਰਿਜ਼ਰਵਡ ਸਪੈਸ਼ਲ ਐਕਸਪ੍ਰੈੱਸ ਟਰੇਨ ਦੇ ਮੁੱਖ ਸਟਾਪੇਜ ਬਿਆਸ, ਜਲੰਧਰ ਸਿਟੀ, ਫਗਵਾੜਾ, ਢੰਡਾਰੀ ਕਲਾਂ, ਅੰਬਾਲਾ ਕੈਂਟ, ਯਮੁਨਾਨਗਰ ਜਗਾਧਰੀ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਸ਼ਾਹਜਹਾਨਪੁਰ, ਹਰਦੋਈ, ਆਲਮਨਗਰ, ਰਾਇਬਰੇਲੀ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ, ਘਾੜਿਆਣਾ, ਘਾੜਿਆਣਾ, ਸ਼ਹਿਰੀ ਅਹਿਰਾਣਾ, ਬਿਆਸਪੁਰ, ਸੋਨਪੁਰ, ਹਾਜੀਪੁਰ, ਸ਼ਾਹਪੁਰ ਪਟਵਾਰੀ, ਬਛਵਾੜਾ, ਬਰੌਨੀ, ਬੇਗੂਸਰਾਏ, ਖਗੜੀਆ ਅਤੇ ਮਾਨਸੀ ਰੇਲਵੇ ਸਟੇਸ਼ਨ ਹੋਣਗੇ। ਇਸੇ ਤਰ੍ਹਾਂ ਇਕ ਹੋਰ ਰਾਖਵੀਂ ਵਿਸ਼ੇਸ਼ ਐਕਸਪ੍ਰੈੱਸ ਰੇਲਗੱਡੀ ਨੰਬਰ 04670, 23 ਨਵੰਬਰ (ਇਕ ਯਾਤਰਾ) ਨੂੰ ਅੰਮ੍ਰਿਤਸਰ ਤੋਂ ਪਟਨਾ ਲਈ ਰਵਾਨਾ ਹੋਵੇਗੀ। ਇਹ ਟ?ਰੇਨ ਅੰਮ੍ਰਿਤਸਰ ਤੋਂ ਰਾਤ 8:10 ਵਜੇ ਰਵਾਨਾ ਹੋਵੇਗੀ ਅਤੇ ਲਗਭਗ 26 ਘੰਟੇ ਬਾਅਦ 8:40 ਵਜੇ ਪਟਨਾ ਪਹੁੰਚੇਗੀ। ਇਸੇ ਤਰ੍ਹਾਂ ਰਿਜ਼ਰਵਡ ਸਪੈਸ਼ਲ ਐਕਸਪ੍ਰੈੱਸ ਟ?ਰੇਨ ਨੰਬਰ 04669, 23 ਨਵੰਬਰ (ਇਕ ਯਾਤਰਾ) ਨੂੰ ਪਟਨਾ ਤੋਂ ਅੰਮ੍ਰਿਤਸਰ ਲਈ ਰਵਾਨਾ ਹੋਵੇਗੀ।

# ਜਲੰਧਰ ਨਿਗਮ ਕੌਂਸਲਰ ਹਾਊਸ ਦੀ ਮੀਟਿੰਗ 'ਚ 400 ਕਰੋੜ ਦਾ ਏਜੰਡਾ 4 ਮਿੰਟਾਂ 'ਚ ਪਾਸ

**ਕੌਮੀ ਪਤ੍ਰਿਕਾ**

ਜਲੰਧਰ 23 ਨਵੰਬਰ। ਜਲੰਧਰ ਨਗਰ ਨਿਗਮ ਦੇ ਕੌਂਸਲਰ ਹਾਊਸ ਦੀ ਦੂਜੀ ਮੀਟਿੰਗ ਮੰਗਲਵਾਰ ਮੇਅਰ ਵਿਨੀਤ ਧੀਰ ਦੀ ਪ੍ਰਧਾਨਗੀ ਵਿਚ ਆਯੋਜਿਤ ਹੋਈ। ਮੀਟਿੰਗ ਵਿਚ ਸੀਨੀਅਰ ਡਿਪਟੀ ਮੇਅਰ ਬਲਬੀਰ ਸਿੰਘ ਬਿੱਟੂ, ਡਿਪਟੀ ਮੇਅਰ ਮਲਕੀਤ ਸਿੰਘ, ਕਮਿਸ਼ਨਰ ਸੰਦੀਪ ਰਿਸ਼ੀ ਅਤੇ ਨਿਗਮ ਦੇ ਸਾਰੇ ਅਧਿਕਾਰੀ ਮੌਜੂਦ ਰਹੇ। ਸ਼ੁਰੂਆਤ ਵਿਚ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ 2 ਮਿੰਟ ਦਾ ਮੌਨ ਰੱਖਿਆ। 8 ਮਹੀਨਿਆਂ ਬਾਅਦ ਹੋ ਰਹੀ ਇਸ ਮਹੱਤਵਪੂਰਨ ਮੀਟਿੰਗ ਵਿਚ 13 ਕੌਂਸਲਰ ਹਾਜ਼ਰ ਹੀ ਨਹੀਂ ਹੋਏ। ਮੀਟਿੰਗ ਦੇ ਏਜੰਡੇ ਵਿਚ ਲਗਭਗ 400 ਕਰੋੜ ਰੁਪਏ ਦੇ ਪ੍ਰਸਤਾਵ ਸ਼ਾਮਲ ਸਨ ਪਰ ਕੌਂਸਲਰ ਹਾਊਸ ਨੇ ਪੂਰੇ ਏਜੰਡੇ ਨੂੰ ਪਾਸ ਕਰਨ ਵਿਚ 4 ਮਿੰਟ ਵੀ ਨਹੀਂ ਲਾਏ। ਇਸ ਤੋਂ ਇਹ ਸਾਫ਼ ਝਲਕਦਾ ਹੈ ਕਿ ਕੌਂਸਲਰ ਹਾਊਸ ਦੀਆਂ ਮੀਟਿੰਗਾਂ ਦਾ ਪ੍ਰਭਾਵ ਅਤੇ ਅਹਿਮੀਅਤ ਲਗਾਤਾਰ ਘਟਦੀ ਜਾ ਰਹੀ ਹੈ। ਮੇਅਰ ਨੇ ਮੀਟਿੰਗ ਦੀ ਸ਼ੁਰੂਆਤ ਵਿਚ ਹੀ ਸਾਰੇ ਮੈਂਬਰਾਂ ਨੂੰ ਸ਼ਾਂਤੀਪੂਰਵਕ ਬੈਠਣ, ਇਕ-ਦੂਜੇ ਦੀ ਗੱਲ ਸੁਣਨ ਅਤੇ ਸ਼ਹਿਰ ਦੇ ਹਿੱਤ ਵਿਚ ਚਰਚਾ ਕਰਨ ਦੀ ਅਪੀਲ ਕੀਤੀ। ਮੀਟਿੰਗ ਜ਼ੀਰੋ ਆਵਰ ਤੋਂ ਸ਼ੁਰੂ ਹੋਈ, ਜਿਸ ਵਿਚ ਵਧੇਰੇ ਕੌਂਸਲਰਾਂ ਨੇ ਸਿਰਫ਼ ਆਪਣੇ-ਆਪਣੇ ਵਾਰਡ ਪੱਧਰ ਦੇ ਮੁੱਦਿਆਂ 'ਤੇ ਹੀ ਚਰਚਾ ਕੀਤੀ। ਪੂਰਾ ਸੈਸ਼ਨ ਸ਼ਾਂਤੀਪੂਰਨ ਢੰਗ ਨਾਲ ਚੱਲਦਾ ਰਿਹਾ, ਹਾਲਾਂਕਿ ਆਖਿਰ ਵਿਚ ਹਲਕੀ ਨੋਕ-ਝੋਂਕ ਵੇਖਣ ਨੂੰ ਮਿਲੀ। ਪੂਰੀ ਮੀਟਿੰਗ ਦੌਰਾਨ ਵਿਰੋਧੀ ਧਿਰ ਬੇਅਸਰ ਦਿਸੀ ਅਤੇ ਆਮ ਆਦਮੀ ਪਾਰਟੀ ਨੂੰ ਘੇਰਨ ਵਿਚ ਅਸਫ਼ਲ ਸਾਬਤ ਹੋਈ। ਸੱਤਾ ਧਿਰ ਜਿੱਥੇ ਪੂਰੇ ਏਜੰਡੇ ਨੂੰ ਜਿਉਂ ਦਾ ਤਿਉਂ ਪਾਸ ਕਰਵਾਉਣਾ ਚਾਹੁੰਦੀ ਸੀ, ਉਥੇ ਹੀ ਵਿਰੋਧੀ ਧਿਰ ਬਰਲਟਨ ਪਾਰਕ ਉਦਘਾਟਨ ਸਮਾਰੋਹ 'ਤੇ ਹੋਏ ਲੱਗਭਗ ਪੌਣੇ 2 ਕਰੋੜ ਰੁਪਏ ਦੇ ਖਰਚ ਨੂੰ ਲੈ ਕੇ ਪੇਸ਼ ਪ੍ਰਸਤਾਵ ਨੂੰ ਰੱਦ ਕਰਵਾਉਣ 'ਤੇ ਅੜੀ ਹੋਈ ਸੀ। ਅਜਿਹੇ ਵਿਚ ਕੁਝ ਵਿਰੋਧ ਜ਼ਰੂਰ ਦੇਖਣ ਨੂੰ ਮਿਲਿਆ। ਜ਼ੀਰੋ ਆਵਰ ਦੀ ਸ਼ੁਰੂਆਤ ਕਾਂਗਰਸੀ ਕੌਂਸਲਰ ਪਵਨ ਕੁਮਾਰ ਤੋਂ ਹੋਈ। ਉਨ੍ਹਾਂ ਪੁੱਛਿਆ ਕਿ ਹਾਲ ਹੀ ਵਿਚ ਨਗਰ ਨਿਗਮ ਨੇ ਕਿੰਨੀ ਅਤੇ ਕਿਹੜੀ-ਕਿਹੜੀ ਮਸ਼ੀਨਰੀ ਖਰੀਦੀ ਹੈ। ਇਸ 'ਤੇ ਕਮਿਸ਼ਨਰ ਨੇ ਸਮਾਰਟ ਸਿਟੀ ਫੰਡ ਤਹਿਤ 42 ਕਰੋੜ ਰੁਪਏ ਨਾਲ ਖਰੀਦੀ ਗਈ ਪੂਰੀ ਮਸ਼ੀਨਰੀ ਦਾ ਬਿਓਰਾ ਦਿੱਤਾ। ਪਵਨ ਕੁਮਾਰ ਨੇ ਆਵਾਰਾ ਕੁੱਤਿਆਂ ਦੀ ਵਧਦੀ ਸਮੱਸਿਆ 'ਤੇ ਚਿੰਤਾ ਪ੍ਰਗਟਾਈ, ਜਿਸ 'ਤੇ ਮੇਅਰ ਨੇ ਕਿਹਾ ਕਿ ਉਨ੍ਹਾਂ ਦੇ ਕਾਰਜਭਾਰ ਸੰਭਾਲਣ ਦੇ ਬਾਅਦ ਨਸਬੰਦੀ ਦੀ ਸਮਰੱਥਾ 8 ਤੋਂ ਵਧਾ ਕੇ ਰੋਜ਼ਾਨਾ 30 ਕਰ ?ਦੱਤੀ ਗਈ ਹੈ, ਜਿਸ ਨੂੰ ਆਉਣ ਵਾਲੇ ਸਮੇਂ ਵਿਚ 100 ਤਕ ਪਹੁੰਚਾਉਣ ਦਾ ਟੀਚਾ ਹੈ ਅਤੇ ਇਸ ਦੀ ਲਗਾਤਾਰ ਮਾਨੀਟਰਿੰਗ ਵੀ ਕੀਤੀ ਜਾ ਰਹੀ ਹੈ। ਪਵਨ ਕੁਮਾਰ ਨੇ ਇਹ ਵੀ ਕਿਹਾ ਕਿ ਜਦੋਂ ਨਵੇਂ ਸਫ਼ਾਈ ਕਰਮਚਾਰੀ ਰੱਖੇ ਜਾਣ ਤਾਂ ਉਨ੍ਹਾਂ ਦੀ ਵਾਰਡ ਵੇਖ ਕੇ ਹੀ ਵੰਡ ਕੀਤੀ ਜਾਵੇ। ਵਿਰੋਧੀ ਧਿਰ ਦੇ ਆਗੂ ਅਤੇ ਭਾਜਪਾ ਕੌਂਸਲਰ ਮਨਜੀਤ ਸਿੰਘ ਟੀਟੂ ਨੇ ਮੇਅਰ 'ਤੇ ਧੱਕੇਸ਼ਾਹੀ ਦਾ ਦੋਸ਼ ਲਾਇਆ ਅਤੇ ਪੁੱਛਿਆ ਕਿ ਉਹ ਪੂਰੇ ਸ਼ਹਿਰ ਦੇ ਮੇਅਰ ਹਨ ਜਾਂ ਸਿਰਫ਼ ਵਾਰਡ ਨੰਬਰ 62 ਦੇ। ਟੀਟੂ ਨੇ ਕਿਹਾ ਕਿ ਇਕ ਹੀ ਪ੍ਰਸਤਾਵ ਵਿਚ ਮੇਅਰ ਦੇ



ਵਾਰਡ ਦੇ 17 ਕੰਮ ਸ਼ਾਮਲ ਹਨ ਪਰ ਉਨ੍ਹਾਂ ਦੇ ਵਾਰਡ ਦਾ ਇਕ ਵੀ ਕੰਮ ਉਸ ਵਿਚ ਨਹੀਂ ਪਾਇਆ ਗਿਆ। ਉਨ੍ਹਾਂ ਕਿਹਾ ਕਿ ਸ਼ਹਿਰ ਵਿਚ ਚੱਲ ਰਹੀਆਂ ਵਧੇਰੇ ਟਰੈਕਟਰ-ਟਰਾਲੀਆਂ ਨਾਜਾਇਜ਼ ਹਨ ਕਿਉਂਕਿ ਉਹ ਸਿਰਫ ਖੇਤੀ ਦੇ ਕੰਮ ਲਈ ਅਧਿਕਾਰਤ ਹਨ, ਉਨ੍ਹਾਂ ਨਾਲ ਕੂੜਾ ਢੋਇਆ ਨਹੀਂ ਜਾ ਸਕਦਾ। ਉਨ੍ਹਾਂ ਨਿਗਮ ਦੇ ਇਕ ਜੇ. ਈ. 'ਤੇ ਆਪਣੇ ਸਹੁਰੇ ਦੇ ਨਾਂ 'ਤੇ ਫਰਮ ਖੋਲ੍ਹ ਕੇ ਘਪਲਾ ਕਰਨ ਦਾ ਦੋਸ਼ ਲਾਇਆ, ਜਿਸ 'ਤੇ ਨਿਗਮ ਨੇ ਕੋਈ ਕਾਰਵਾਈ ਨਹੀਂ ਕੀਤੀ। ਟੀਟੂ ਨੇ ਕਿਹਾ ਕਿ ਮੰਤਰੀ ਨੇ 120 ਫੁੱਟੀ ਰੋਡ 'ਤੇ 1.80 ਕਰੋੜ ਦਾ ਕੰਮ ਪਾਸ ਕਰਵਾਇਆ ਪਰ ਇਸ ਨੂੰ ਨਾਜਾਇਜ਼ ਕਾਲੋਨੀ ਵਿਚ ਬਦਲ ਦਿੱਤਾ ਗਿਆ, ਜੋ ਇਕ ਵੱਡਾ ਘਪਲਾ ਹੈ। ਉਨ੍ਹਾਂ ਕਿਹਾ ਕਿ ਅੱਜ ਹਾਰੇ ਅਤੇ ਨਕਾਰੇ ਹੋਏ ਆਗੂਆਂ ਨੂੰ ਜਿੱਤੇ ਕੌਂਸਲਰਾਂ ਦੇ ਬਰਾਬਰ ਖੜ੍ਹਾ ਕੀਤਾ ਜਾ ਰਿਹਾ ਹੈ। ਇਹ ਰਾਜ-ਭਾਗ ਸਦਾ ਨਹੀਂ ਰਹਿਣ ਵਾਲਾ। ਟੀਟੂ ਨੇ ਕੁੰਡਲ ਕੋਆਪ੍ਰੇਟਿਵ ਸੋਸਾਇਟੀ ਵੱਲੋਂ 9.50 ਲੱਖ ਦੇ ਕੰਮ ਦੀ ਜਾਂਚ ਦੀ ਮੰਗ ਕੀਤੀ, ਜੋ ਸਿਰਫ 4.50 ਲੱਖ ਵਿਚ ਪੂਰਾ ਹੋ ਗਿਆ। ਉਨ੍ਹਾਂ ਨੇ ਕਿਹਾ ਕਿ ਨਿਗਮ ਵਿਚ ਆਏ 8 ਨਵੇਂ ਜੇ. ਈਜ਼ ਵਿਚ 2 ਪੰਜਾਬ ਦੇ ਅਤੇ 6 ਹਰਿਆਣਾ ਤੋਂ ਹਨ। ਜਵਾਬ ਵਿਚ ਮੇਅਰ ਨੇ ਦੱਸਿਆ ਕਿ ਗਲੋਬਲ ਕੰਸਟਰੱਕਸ਼ਨ ਦੇ ਸਾਰੇ ਕੰਮ ਰੱਦ ਕਰ ਦਿੱਤੇ ਗਏ ਹਨ ਅਤੇ 9 ਦਸੰਬਰ ਨੂੰ ਹੋਣ ਵਾਲੀ ਮੀਟਿੰਗ ?ਵਚ ਸਾਰੇ ਕੌਂਸਲਰਾਂ ਦੇ ਕੰਮਾਂ ਨੂੰ ਸ਼ਾਮਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਵਾਰਡ ਤੋਂ ਸਿਰਫ 1.75 ਕਰੋੜ ਰੁਪਏ ਦਾ ਕੰਮ ਹੀ ਇਸ ਏਜੰਡੇ ਵਿਚ ਸ਼ਾਮਲ ਹੈ। ਬੰਟੀ ਨੀਲਕੰਠ ਨੇ ਕਿਹਾ ਕਿ ਪਹਿਲਾਂ ਅਫਸਰਾਂ ਕੋਲ 5000 ਰੁਪਏ ਤਕ ਦਾ ਕੰਮ ਮਨਜ਼ੂਰ ਕਰਨ ਦੀ ਪਾਵਰ ਸੀ ਪਰ ਹੁਣ ਏਜੰਡੇ ਵਿਚ ਹੀ 5-5 ਲੱਖ ਰੁਪਏ ਦੇ 2.50 ਕਰੋੜ ਰੁਪਏ ਦੇ ਕੰਮ ਪਾ ਦਿੱਤੇ ਗਏ। ਉਨ੍ਹਾਂ ਦੋਸ਼ ਲਾਇਆ ਕਿ ਟਰਾਂਸਪੇਰੈਂਸੀ ਐਕਟ ਤਹਿਤ ਹੋ ਰਹੇ ਕੰਮਾਂ ਵਿਚ ਵੱਡਾ ਘਪਲਾ ਚੱਲ ਰਿਹਾ ਹੈ, ਜਿਸ ਦੀ ਜਾਂਚ ਹੋਣੀ ਚਾਹੀਦੀ ਹੈ। ਇਕ ਹੀ ਕੰਮ ਦੀਆਂ ਕਈ ਫਾਈਲਜ਼ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹਾਊਸ ਦੀ ਮੀਟਿੰਗ ਵਿਚ ਉੱਪਰੋਂ ਪਾਈਆਂ ਜਾਣ ਵਾਲੀਆਂ ਆਈਟਮਾਂ ਦੀ ਸੂਚਨਾ ਵੀ ਸਾਰਿਆਂ ਨੂੰ ?ਦੱਤੀ ਜਾਵੇ। ਉਨ੍ਹਾਂ ਕਿਹਾ ਕਿ ਪੀ. ਐਂਡ ਟੀ. ਕਾਲੋਨੀ ਵਿਚ ਨਿਗਮ ਦੀ ਕੀਮਤੀ ਜ਼ਮੀਨ 'ਤੇ ਕਬਜ਼ਾ ਹੈ, ਜਿਸ ਨੂੰ ਛੁਡਾਉਣ ਲਈ ਅਧਿਕਾਰੀ ਕੋਈ ਦਿਲਚਸਪੀ ਨਹੀਂ ਲੈ ਰਹੇ। ਬੰਟੀ ਨੇ ਪੁੱਛਿਆ ਕਿ ਸੁਪਰ-ਸਕਸ਼ਨ ਮਸ਼ੀਨਾਂ ਨਾਲ ਨਿਕਲਣ ਵਾਲੀ ਗਾਰ ਕਿੱਥੇ ਸੁੱਟੀ ਜਾ ਰਹੀ ਹੈ।